# ਵਤਨ

www.watanpunjabi.ca

ਜਨਵਰੀ-ਜੂਨ 2010

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ


| ਇਸ ਅੰਕ ਵਿੱਚ | | | ਸਫਾ |
|---|---|---|---|
| ਸੰਪਰਕ | | | 2 |
| ਸ਼ਰਧਾਂਜਲੀ | | | |
| | ਸਦਾ ਲਈ ਤੁਰ ਗਏ ਡਾ: ਹਰੀ ਸ਼ਰਮਾ ਨੂੰ ਸ਼ਰਧਾਂਜਲੀ | ਸੁਖਵੰਤ ਹੁੰਦਲ | 3 |
| ਕਵਿਤਾਵਾਂ | | | |
| | ਦੋ ਕਵਿਤਾਵਾਂ | ਉਕਾਂਰਪ੍ਰੀਤ | 10 |
| | ਆਭਾ ਰਾਠੌਰ ਦੀ ਵੇਦਨਾ ਦੇ ਨਾਮ | ਜਸਵੀਰ ਮੰਗੂਵਾਲ | 10 |
| | ਦੋ ਕਵਿਤਾਵਾਂ | ਹਰਪ੍ਰੀਤ ਬਰਾੜ ਤਰਕਸ਼ੀਲ | 11 |
| | ਜੇ ਭਗਤ ਸਿੰਘ ਸ਼ਹੀਦ ਨਾ ਹੁੰਦਾ | ਦਵਿੰਦਰ ਸਿੰਘ | 12 |
| | ਵਿਸ਼ਵੀਕਰਨ – ਅਵਿਸ਼ਵੀਕਰਨ | ਹਰਕੰਵਲਜੀਤ ਸਾਹਿਲ | 13 |
| | ਮਿਚੀ ਮੁੱਠੀ | ਕੁਲਦੀਪ ਸਿੰਘ ਬਾਸੀ | 14 |
| ਕਹਾਣੀਆਂ | | | |
| | ਰਿਲੇਅ ਰੇਸ | ਵਿਸ਼ਵਜੋਤੀ ਧੀਰ | 15 |
| | ਜੀਤਾਂ ਭੈਣ | ਰਣਬੀਰ ਜੌਹਲ | 26 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 29 |
| ਲੇਖ | | | |
| | ਸ਼ਹੀਦ ਭਗਤ ਸਿੰਘ | ਸਾਧੂ ਬਿਨਿੰਗ | 39 |
| | ਮੁਕਾਬਲਾ | ਸੁਖਦੇਵ ਸਿੱਧੂ | 42 |
| ਮੁਲਾਕਾਤ | | | |
| | ਤਾਂ ਕਿ ਸਨਦ ਰਹੇ (ਰਾਜਿੰਦਰ ਰਾਹੀ ਦਾ ਕੁਫ਼ਰ: ਸੁਰਿੰਦਰ ਧੰਜਲ ਨਾਲ ਮੁਲਾਕਾਤ) | ਸਤਵੰਤ ਦੀਪਕ | 46 |
| ਪ੍ਰਤੀਕਰਮ | | ਅਜਮੇਰ ਰੋਡੇ | 54 |
| | | ਹਰਪ੍ਰੀਤ ਬਰਾੜ | 55 |
| | | ਉਂਕਾਰਪ੍ਰੀਤ | 56 |
| | | ਹਰਨੇਕ ਧਾਲੀਵਾਲ | 56 |

## ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | shundal@sfu.ca | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---


## ਕਾਪੀਰਾਇਟ ਨੋਟਿਸ

ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ

---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.


---


## ਕੀਮਤ

ਔਨਲਾਈਨ www.watanpunjabi.ca ਮੁਫਤ।

ਪ੍ਰਿੰਟਿਡ ਕਾਪੀ ਇੱਕ ਅੰਕ: 5 ਡਾਲਰ

ਸਾਲਾਨਾ ਚੰਦਾ ਡਾਕ ਰਾਹੀਂ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ


ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸਾਰਾ ਦੇ ਨਾਂ ਬਣਾਉ।


---

ਸ਼ਰਧਾਂਜਲੀ

# ਸਦਾ ਲਈ ਤੁਰ ਗਏ ਡਾ: ਹਰੀ ਸ਼ਰਮਾ ਨੂੰ ਸ਼ਰਧਾਂਜਲੀ

**ਸੁਖਵੰਤ ਹੁੰਦਲ**



(1934 - 2010)

16 ਮਾਰਚ 2010 ਨੂੰ ਇਕ ਇਨਕਲਾਬੀ, ਮਾਰਕਸਵਾਦੀ, ਸਾਮਰਾਜ ਵਿਰੋਧੀ, ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਅਤੇ ਜ਼ਾਲਮਾਂ ਦੇ ਵਿਰੁੱਧ ਨਿਧੜਕਤਾ ਨਾਲ ਖੜ੍ਹਨ ਵਾਲੇ ਡਾ: ਹਰੀ ਸ਼ਰਮਾ ਦੇ ਸੰਘਰਸ਼ਮਈ ਜੀਵਨ ਦਾ ਅੰਤ ਹੋ ਗਿਆ। ਉਹਨਾਂ ਦੇ ਦੇਹਾਂਤ ਨਾਲ ਬੇਇਨਸਾਫੀ ਅਤੇ ਨਾਬਰਾਬਰੀ ਖਿਲਾਫ ਉੱਠਣ ਵਾਲੀ ਇਕ ਮਜ਼ਬੂਤ ਅਵਾਜ਼ ਚੁੱਪ ਹੋ ਗਈ ਹੈ। ਉਹਨਾਂ ਦੇ ਤੁਰ ਜਾਣ ਨਾਲ ਦੁਨੀਆ ਭਰ ਵਿੱਚ ਸਮਾਜਕ ਨਿਆਂ ਦੇ ਹੱਕ ਵਿੱਚ ਕੰਮ ਕਰਨ ਵਾਲੇ ਲੋਕਾਂ ਦੇ ਕਾਫਲੇ ਵਿੱਚੋਂ ਇਕ ਪ੍ਰਤੀਬੱਧ, ਸੂਝਵਾਨ ਆਗੂ ਅਤੇ ਅਣਥੱਕ ਕਾਮਾ ਵਿਛੜ ਗਿਆ ਹੈ। ਇਸ ਮੌਕੇ 'ਤੇ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਉਹਨਾਂ ਦੇ ਸੰਘਰਸ਼ ਅਤੇ ਸਮਾਜ ਵਿੱਚ ਪਾਏ ਯੋਗਦਾਨ ਦੀ ਇਹ ਸਖੇਪ ਕਹਾਣੀ ਪੇਸ਼ ਹੈ।

ਹਰੀ ਸ਼ਰਮਾ ਦਾ ਜਨਮ 16 ਮਾਰਚ 1934 ਨੂੰ ਉੱਤਰ ਪ੍ਰਦੇਸ਼ ਵਿੱਚ ਹੋਇਆ ਜਿੱਥੇ ਉਹਨਾਂ ਦੇ ਪਿਤਾ ਇਕ ਰੇਲਵੇ ਮੁਲਾਜ਼ਮ ਸਨ (ਉੱਝ ਉਹਨਾਂ ਦਾ ਪਰਿਵਾਰ ਹਰਿਆਣੇ ਤੋਂ ਹੈ)। ਆਗਰਾ ਯੂਨੀਵਰਸਿਟੀ ਤੋਂ ਬੀ ਏ ਕਰਨ ਬਾਅਦ ਉਹਨਾਂ ਨੇ ਕੁੱਝ ਸਮਾਂ ਹਿੰਦੁਸਤਾਨ ਦੇ ਕਸਟਮਜ਼ ਵਿਭਾਗ ਵਿੱਚ ਕਲਰਕ ਦੀ ਨੌਕਰੀ ਕੀਤੀ। 1958 ਵਿੱਚ ਉਹਨਾਂ ਨੇ ਇਹ ਨੌਕਰੀ ਛੱਡ ਦਿੱਤੀ ਅਤੇ ਕੁਝ ਸਮੇਂ ਲਈ ਹਿੰਦੁਸਤਾਨ ਦੇ ਪਿੰਡਾਂ ਦੀ ਯਾਤਰਾ ਕਰਨ ਨਿਕਲ ਪਏ। ਬਾਅਦ ਵਿੱਚ ਦਿੱਲੀ ਯੂਨੀਵਰਸਿਟੀ ਤੋਂ ਐਮ ਏ ਕਰਨ ਬਾਅਦ ਉਹ 1963 ਵਿੱਚ ਉੱਚ-ਵਿਦਿਆ ਲਈ ਅਮਰੀਕਾ ਆਏ। ਸੰਨ 1968 ਵਿੱਚ ਉਹਨਾਂ ਨੇ ਅਮਰੀਕਾ ਦੀ ਕੌਰਨਲ ਯੂਨੀਵਰਿਸਟੀ ਤੋਂ ਪੀ ਐਚ ਡੀ ਕੀਤੀ। ਥੋੜ੍ਹੀ ਦੇਰ ਯੂ ਸੀ ਐੱਲ ਏ ਵਿੱਚ ਪੜ੍ਹਾਉਣ ਤੋਂ ਬਾਅਦ ਸੰਨ 1968 ਵਿੱਚ

ਹੀ ਉਹ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਅਧਿਆਪਕ ਆ ਲੱਗੇ ਅਤੇ ਬਰਨਬੀ ਵਿੱਚ ਰਹਿਣ ਲੱਗੇ। ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਉਹ ਸੰਨ 1999 ਵਿੱਚ ਰੀਟਾਇਰ ਹੋਏ ਅਤੇ ਆਪਣੇ ਦੇਹਾਂਤ ਤੱਕ ਉਹ ਬਰਨਬੀ ਵਿੱਚ ਹੀ ਰਹੇ।

ਜਦੋਂ ਹਰੀ ਸ਼ਰਮਾ ਅਮਰੀਕਾ ਆਏ ਤਾਂ ਉਸ ਸਮੇਂ ਉੱਤਰੀ ਅਮਰੀਕਾ ਵਿੱਚ ਵੀਅਤਨਾਮ ਦੀ ਜੰਗ ਦਾ ਵਿਰੋਧ ਪੂਰੇ ਜੋਬਨ ਉੱਤੇ ਸੀ। ਉੱਤਰੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕ ਅਤੇ ਵਿਦਿਆਰਥੀ ਵੀਅਤਨਾਮ ਦੀ ਜੰਗ ਵਿਰੋਧੀ ਲਹਿਰ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ। ਹਰੀ ਸ਼ਰਮਾ ਵੀ ਇਸ ਲਹਿਰ ਵਿੱਚ ਸਰਗਰਮ ਹੋ ਗਏ। ਸ਼ਾਇਦ ਇਹ ਉੱਤਰੀ ਅਮਰੀਕਾ ਵਿੱਚ ਇਕ ਸਿਆਸੀ ਕਾਰਕੁੰਨ ਵਜੋਂ ਉਹਨਾਂ ਦੀ ਸ਼ੁਰੂਆਤ ਸੀ।

ਉਸ ਸਮੇਂ ਹਿੰਦੁਸਤਾਨ ਵਿੱਚ ਵੀ ਕਈ ਤਰ੍ਹਾਂ ਦੀਆਂ ਇਨਕਲਾਬੀ ਤਬਦੀਲੀਆਂ ਵਾਪਰ ਰਹੀਆਂ ਸਨ। ਨਕਸਲਬਾੜੀ ਲਹਿਰ ਦਾ ਜਨਮ ਹੋ ਚੁੱਕਾ ਸੀ। ਹਰੀ ਸ਼ਰਮਾ ਇਸ ਲਹਿਰ ਤੋਂ ਪ੍ਰਭਾਵਤ ਹੋਏ ਅਤੇ ਇਸ ਲਹਿਰ ਦੇ ਤੱਕੜੇ ਸਮਰਥਕ ਬਣ ਗਏ ਅਤੇ ਸਾਰੀ ਉਮਰ ਇਸ ਦੇ ਸਮਰਥਕ ਰਹੇ। ਉਸ ਸਮੇਂ ਦੀ ਸਰਕਾਰ ਨੇ ਨਕਸਲਬਾੜੀ ਲਹਿਰ ਵਿੱਚ ਸਰਗਰਮ, ਇਸ ਲਹਿਰ ਦੇ ਸਮਰਥਕ ਅਤੇ ਸਮਾਜਕ ਨਿਆਂ ਲਈ ਕੰਮ ਕਰਦੇ ਹੋਰ ਹਜ਼ਾਰਾਂ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ। ਨਤੀਜੇ ਵੱਜੋਂ 1970ਵਿਆਂ ਦੇ ਸ਼ੁਰੂ ਵਿੱਚ ਹਿੰਦੁਸਤਾਨ ਵਿੱਚ ਇਹਨਾਂ ਸਿਆਸੀਆਂ ਕੈਦੀਆਂ ਦੀ ਰਿਹਾਈ ਦੀ ਮੰਗ ਉੱਠਣ ਲੱਗੀ। ਸੰਨ 1973 ਵਿੱਚ ਸਿਆਸੀ ਕੈਦੀਆਂ ਦੀ ਹਾਲਤ ਵੱਲ ਧਿਆਨ ਦਿਵਾਉਣ ਲਈ ਹਰੀ ਸ਼ਰਮਾ ਲੰਡਨ ਵਿੱਚ ਐਮਨਿਸਟੀ ਇੰਟਰਨੈਸ਼ਨਲ ਅਤੇ ਜਨੇਵਾ ਵਿੱਚ ਕਮਿਸ਼ਨ ਆਫ ਜੂਰਿਸਟ ਕੋਲ ਗਏ ਅਤੇ ਉਹਨਾਂ ਨੇ ਯੂਨਾਈਟਿਡ ਨੇਸ਼ਨਜ਼ ਦੇ ਹਿਊਮਨ ਰਾਈਟਸ ਕਮਿਸ਼ਨ ਨੂੰ ਲਿਖਿਆ। ਅਪ੍ਰੈਲ 2008 ਨੂੰ ਹਿੰਦੁਸਤਾਨ ਵਿੱਚ ਮੌਜੂਦਾ ਸਿਆਸੀ ਕੈਦੀਆਂ ਦੀ ਹਾਲਤ ਬਾਰੇ ਹੋਈ ਇਕ ਕਾਨਫਰੰਸ ਨੂੰ ਭੇਜੇ ਇਕ ਸੁਨੇਹੇ ਵਿੱਚ ਹਰੀ ਸ਼ਰਮਾ ਨੇ 1973 ਦੇ ਆਪਣੇ ਤਜਰਬੇ ਬਾਰੇ ਇਸ ਤਰ੍ਹਾਂ ਲਿਖਿਆ ਹੈ:

> (ਹਿੰਦੁਸਤਾਨ ਬਾਰੇ) ਬਹੁਤ ਸਮਾਂ "ਵੱਡੇ ਲੋਕਤੰਤਰ" ਦੀ ਮਿੱਥ ਪ੍ਰਚੱਲਤ ਰਹੀ। ਮੈਨੂੰ ਯਾਦ ਹੈ ਕਿ ਜਦੋਂ ਐਮਨਿਸਟੀ ਇੰਟਰਨੈਸ਼ਨਲ ਦੇ ਲੰਡਨ ਦੇ ਦਫਤਰ ਵਿਚਲੇ ਅਫਸਰਾਂ ਨੂੰ ਕਲਕੱਤੇ ਵਿੱਚ ਸਥਿੱਤ ਐਸੋਸੀਏਸ਼ਨ ਫਾਰ ਦੀ ਪ੍ਰੋਟੈਕਸ਼ਨ ਆਫ ਡੈਮੋਕਰੈਟਿਕ ਰਾਈਟਸ ਅਤੇ ਲੀਗਲ ਏਡ ਕਮੇਟੀ ਵਲੋਂ ਹਿੰਦੁਸਤਾਨ ਵਿੱਚਲੇ ਹਜ਼ਾਰਾਂ "ਸਿਆਸੀ ਕੈਦੀਆਂ" ਬਾਰੇ ਤਿਆਰ ਕੀਤੀ ਸੂਚੀ ਦਿੱਤੀ ਗਈ ਸੀ ਤਾਂ ਉਹਨਾਂ ਨੇ ਕਿਸ ਤਰ੍ਹਾਂ ਦੀ ਦਹਿਲ ਭਰੀ ਹੈਰਾਨੀ ਦਾ ਪ੍ਰਗਟਾਵਾ ਕੀਤਾ ਸੀ। ਇਹ 1973 ਦੀ ਗੱਲ ਹੈ। ਛੇਤੀਂ ਹੀ ਉਹਨਾਂ ਨੂੰ ਆਪਣੀ ਜਾਂਚ ਨਾਲ ਇਸ ਬਾਰੇ ਪਤਾ ਚੱਲ ਗਿਆ ਸੀ। ਜਨੇਵਾ ਸਥਿੱਤ ਇੰਟਰਨੈਸ਼ਨਲ ਕਮਿਸ਼ਨ ਆਫ ਜੂਰਿਸਟ ਨੇ ਇਸ ਸਬੰਧ ਵਿੱਚ ਦਖਲ ਅੰਦਾਜ਼ੀ ਕੀਤੀ ਸੀ। ਇੱਥੋਂ ਤੱਕ ਕਿ 1973 ਵਿੱਚ ਯੂਨਾਈਟਿਡ ਨੇਸ਼ਨਜ਼ ਦੇ ਹਿਊਮਨ ਰਾਈਟਸ ਕਮਿਸ਼ਨ ਨੂੰ ਹਿੰਦੁਸਤਾਨ ਦੀ ਸਰਕਾਰ ਨੂੰ "ਸਿਆਸੀ ਕੈਦੀਆਂ" ਦੇ ਵਰਤਾਰੇ ਬਾਰੇ ਦੱਸਣ ਲਈ ਨੋਟਿਸ ਦੇਣ ਲਈ ਮਜ਼ਬੂਰ ਹੋਣਾ ਪਿਆ ਸੀ।

ਬਾਅਦ ਵਿੱਚ ਹਰੀ ਸ਼ਰਮਾ ਨੇ ਲੰਡਨ ਸਕੂਲ ਆਫ ਇਕਨਾਮਿਕਸ ਵਿੱਚਲੇ ਆਪਣੇ ਦੋਸਤ ਕਾਮਰੇਡ ਗੌਤਮ ਅੱਪਾ ਨਾਲ ਮਿਲ ਕੇ ਹਿੰਦੁਸਤਾਨ ਵਿੱਚ ਸਿਆਸੀ ਕੈਦੀਆਂ ਨਾਲ ਹੁੰਦੇ ਦੁਰਵਿਹਾਰ ਬਾਰੇ ਇਕ ਪਟੀਸ਼ਨ ਉੱਤੇ ਅੰਤਰਰਾਸ਼ਟਰੀ ਬੁੱਧੀਜੀਵੀਆਂ ਦੇ ਦਸਤਖਤ ਕਰਵਾਏ ਅਤੇ ਇਹ ਪਟੀਸ਼ਨ 15 ਅਗਸਤ 1974 ਨੂੰ ਵੈਨਕੂਵਰ ਸਥਿੱਤ ਹਿੰਦੁਸਤਾਨ ਦੇ ਕਾਊਂਸਲ ਜਨਰਲ ਨੂੰ ਪੇਸ਼ ਕੀਤੀ।

24 ਜੂਨ 1975 ਨੂੰ ਹਰੀ ਸ਼ਰਮਾ ਮਾਂਟਰੀਅਲ ਵਿੱਚ ਉੱਤਰੀ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਬੁੱਧੀਜੀਵੀਆਂ ਦੀ ਇਕ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਭਾਰਤ ਦੀ ਸਿਆਸਤ ਬਾਰੇ ਹੋਏ ਵਿਚਾਰ ਵਟਾਂਦਰੇ ਦੇ ਨਤੀਜੇ ਵੱਜੋਂ 25 ਜੂਨ 1975 ਨੂੰ ਇੰਡੀਅਨ ਪੀਪਲਜ਼ ਐਸੋਸੀਏਸ਼ਨ ਆਫ ਨਾਰਥ ਅਮਰੀਕਾ (ਇਪਾਨਾ) ਦਾ ਜਨਮ ਹੋਇਆ। ਇਤਫਾਕ ਨਾਲ ਉਸ ਹੀ ਦਿਨ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੰਸੀ ਦਾ ਐਲਾਨ ਕਰ ਦਿੱਤਾ। ਇਸ ਦੇ ਪ੍ਰਤੀਕਰਮ ਵਿੱਚ ਨਵੀਂ ਸਥਾਪਤ ਹੋਈ ਜਥੇਬੰਦੀ ਇਪਾਨਾ ਨੇ ਆਪਣਾ ਪਹਿਲਾ ਬਿਆਨ ਦਿੱਤਾ ਕਿ "ਐਮਰਜੰਸੀ ਦਾ ਐਲਾਨ ਭਾਰਤ ਦੇ ਲੋਕਾਂ ਉੱਪਰ ਫਾਸ਼ਿਸਟ ਡਿਕਟੇਟਰਸ਼ਿੱਪ ਦਾ ਠੋਸਿਆ ਜਾਣਾ ਹੈ।" ਮਾਂਟਰੀਅਲ ਤੋਂ ਵਾਪਸ ਆ ਕੇ ਹਰੀ ਸ਼ਰਮਾ ਨੇ ਇਪਾਨਾ ਦੀ ਵੈਨਕੂਵਰ ਦੀ ਇਕਾਈ ਦੀ ਸਥਾਪਨਾ ਕੀਤੀ। 15 ਅਗਸਤ 1975 ਨੂੰ ਇਪਾਨਾ ਦੀ ਵੈਨਕੂਵਰ ਦੀ ਇਕਾਈ ਨੇ ਵੈਨਕੂਵਰ ਦੇ ਭਾਰਤੀ ਕਾਉਂਸਲੇਟ ਜਨਰਲ ਦੇ ਦਫਤਰ ਅੱਗੇ ਐਮਰਜੰਸੀ ਵਿਰੁੱਧ ਮੁਜ਼ਾਹਰਾ ਕੀਤਾ।

ਜੂਨ 1976 ਵਿੱਚ ਇਪਾਨਾ ਦੀ ਉੱਤਰੀ ਅਮਰੀਕਾ ਦੀ ਪਹਿਲੀ ਕਨਵੈਨਸ਼ਨ ਵੈਨਕੂਵਰ ਵਿੱਚ ਕੀਤੀ ਗਈ। ਇਸ ਕਨਵੈਨਸ਼ਨ ਵਿੱਚ ਸੰਨ 1975 ਵਿੱਚ ਮਾਂਟਰੀਅਲ ਵਿੱਚ ਜੁੜੇ ਲੋਕ ਅਤੇ ਹੋਰ ਕਈ ਨਵੇਂ ਲੋਕ ਸ਼ਾਮਲ ਹੋਏ। ਵੈਨਕੂਵਰ ਵਿੱਚ ਇਹ ਕਨਵੈਨਸ਼ਨ ਕਰਵਾਉਣ ਲਈ ਹਰੀ ਸ਼ਰਮਾ ਅਤੇ ਵੈਨਕੂਵਰ ਇਕਾਈ ਦੇ ਦੂਸਰੇ ਮੈਂਬਰਾਂ ਨੇ ਅਹਿਮ ਭੂਮਿਕਾ ਨਿਭਾਈ। ਜੂਨ 1976 ਦੀ ਮੀਟਿੰਗ ਵਿੱਚ ਇਪਾਨਾ ਦਾ ਰਾਜਸੀ ਮਤਾ ਸੋਧ ਕੇ ਅਪਣਾਇਆ ਗਿਆ। ਇਸ ਮਤੇ ਅਨੁਸਾਰ ਇਪਾਨਾ ਦਾ ਮਕਸਦ ਉੱਤਰੀ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਅਤੇ ਦੂਸਰੇ ਲੋਕਾਂ ਵਿੱਚ ਹਿੰਦੁਸਤਾਨ ਦੇ ਲੋਕਾਂ ਦੀ ਅਸਲੀ "ਆਜ਼ਾਦੀ" ਲਈ ਅਤੇ ਹਿੰਦੁਸਤਾਨ ਵਿੱਚ ਵੱਡੇ ਜਾਗੀਰਦਾਰਾਂ ਅਤੇ ਪੂਜੀਪਤੀਆਂ ਵੱਲੋਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਵਿਰੁੱਧ ਚਲਦੇ ਘੋਲਾਂ ਲਈ ਹਿਮਾਇਤ ਪ੍ਰਾਪਤ ਕਰਨਾ ਸੀ। ਇਸ ਦੇ ਨਾਲ ਨਾਲ ਨਾਲ ਉੱਤਰੀ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਨਾਲ ਹੁੰਦੇ ਨਸਲੀ ਵਿਤਕਰੇ ਦਾ ਵਿਰੋਧ ਕਰਨਾ ਅਤੇ ਦੁਨੀਆਂ ਦੀਆਂ ਦੋਵੇਂ ਵੱਡੀਆਂ ਤਾਕਤਾਂ ਦੀ ਚੌਧਰ ਵਿਰੁੱਧ ਤੀਜੀ ਦੁਨੀਆਂ ਦੇ ਲੋਕਾਂ ਦੇ ਘੋਲਾਂ ਦੀ ਮਦਦ ਕਰਨਾ ਸੀ।

ਆਪਣੇ ਪਹਿਲੇ ਕੁਝ ਸਾਲਾਂ ਦੌਰਾਨ ਇਪਾਨਾ ਨੇ ਹਿੰਦੁਸਤਾਨ ਵਿੱਚਲੇ ਸਿਆਸੀ ਕੈਦੀਆਂ ਦੀ ਹਾਲਤ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਜਾਰੀ ਰੱਖਿਆ। ਸੰਨ 1976 ਵਿੱਚ ਇਪਾਨਾ ਨੇ ਇੰਗਲੈਂਡ ਦੀ ਨਾਗਰਿਕ ਮੈਰੀ ਟਾਈਲਰ ਨੂੰ ਉੱਤਰੀ ਅਮਰੀਕਾ ਦੇ ਦੌਰੇ ਉੱਤੇ ਸੱਦਿਆ। ਮੈਰੀ ਟਾਈਲਰ ਨੂੰ 1970 ਵਿੱਚ ਭਾਰਤ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੰਜ ਸਾਲ ਭਾਰਤੀ ਜੇਲ੍ਹਾਂ ਵਿੱਚ ਰਹਿਣ ਤੋਂ ਬਾਅਦ ਰਿਹਾ ਹੋਣ 'ਤੇ ਉਸ ਨੇ "ਭਾਰਤੀ ਜੇਲ੍ਹਾਂ ਵਿੱਚ ਪੰਜ ਵਰ੍ਹੇ" ਨਾਂ ਦੀ ਕਿਤਾਬ ਲਿਖੀ ਸੀ। ਉਸ ਦੀ ਕਿਤਾਬ ਦੇ ਸੰਬੰਧ ਵਿੱਚ ਇਪਾਨਾ ਨੇ ਉੱਤਰੀ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਮੀਟਿੰਗਾਂ ਕੀਤੀਆਂ ਅਤੇ ਹਿੰਦੁਸਤਾਨ ਵਿੱਚ ਸਿਆਸੀ ਕੈਦੀਆਂ ਦੀ ਸਥਿਤੀ ਬਾਰੇ ਉੱਤਰੀ ਅਮਰੀਕਾ ਦੇ ਲੋਕਾਂ ਨੂੰ ਦੱਸਣ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਦੇ ਨਾਲ ਨਾਲ ਇਪਾਨਾ ਹਿੰਦੁਸਤਾਨ ਵਿੱਚ ਲੱਗੀ ਐਮਰਜੰਸੀ ਵਿਰੁੱਧ ਵੀ ਅਵਾਜ਼ ਉਠਾਉਂਦੀ ਰਹੀ। ਇਸ ਸਭ ਕੁਝ ਵਿੱਚ ਹਰੀ ਸ਼ਰਮਾ ਨੇ ਇਕ ਸਰਗਰਮ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ। ਉਦਾਹਰਨ ਲਈ ਉਸ ਸਮੇਂ ਅਮਰੀਕਾ ਦੇ ਅੰਤਰਰਾਸ਼ਟਰੀ ਪੱਧਰ ਦੇ ਅਰਥ ਸ਼ਾਸਤਰੀ ਕੈਨਥ ਗੈਲਬਰਥ ਨੇ ਮਾਂਟਰੀਅਲ ਵਿੱਚ ਇਕ ਟੀ ਵੀ ਸਟੇਸ਼ਨ ਉੱਤੇ ਹਿੰਦੁਸਤਾਨ ਵਿੱਚ ਲਾਈ ਗਈ ਐਮਰਜੰਸੀ ਦੇ ਹੱਕ ਵਿੱਚ ਵਿਚਾਰ ਪੇਸ਼ ਕਰਨੇ ਸਨ।

ਗੈਲਬਰਥ ਦੀਆਂ ਦਲੀਲਾਂ ਦਾ ਜੁਆਬ ਦੇਣ ਲਈ ਹਰੀ ਸ਼ਰਮਾ ਉਸ ਟੀ ਵੀ ਪ੍ਰੋਗਰਾਮ ਤੇ ਪੇਸ਼ ਹੋਏ। ਐਮਰਜੰਸੀ ਦੀ ਏਨੀ ਦ੍ਰਿੜਤਾ ਨਾਲ ਵਿਰੋਧ ਕਰਨ ਦੀ ਸਜ਼ਾ ਦੇਣ ਲਈ ਇੰਦਰਾ ਗਾਂਧੀ ਦੀ ਸਰਕਾਰ ਨੇ ਹਰੀ ਸ਼ਰਮਾ ਦਾ ਪਾਸਪੋਰਟ ਵਾਪਸ ਲੈ ਲਿਆ। ਗਾਂਧੀ ਸਰਕਾਰ ਦੇ ਇਸ ਪ੍ਰਤੀਕਰਮ ਤੋਂ ਡਰ ਕੇ ਉਹ ਚੁੱਪ ਨਹੀਂ ਹੋਏ ਸਗੋਂ ਉਹਨਾਂ ਨੇ ਇਸ ਨੂੰ ਇਕ ਸਿਆਸੀ ਮੁੱਦਾ ਬਣਾ ਕੇ ਗਾਂਧੀ ਸਰਕਾਰ ਦੇ ਗੈਰ-ਲੋਕਤੰਤਰਿਕ ਚਿਹਰੇ ਨੂੰ ਨੰਗਾ ਕਰਨ ਲਈ ਵਰਤਿਆ।

ਸਥਾਨਕ ਪੱਧਰ ਉੱਤੇ 1970ਵਿਆਂ ਦੇ ਅਖੀਰ ਵਿੱਚ ਇਪਾਨਾ ਦੀ ਵੈਨਕੂਵਰ ਦੀ ਇਕਾਈ ਨੇ ਬੀ ਸੀ ਵਿੱਚ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਜਿੱਥੇ ਬੀ ਸੀ ਦੇ ਬਹੁਗਿਣਤੀ (80 ਫੀਸਦੀ ਦੇ ਲਗਭਗ) ਖੇਤ ਮਜ਼ਦੂਰ ਭਾਰਤੀ/ਪੰਜਾਬੀ ਪਿਛੋਕੜ ਦੇ ਸਨ, ਉੱਥੇ ਉਹਨਾਂ ਨੂੰ ਬਹੁਤ ਹੀ ਮਾੜੀਆਂ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਸੀ ਅਤੇ ਉਹਨਾਂ ਨੂੰ ਕੰਮ ਉੱਪਰ ਬਹੁਤ ਹੀ ਘੱਟ ਕਾਨੂੰਨੀ ਸੁਰੱਖਿਆਵਾਂ ਪ੍ਰਾਪਤ ਸਨ। ਇਪਾਨਾ ਨੇ ਖੇਤ ਮਜ਼ਦੂਰਾਂ ਦੀ ਲੁੱਟ ਬਾਰੇ ਸਥਾਨਕ ਭਾਰਤੀ ਅਤੇ ਵੱਡੀ ਕਮਿਊਨਿਟੀ ਵਿੱਚ ਗੱਲਬਾਤ ਚਲਾਈ ਅਤੇ ਖੇਤ ਮਜ਼ਦੂਰਾਂ ਲਈ ਸਮਰਥਨ ਪੈਦਾ ਕਰਨ ਵਿੱਚ ਕਾਮਯਾਬ ਹੋਈ। ਸੰਨ 1978 ਵਿੱਚ ਫਾਰਮਵਰਕਰਜ਼ ਆਰਗੇਨਾਈਜ਼ਿੰਗ ਕਮੇਟੀ ਅਤੇ ਸੰਨ 1980 ਵਿੱਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਸਥਾਪਨਾ ਕੀਤੀ ਗਈ। ਇਹ ਸਭ ਕਰਨ ਵਿੱਚ ਇਪਾਨਾ ਨੇ ਮਹੱਤਵਪੂਰਨ ਯੋਗਦਾਨ ਪਾਇਆ। ਬੇਸ਼ੱਕ ਯੂਨੀਅਨ ਦੀ ਸਥਾਪਨਾ ਤੋਂ ਬਾਅਦ ਉਸ ਸਮੇਂ ਦੀਆਂ ਸਥਿੱਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਪੂਰੀ ਤਰ੍ਹਾਂ ਸੋਚ ਸਮਝ ਕੇ ਇਪਾਨਾ ਅਤੇ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਿੱਚਕਾਰ ਇਕ ਵਿੱਥ ਰੱਖੀ ਗਈ, ਪਰ ਖੇਤ ਮਜ਼ਦੂਰਾਂ ਦੇ ਘੋਲ ਦੇ ਪਹਿਲੇ ਦਿਨਾਂ ਵਿੱਚ ਇਪਾਨਾ ਦੇ ਮੈਂਬਰਾਂ ਵੱਲੋਂ ਇਸ ਘੋਲ ਦੀ ਹਿਮਾਇਤ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਗਈ। ਹਰੀ ਸ਼ਰਮਾ ਨੇ ਖੇਤ ਮਜ਼ਦੂਰਾਂ ਦੀ ਸਮੱਸਿਆ ਨੂੰ ਸਮੁੱਚੀ ਕਨੇਡੀਅਨ ਮਜ਼ਦੂਰ ਜਮਾਤ ਦੇ ਘੋਲਾਂ ਦੇ ਸੰਦਰਭ ਵਿੱਚ ਰੱਖ ਕੇ ਵਿਸ਼ਲੇਸ਼ਣ ਕਰਨ ਵਿੱਚ ਵੱਡਾ ਯੋਗਦਾਨ ਪਾਇਆ। ਉਹਨਾਂ ਨੇ ਇਸ ਘੋਲ ਦੇ ਸੰਬੰਧ ਵਿੱਚ ਸਿਰਫ ਇਕ ਬੁੱਧੀਜੀਵੀ ਵਾਲਾ ਰੋਲ ਹੀ ਨਹੀਂ ਨਿਭਾਇਆ ਸਗੋਂ ਉਹ ਖੇਤ ਮਜ਼ਦੂਰਾਂ ਦੇ ਹੱਕ ਵਿੱਚ ਲਾਈਆਂ ਪਿਕਟ ਲਾਈਨਾਂ ਉੱਤੇ ਖੇਤ ਮਜ਼ਦੂਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੇ ਰਹੇ।

ਇਸ ਹੀ ਸਮੇਂ ਦੌਰਾਨ ਕੈਨੇਡਾ ਦੀ ਭਾਰਤੀ ਕਮਿਊਨਿਟੀ ਨੂੰ ਨਸਲਵਾਦ ਦਾ ਬਹੁਤ ਤੀਬਰਤਾ ਨਾਲ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਇਪਾਨਾ ਨੇ ਨਸਲਵਾਦ ਦੇ ਵਿਰੋਧ ਵਿੱਚ ਇਕ ਅਜਿਹੀ ਜਥੇਬੰਦੀ ਸਥਾਪਤ ਕਰਨ ਬਾਰੇ ਵਿਚਾਰ ਕੀਤਾ ਜਿਸ ਵਿੱਚ ਸਮਾਜ ਦੇ ਸਾਰੇ ਲੋਕਾਂ ਦੀ ਸ਼ਮੂਲੀਅਤ ਹੋਵੇ ਪਰ ਇਸ ਦੀ ਅਗਵਾਈ ਹਿੰਦੁਸਤਾਨੀ ਕਮਿਊਨਿਟੀ ਦੇ ਕੋਲ ਹੋਵੇ ਕਿਉਂਕਿ ਉਸ ਸਮੇਂ ਇਹ ਕਮਿਊਨਿਟੀ ਹੀ ਸਭ ਤੋਂ ਵੱਧ ਨਸਲਵਾਦ ਦਾ ਸ਼ਿਕਾਰ ਸੀ। ਨਤੀਜੇ ਵੱਜੋਂ 2 ਨਵੰਬਰ 1980 ਨੂੰ ਬ੍ਰਿਟਿਸ਼ ਕੋਲੰਬੀਆ ਆਰਗੇਨਾਈਜੇਸ਼ਨ ਟੂ ਫਾਈਟ ਰੇਸਿਸਜ਼ਮ (ਬੀ ਸੀ ਓ ਐੱਫ ਆਰ) ਦੀ ਸਥਾਪਨਾ ਕੀਤੀ ਗਈ। ਹਰੀ ਸ਼ਰਮਾ ਇਸ ਸੰਸਥਾ ਦੀ ਪਹਿਲੀ ਐਗਜ਼ੈਕਟਿਵ ਉੱਪਰ ਚੁਣੇ ਗਏ ਅਤੇ ਅਗਲੇ ਕਈ ਸਾਲ ਇਸ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਰਹੇ। ਇਹ ਸੰਸਥਾ ਬਹੁਤ ਹੀ ਛੇਤੀ ਹਿੰਦੁਸਤਾਨੀ ਅਤੇ ਵੱਡੀ ਕਮਿਊਨਿਟੀ ਦੀਆਂ ਅਗਾਂਹਵਧੂ ਜਥੇਬੰਦੀਆਂ ਦੀ ਹਿਮਾਇਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਈ ਅਤੇ ਇਸ ਨੇ ਆਉਣ ਵਾਲੇ ਸਾਲਾਂ ਵਿੱਚ ਬੀ ਸੀ ਦੇ ਨਸਲਵਾਦੀਆਂ ਨੂੰ ਭਰਵੀਂ ਟੱਕਰ ਦਿੱਤੀ।

ਆਮ ਲੋਕਾਂ ਨਾਲ ਨੇੜੇ ਦਾ ਰਿਸ਼ਤਾ ਬਣਾਉਣ ਲਈ ਇਪਾਨਾ ਨੇ ਸਭਿਆਚਾਰਕ ਸਰਗਰਮੀਆਂ ਨੂੰ ਆਪਣੇ ਕਾਰਜ ਖੇਤਰ ਦਾ ਹਿੱਸਾ ਬਣਾਇਆ। 1979 ਵਿੱਚ ਉਹਨਾਂ ਨੇ ਪੰਜਾਬੀ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਕੈਨੇਡਾ ਸੱਦਿਆ। ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਉਸ ਦੇ ਪ੍ਰੋਗਰਾਮ ਕਰਵਾਏ ਅਤੇ ਉਸ ਦੇ ਗੀਤਾਂ ਦਾ ਇਕ ਰਿਕਾਰਡ ਬਣਾਇਆ। ਉਦਾਸੀ ਦੀ ਅਵਾਜ਼ ਵਿੱਚ ਉਸ ਦੇ ਗੀਤਾਂ ਦਾ ਇਹ ਪਹਿਲਾ ਰੀਕਾਰਡ ਸੀ। ਸੰਨ 1983 ਵਿੱਚ ਇਪਾਨਾ ਨੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਕਨੇਡਾ ਸੱਦਿਆ। ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਉਹਨਾਂ ਦੇ ਪ੍ਰੋਗਰਾਮ ਕਰਵਾਉਣ ਦੇ ਨਾਲ ਨਾਲ, ਇਪਾਨਾ ਨੇ ਉਹਨਾਂ ਦੀ ਟੀਮ ਵੱਲੋਂ ਗਾਏ ਗੀਤਾਂ ਦਾ ਇਕ ਰੀਕਾਰਡ "ਛੱਟਾ ਚਾਨਣਾ ਦਾ" ਬਣਾਇਆ ਅਤੇ ਗੁਰਸ਼ਰਨ ਸਿੰਘ ਦੇ ਨਾਟਕ "ਚਾਂਦਨੀ ਚੌਕ ਤੋਂ ਸਰਹੰਦ ਤੱਕ" ਅਤੇ "ਮਿੱਟੀ ਦਾ ਮੁੱਲ" ਦੀ ਵੀਡੀਓ ਬਣਾਈ ਗਈ। ਜੇ ਅਸੀਂ ਇਹਨਾਂ ਸਾਰੀਆਂ ਰੀਕਾਰਡ ਹੋਈਆਂ ਚੀਜ਼ਾਂ ਨੂੰ ਉਸ ਸਮੇਂ ਦੇ ਸੰਦਰਭ ਵਿੱਚ ਦੇਖੀਏ ਜਦੋਂ ਰੀਕਾਰਡ ਕਰਨ ਦੀ ਤਕਨੌਲੋਜੀ ਅੱਜ ਵਾਂਗ ਆਮ ਨਹੀਂ ਸੀ ਤਾਂ ਸੌਖਿਆਂ ਹੀ ਕਿਹਾ ਜਾ ਸਕਦਾ ਹੈ ਕਿ ਇਸ ਸਭ ਚੀਜ਼ਾਂ ਰੀਕਾਰਡ ਕਰਵਾ ਕੇ ਇਪਾਨਾ ਅਤੇ ਹਰੀ ਸ਼ਰਮਾ ਨੇ ਪੰਜਾਬੀ ਅਤੇ ਸਮੁੱਚੇ ਭਾਰਤੀ ਇਨਕਲਾਬੀ ਸਭਿਆਚਾਰ ਵਿੱਚ ਕੀਮਤੀ ਯੋਗਦਾਨ ਪਾਇਆ ਸੀ।



(ਹਰੀ ਸ਼ਰਮਾ -1987 ਵਿੱਚ)

1980ਵਿਆਂ ਦੇ ਅੱਧ ਤੋਂ ਬਾਅਦ ਹਿੰਦੁਸਤਾਨ ਦੇ ਸਿਆਸੀ ਮਾਹੌਲ ਵਿੱਚ ਨਵੀਂਆਂ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਫਿਰਕਾਪ੍ਰਸਤ ਅਤੇ ਹਿੰਦੂਤਵ ਤਾਕਤਾਂ ਦਾ ਬੋਲਬਾਲਾ ਵਧਣ ਲੱਗਾ ਅਤੇ ਘੱਟਗਿਣਤੀਆਂ ਦੇ ਹੱਕਾਂ ਉੱਪਰ ਹਮਲੇ ਹੋਣ ਲੱਗੇ। ਇਸ ਮਾਹੌਲ ਵਿੱਚ ਸੰਨ 1987 ਵਿੱਚ ਹਰੀ ਸ਼ਰਮਾ ਦੀ ਅਗਵਾਈ ਵਿੱਚ ਇਪਾਨਾ ਨੇ ਵੈਨਕੂਵਰ ਵਿੱਚ ਕਾਮਨਵੈਲਥ ਦੇਸ਼ਾਂ ਦੇ ਮੁਖੀਆਂ ਦੀ ਹੋਈ ਇਕ ਕਾਨਫਰੰਸ ਦੇ ਸਮਾਂਤਰ ਇਕ ਹੋਰ ਕਾਨਫਰੰਸ ਦਾ ਪ੍ਰਬੰਧ ਕੀਤਾ। ਕਾਨਫਰੰਸ ਦਾ ਸਿਰਲੇਖ ਰੱਖਿਆ "ਭਾਰਤ ਵਿੱਚ ਤਾਕਤ ਦਾ ਕੇਂਦਰੀਕਰਨ ਅਤੇ ਘੱਟਗਿਣਤੀਆਂ ਨੂੰ ਖਤਰਾ।" ਭਾਰਤੀ ਜਨਤਾ ਪਾਰਟੀ ਦੇ ਐਮ ਪੀ ਸ਼ੁਹਾਬੂਦੀਨ ਨੂੰ ਇਸ ਕਾਨਫਰੰਸ ਵਿੱਚ ਬੋਲਣ ਲਈ ਇਕ ਮੁੱਖ ਬੁਲਾਰੇ ਵੱਜੋਂ ਸੱਦਿਆ ਗਿਆ। 7 ਅਕਤੂਬਰ 1987 ਨੂੰ ਓਟਾਵਾ ਸਿਟੀਜ਼ਨ ਵਿੱਚ ਹਰੀ ਸ਼ਰਮਾ ਅਤੇ ਚਿੰਨ ਬੈਨਰਜੀ ਦੇ ਨਾਂ ਹੇਠ ਛਪੇ ਇਕ ਆਰਟੀਕਲ ਵਿੱਚ ਇਸ ਕਾਨਫਰੰਸ ਕਰਵਾਉਣ ਦੇ ਮੰਤਵ ਬਾਰੇ ਇਸ ਤਰ੍ਹਾਂ ਲਿਖਿਆ ਸੀ:

> ਇਹ ਕਾਨਫਰੰਸ ਇਸ ਲਈ ਹੋ ਰਹੀ ਹੈ ਕਿਉਂਕਿ ਇਸ ਸਮੇਂ ਹਿੰਦੁਸਤਾਨ ਦਾ ਹਮੇਸ਼ਾਂ ਤੋਂ ਹੀ ਕਮਜ਼ੋਰ, ਨਾਜ਼ਕ ਅਤੇ ਰਸਮੀ ਲੋਕਤੰਤਰ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਾਰੀਆਂ ਧਾਰਮਿਕ, ਸਭਿਆਚਾਰਕ ਅਤੇ ਬੋਲੀ ਆਧਾਰਤ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨ, ਸਿੱਖ ਅਤੇ ਕ੍ਰਿਸਚੀਅਨ ਘੱਟਗਿਣਤੀਆਂ, ਉੱਪਰ ਹਮਲੇ ਹੋ ਰਹੇ ਹਨ। ਇਸ ਸਾਲ ਮਈ ਵਿੱਚ ਮੇਰਠ ਵਿੱਚ ਹਥਿਆਰਬੰਦ ਪੁਲਿਸ ਵੱਲੋਂ ਨਸਲਕੁਸ਼ੀ ਦੀ ਹੱਦ ਤੱਕ ਕੀਤੇ ਮੁਸਲਮਾਨਾਂ ਦੇ ਕਤਲੇਆਮ ਨੇ ਨਵੰਬਰ 1984 ਵਿੱਚ ਹੋਏ ਸਿੱਖਾਂ ਦੇ ਬੇਰਹਿਮ ਕਤਲੇਆਮ ਨੂੰ ਵੀ ਸ਼ਾਇਦ ਮਾਤ ਪਾ ਦਿੱਤਾ ਹੈ। ਪਰ ਮੇਰਠ, ਸਿਰਫ ਆਪਣੇ ਆਕਾਰ ਕਰਕੇ, ਹੀ ਉਭਰਵਾਂ ਹੈ। ਸਾਰਾ ਦੇਸ਼ ਹੀ ਘੱਟਗਿਣਤੀਆਂ ਵਲ ਸੇਧਿਤ ਫਿਰਕੂ ਹਿੰਸਾ ਦੇ ਭੰਵਰ ਵਿੱਚ ਘਿਰਿਆ ਹੋਇਆ ਹੈ।

ਅਗਲੇ ਕੁੱਝ ਸਾਲਾਂ ਦੌਰਾਨ ਹਿੰਦੁਸਤਾਨ ਵਿੱਚ ਘੱਟਗਿਣਤੀਆਂ ਵਿਰੁੱਧ ਹਮਲਿਆਂ ਦੀ ਗਿਣਤੀ ਅਤੇ ਹਿੰਦੂਤਵ ਤਾਕਤਾਂ ਦੀ ਸ਼ਕਤੀ ਵੱਧਦੀ ਗਈ। ਦਸੰਬਰ 1992 ਵਿੱਚ ਬਾਬਰੀ ਮਸਜਿਦ ਦੇ ਢਾਹੁਣ ਦੀ ਘਟਨਾ ਤੋਂ ਬਾਅਦ ਹਰੀ ਸ਼ਰਮਾ ਨੇ ਨੌਨ -ਰੈਜ਼ੀਡੈਂਟ ਇੰਡੀਅਨਜ਼ ਫਾਰ ਸੈਕੂਲਰਜ਼ਿਮ ਅਤੇ ਡੈਮੋਕਰੇਸੀ ਦੀ ਸਥਾਪਨਾ ਕੀਤੀ। ਇਸ ਸੰਸਥਾ ਦਾ ਮੁੱਖ ਮੰਤਵ ਭਾਰਤ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਕੰਮ ਕਰਨਾ ਸੀ। ਬਾਅਦ ਵਿੱਚ ਇਸ ਸੰਸਥਾ ਦਾ ਨਾਂ ਸਾਊਥ ਏਸ਼ੀਅਨਜ਼ ਨੈੱਟਵਰਕ ਫਾਰ ਸੈਕੂਲਰਜ਼ਿਮ ਐਂਡ ਡੈਮੋਕਰੇਸੀ (ਸੰਸਦ) ਰੱਖ ਦਿੱਤਾ ਗਿਆ ਅਤੇ ਹਿੰਦੁਸਤਾਨ ਦੀ ਥਾਂ ਸਮੁੱਚਾ ਦੱਖਣੀ ਏਸ਼ੀਆ ਇਸ ਦੇ ਧਿਆਨ ਦਾ ਕੇਂਦਰ ਬਣ ਗਿਆ। ਇਸ ਦਾ ਮਕਸਦ ਸੈਕੂਲਰਜ਼ਿਮ, ਮਨੁੱਖੀ ਅਧਿਕਾਰਾਂ ਅਤੇ ਸਮਾਜਕ ਇਨਸਾਫ ਦੇ ਆਧਾਰ ਉੱਤੇ ਸਮੁੱਚੇ ਦੱਖਣੀ ਏਸ਼ੀਆ ਦੇ ਖਿੱਤੇ ਵਿੱਚ ਅਮਨ ਅਤੇ ਲੋਕਤੰਤਰ ਲਈ ਕੰਮ ਕਰਨਾ ਹੋ ਗਿਆ। ਇਹਨਾਂ ਦੋਹਾਂ ਸੰਸਥਾਂਵਾਂ ਦੇ ਆਗੂ ਅਤੇ ਮੁੱਖ ਕਾਮੇ ਵੱਜੋਂ ਹਰੀ ਸ਼ਰਮਾ ਲਗਾਤਾਰ ਹਿੰਦੁਸਤਾਨ ਵਿੱਚ ਘੱਟਗਿਣਤੀਆਂ ਅਤੇ ਆਦਿਵਾਸੀਆਂ ਦੇ ਹੱਕਾਂ, ਭਾਰਤ ਅਤੇ ਪਾਕਿਸਤਾਨ ਵਿਚਕਾਰ ਅਮਨ, ਪਾਕਿਸਤਾਨ ਵਿੱਚ ਔਰਤਾਂ ਦੇ ਹੱਕਾਂ, ਕਸ਼ਮੀਰੀ ਲੋਕਾਂ ਦੇ ਮਨੁੱਖੀ ਅਧਿਕਾਰਾਂ, ਸ੍ਰੀ ਲੰਕਾ ਦੇ ਤਾਮਿਲ ਲੋਕਾਂ ਵਿਰੁੱਧ ਸਰਕਾਰ ਦੀਆਂ ਵਧੀਕੀਆਂ, ਭੂਪਾਲ ਗੈਸ ਕਾਂਡ ਦੇ ਪੀੜਤਾਂ ਦੇ ਹੱਕਾਂ ਅਤੇ ਵੱਡੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਉਹਨਾਂ ਦੀਆਂ ਆਗਿਆਕਾਰੀ ਸਰਕਾਰਾਂ ਵਲੋਂ ਹਿੰਦੁਸਤਾਨੀ ਲੋਕਾਂ ਦੀਆਂ ਜ਼ਮੀਨਾਂ ਅਤੇ ਵਸੀਲਿਆਂ ਨੂੰ ਹੜਪਣ ਦੀਆਂ ਕੋਸ਼ਿਸ਼ਾਂ ਵਿਰੁੱਧ ਲਗਾਤਾਰ ਅਵਾਜ਼ ਉਠਾਉਂਦੇ ਰਹੇ। ਆਮ ਲੋਕਾਂ ਨੂੰ ਇਹਨਾਂ ਮਸਲਿਆਂ ਬਾਰੇ ਚੇਤਨ ਕਰਨ ਲਈ ਮੀਟਿੰਗਾਂ, ਸੈਮੀਨਾਰਾਂ, ਕਾਨਫਰੰਸਾਂ, ਫਿਲਮ ਸ਼ੋਆਂ ਆਦਿ ਦਾ ਪ੍ਰਬੰਧ ਕਰਦੇ ਰਹੇ।

ਦਸੰਬਰ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਵਿਰੁੱਧ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਹਿੰਸਾ ਦਾ ਹਰੀ ਸ਼ਰਮਾ ਨੇ ਪੁਰਜ਼ੋਰ ਖੰਡਨ ਕੀਤਾ। ਇਸ ਦੇ ਨਤੀਜੇ ਵੱਜੋਂ ਹਿੰਦੁਸਤਾਨ ਦੀ ਸਰਕਾਰ ਨੇ ਉਹਨਾਂ ਨੂੰ ਹਿੰਦੁਸਤਾਨ ਜਾਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਇਕ ਵਾਰ ਫਿਰ ਹਰੀ ਸ਼ਰਮਾ ਹਿੰਦੁਸਤਾਨੀ ਸਰਕਾਰ ਦੇ ਇਸ ਪ੍ਰਤੀਕਰਮ ਕਰਨ ਡਰ ਕੇ ਝੁਕੇ ਨਹੀਂ ਸਗੋਂ ਇਸ ਨੂੰ ਇਕ ਸਿਆਸੀ ਮੁੱਦਾ ਬਣਾ ਕੇ ਹਿੰਦੁਸਤਾਨੀ ਸਰਕਾਰ ਦੇ ਗੈਰ-ਜਮੂਹਰੀ ਚਿਹਰੇ ਨੂੰ ਨੰਗਾ ਕਰਨ ਲਈ ਵਰਤਿਆ। ਬਾਅਦ ਵਿੱਚ ਉੜੀਸਾ ਵਿੱਚ ਹਿੰਦੂਤਵ ਤਾਕਤਾਂ ਵੱਲੋਂ ਕ੍ਰਿਸਚੀਅਨ ਲੋਕਾਂ ਉੱਪਰ ਕੀਤੇ ਹਮਲਿਆਂ ਵਿਰੁੱਧ ਹਰੀ ਸ਼ਰਮਾ ਨੇ ਡੱਟ ਕੇ ਅਵਾਜ਼ ਉਠਾਈ। ਹਿੰਦੁਸਤਾਨ ਵਿੱਚ ਵੱਖ ਵੱਖ ਘੱਟ ਗਿਣਤੀਆਂ ਉੱਪਰ ਲਗਾਤਾਰ ਹਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹਰੀ ਸ਼ਰਮਾ ਇਹ ਵਿਸ਼ਵਾਸ ਕਰਨ ਲੱਗੇ ਕਿ ਇਸ ਸਮੇਂ ਹਿੰਦੁਸਤਾਨ ਵਿੱਚ ਮੁੱਖ ਲੜਾਈ ਫਾਸ਼ੀ ਤਾਕਤਾਂ ਦਾ ਵਿਰੋਧ ਕਰਨਾ ਹੈ। ਨਵੰਬਰ 2008 ਵਿੱਚ ਸੰਸਦ ਵਲੋਂ ਭੇਜੀ ਇਕ ਈ ਮੇਲ ਵਿੱਚ ਉਹਨਾਂ ਇਸ ਤਰ੍ਹਾਂ ਲਿਖਿਆ ਸੀ:

> ਹਿੰਦੁਸਤਾਨ ਬਾਰੇ ਚਿੰਤਾ ਕਰਨ ਵਾਲੇ ਲੋਕਾਂ ਲਈ, ਮਸਲਾ ਸਿਰਫ ਕ੍ਰਿਸਚੀਅਨਾਂ ਜਾਂ ਮੁਸਲਮਾਨਾਂ ਦੇ ਹੱਕਾਂ ਦੀ ਰਾਖੀ ਕਰਨਾ ਹੀ ਨਹੀਂ, ਬੇਸ਼ੱਕ ਇਹ ਜ਼ਰੂਰ ਕਰਨੀ ਚਾਹੀਦੀ ਹੈ, ਸਗੋਂ ਫਾਸ਼ੀ ਤਾਕਤਾਂ ਦੇ ਖਤਰਨਾਕ ਵਾਧੇ ਦਾ ਵਿਰੋਧ ਕਰਨਾ ਹੈ, ਜਿਹਨਾਂ ਫਾਸ਼ੀ ਤਾਕਤਾਂ ਨੂੰ ਹਿੰਦੁਸਤਾਨ ਦੀ ਤਕਰੀਬਨ ਹਰ ਸਿਆਸੀ ਪਾਰਟੀ, ਹਿੰਦੁਸਤਾਨ ਦੇ ਵੱਡੇ ਸਰਮਾਏਦਾਰਾਂ ਅਤੇ ਸਾਮਰਾਜਵਾਦੀਆਂ ਦੀ ਹਿਮਾਇਤ ਪ੍ਰਾਪਤ ਹੈ। ਉਹ ਸਾਰੇ ਬਹੁਤ ਹੀ ਖੁਲੰਮ ਖੁੱਲ੍ਹੇ ਤਰੀਕੇ ਨਾਲ ਹਿੰਦੁਸਤਾਨ ਨੂੰ ਇਕ "ਹਿੰਦੂ ਰਾਸ਼ਟਰ" ਬਣਾਉਣ ਦੇ ਆਪਣੇ ਪ੍ਰੋਜੈਕਟ ਉੱਪਰ ਕੰਮ ਕਰ ਰਹੇ ਹਨ।

ਹਰੀ ਸ਼ਰਮਾ ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਸੁਖਾਂਵੇਂ ਸੰਬੰਧਾਂ ਦੇ ਬਹੁਤ ਵੱਡੇ ਸਮਰਥਕ ਸਨ। ਇਹਨਾਂ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਸਦਭਾਵਨਾ ਅਤੇ ਭਾਈਚਾਰੇ ਦਾ ਮਾਹੌਲ ਪੈਦਾ ਕਰਨ ਲਈ ਉਹ ਹਮੇਸ਼ਾਂ ਯਤਨ ਕਰਦੇ ਰਹਿੰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਇਹਨਾਂ ਦੋਹਾਂ ਦੇਸ਼ਾਂ ਦੇ ਲੋਕ ਹੀ ਇਹਨਾਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਅਮਨ ਅਤੇ ਸ਼ਾਂਤੀ ਬਣਾਏ ਰੱਖਣ ਲਈ ਮਜ਼ਬੂਰ ਕਰ ਸਕਦੇ ਸਨ। ਇਹਨਾਂ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚਕਾਰ ਭਰਾਤਰੀ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਅਤੇ ਇਹਨਾਂ ਦੇਸ਼ਾਂ ਦੇ ਹੁਕਮਰਾਨਾਂ ਤੱਕ ਇਹ ਸੁਨੇਹਾ ਪਹੁੰਚਾਉਣ ਲਈ ਕਿ ਉਹ ਆਪਸੀ ਮੱਤਭੇਦਾਂ ਨੂੰ ਸ਼ਾਂਤੀ ਅਤੇ ਗੱਲਬਾਤ ਨਾਲ ਨਜਿੱਠਣ ਵੱਲ ਰੁਚਿਤ ਹੋਣ, ਉਹ ਸਮੇਂ ਸਮੇਂ ਮੀਟਿੰਗਾਂ ਅਤੇ ਸੈਮੀਨਾਰ ਕਰਵਾਉਂਦੇ ਰਹਿੰਦੇ ਸਨ। ਦੋਹਾਂ ਦੇਸ਼ਾਂ ਵੱਲੋਂ ਪ੍ਰਮਾਣੂ ਬੰਬਾਂ ਦੇ ਟੈੱਸਟ ਕੀਤੇ ਜਾਣ ਬਾਅਦ ਉਹਨਾਂ ਵਿਚਕਾਰ ਪਰਮਾਣੂ ਹਥਿਆਰਾਂ ਦੀ ਦੌੜ ਦਾ ਖਤਰਾ ਦੇਖਦਿਆਂ ਉਹਨਾਂ ਨੇ ਅਕਤੂਬਰ 1998 ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ "ਨਿਊਕਲੀਅਰ ਟੈਰਰ ਇਨ ਦੀ ਇਕਾਨਮੀ ਆਫ ਸਕੇਰਸਿਟੀ (ਥੁੜ ਦੀ ਆਰਥਿਕਤਾ ਵਿੱਚ ਪ੍ਰਮਾਣੂ ਦਹਿਸ਼ਤ)" ਦੇ ਸਿਰਲੇਖ ਹੇਠ ਇਕ ਰੋਜ਼ਾ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਵਿੱਚ ਪਾਕਿਸਤਾਨ ਤੋਂ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਅਸਮਾ ਜਹਾਂਗੀਰ ਅਤੇ ਹਿੰਦੁਸਤਾਨ ਤੋਂ ਪੱਤਰਕਾਰ ਕੁਲਦੀਪ ਨਈਅਰ ਨੂੰ ਬੁਲਾਇਆ ਗਿਆ। ਇਸ ਹੀ ਸਮੇਂ ਹਰੀ ਸ਼ਰਮਾ ਨੇ 23 ਅਕਤੂਬਰ



(ਧੂੜ ਵਿੱਚ ਖਿੜ੍ਹਿਆ ਫੁੱਲ – ਫੋਟੋ ਹਰੀ ਸ਼ਰਮਾ)

1998 ਦੇ ਵੈਨਕੂਵਰ ਸੰਨ ਵਿੱਚ ਦੋਹਾਂ ਦੇਸ਼ਾਂ ਵਿਚਕਾਰ ਸ਼ੁਰੂ ਹੋਈ ਪ੍ਰਮਾਣੂ ਹਥਿਆਰਾਂ ਦੀ ਦੌੜ ਬਾਰੇ ਇਕ ਆਲੋਚਨਾਤਮਕ ਆਰਟੀਕਲ ਲਿਖਿਆ। ਉਹਨਾਂ ਲਿਖਿਆ ਕਿ "ਪ੍ਰਮਾਣੂ ਬੰਬ ਸਮੂਹਿਕ ਦਹਿਸ਼ਤ ਦੇ ਹਥਿਆਰ ਹਨ। ਹਿੰਦੁਸਤਾਨ ਅਤੇ ਪਾਕਿਸਤਾਨ ਦੇ ਹੁਕਮਰਾਨਾਂ ਵੱਲੋਂ ਪ੍ਰਾਪਤ ਕੀਤੇ ਇਹ ਹਥਿਆਰ ਉੱਥੇ ਪਹਿਲਾਂ ਹੀ ਮੌਜੂਦ ਦਮਨਕਾਰੀ ਅਤੇ ਫੌਜੀ ਨਿਜ਼ਾਮਾਂ ਨੂੰ ਹੋਰ ਮਜ਼ਬੂਤ ਕਰਨਗੇ।" ਹਰੀ ਸ਼ਰਮਾ ਦਾ ਵਿਚਾਰ ਸੀ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਆਪਸੀ ਲੜਾਈ ਦਾ ਖਹਿੜਾ ਛੱਡ ਕੇ ਆਪਣੇ ਦੇਸ਼ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਰੁਚਿਤ ਹੋਣਾ ਚਾਹੀਦਾ ਹੈ।

ਹਰੀ ਸ਼ਰਮਾ ਨੇ ਸਿਰਫ ਦੱਖਣੀ ਏਸ਼ੀਆਈ ਖਿੱਤੇ ਦੇ ਸ਼ੋਸ਼ਤ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਹੀ ਕੰਮ ਨਹੀਂ ਕੀਤਾ ਸਗੋਂ ਉਹ ਦੁਨੀਆ ਭਰ ਵਿੱਚ ਜ਼ੁਲਮ ਵਿਰੁੱਧ ਸੰਘਰਸ਼ ਕਰਦੇ ਲੋਕਾਂ ਨਾਲ ਖੜ੍ਹਦੇ ਰਹੇ। ਉਦਾਹਰਨ ਲਈ ਉਹ ਕੈਨੇਡਾ ਦੇ ਫਸਟ ਨੇਸ਼ਨਜ਼ ਲੋਕਾਂ, ਫਲਸਤਨੀਆਂ, ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਅਤੇ ਫਿਲਪੀਨੀ ਲੋਕਾਂ ਦੇ ਘੋਲਾਂ ਦੀ ਪੂਰੀ ਸਰਗਰਮੀ ਨਾਲ ਹਿਮਾਇਤ ਕਰਦੇ ਰਹੇ।

ਇਕ ਸਿਆਸੀ ਕਾਰਕੁੰਨ ਹੋਣ ਦੇ ਨਾਲ ਨਾਲ ਹਰੀ ਸ਼ਰਮਾ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਸਨ। ਉਹ ਹਿੰਦੀ ਦੇ ਵਧੀਆ ਕਹਾਣੀਕਾਰ ਅਤੇ ਇਕ ਨਿਪੁੰਨ ਫੋਟੋਗਰਾਫਰ ਸਨ। ਉੱਤਰੀ ਅਮਰੀਕਾ ਵਿੱਚ ਪੜ੍ਹਾਈ ਲਈ ਆਉਣ ਤੋਂ ਪਹਿਲਾਂ ਉਹਨਾਂ ਦੀਆਂ ਕਿੰਨੀਆਂ ਹੀ ਕਹਾਣੀਆਂ ਹਿੰਦੀ ਵਿੱਚ ਛੱਪ ਚੁੱਕੀਆਂ ਸਨ ਅਤੇ ਉਹ ਇਕ ਚੰਗੇ ਕਹਾਣੀਕਾਰ ਵਜੋਂ ਜਾਣੇ ਜਾਂਦੇ ਸਨ। ਇਕ ਲੰਮਾ ਅਰਸਾ ਪਹਿਲਾਂ ਲਿਖੀਆਂ ਉਹਨਾਂ ਦੀਆਂ ਕਹਾਣੀਆਂ ਅੱਜ ਵੀ ਹਿੰਦੀ ਸਾਹਿਤ ਵਿੱਚ ਜ਼ਿੰਦਾ ਹਨ। ਉਦਾਹਰਨ ਲਈ ਸੰਨ 2008 ਵਿੱਚ ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ ਨੇ ਉਹਨਾਂ ਦੀ ਕਹਾਣੀ ਵਾਪਸੀ ਉੱਪਰ ਆਧਾਰਤ ਇਕ ਨਾਟਕ ਤਿਆਰ ਕੀਤਾ ਅਤੇ ਖੇਡਿਆ।

ਬੇਸ਼ੱਕ ਹਰੀ ਸ਼ਰਮਾ ਕੋਈ ਪ੍ਰੋਫੈਸ਼ਨਲ ਫੋਟੋਗਰਾਫਰ ਨਹੀਂ ਸਨ ਫਿਰ ਵੀ ਉਹਨਾਂ ਨੇ ਹਿੰਦੁਸਤਾਨ ਦੇ ਲੋਕਾਂ ਦੇ ਜੀਵਨ ਅਤੇ ਸੰਘਰਸ਼ ਦੀਆਂ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ। ਇਹ ਤਸਵੀਰਾਂ ਕੈਨੇਡਾ ਵਿੱਚ ਕਈ ਪ੍ਰਦਰਸ਼ਨੀਆਂ ਵਿੱਚ ਦਿਖਾਈਆਂ ਗਈਆਂ। ਹਰੀ ਸ਼ਰਮਾ ਫੋਟੋਗਰਾਫੀ ਨੂੰ ਸਮਾਜ ਨੂੰ ਸਮਝਣ ਦੇ ਇਕ ਸਾਧਨ ਵਜੋਂ ਵਰਤਦੇ ਸਨ। ਸੰਨ 2000 ਵਿੱਚ ਆਪਣੀ ਫੋਟੋਗਰਾਫੀ ਬਾਰੇ ਲਿਖੇ ਇਕ ਆਰਟੀਕਲ – "ਸਸਪੈਂਡਿਡ ਇਨ ਟਾਈਮ ਐਂਡ ਸਪੇਸ: ਸਲਾਈਸਜ਼ ਆਫ ਲਾਈਫ" – ਵਿੱਚ ਉਹ ਲਿਖਦੇ ਹਨ:

> ਮੇਰੇ ਅੰਦਰ ਸਮਾਜ ਵਿਗਿਆਨੀ ਅਤੇ ਫੋਟੋਗ੍ਰਾਫਰ ਦਾ ਜਨਮ ਇਕ ਹੀ ਸਮੇਂ ਹੋਇਆ – ਚਾਲੀ ਸਾਲ ਪਹਿਲਾਂ। ਜਵਾਨੀ ਸਮੇਂ ਮੈਂ ਸੈਂਟਰਲ ਸਰਕਾਰ ਦੇ ਕਸਟਮਜ਼ ਵਿਭਾਗ ਵਿੱਚ ਘੱਟ ਤਨਖਾਹ ਵਾਲੀ ਨੌਕਰੀ ਛੱਡ ਕੇ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿੱਚ ਘੁੰਮਣ ਤੁਰ ਪਿਆ – ਆਪਣਾ ਦੇਸ਼ ਦੇਖਣ ਲਈ, ਇਸ ਨੂੰ ਸਮਝਣ ਲਈ। ਜਿਹੜੀਆਂ ਚੀਜ਼ਾਂ ਮੈਂ ਆਪਣੇ ਨਾਲ ਲੈ ਕੇ ਤੁਰਿਆ, ਉਹਨਾਂ ਵਿੱਚ ਇਕ ਸੀ ਸਸਤਾ ਜਾਪਾਨੀ ਕੈਮਰਾ (ਸ਼ਾਇਦ ਯਾਸ਼ੀਕਾ), ਜਿਹੜਾ ਕਿ ਮੈਨੂੰ ਵੱਢੀ ਦੇ ਤੌਰ 'ਤੇ ਇਕ ਇੰਪੋਰਟਰ ਨੇ ਦਿੱਤਾ ਸੀ, ਸਰਕਾਰੀ ਦਫਤਰ ਵਿੱਚ ਉਹਦੀ ਫਾਈਲ ਅੱਗੇ ਤੋਰਨ ਲਈ। ਇਹ 1958 ਦੀ ਗੱਲ ਹੈ।
>
> ਕਈ ਮਹੀਨਿਆਂ ਦੇ ਸਫਰ ਬਾਅਦ ਜਦੋਂ ਮੈਂ ਵਾਪਸ ਮੁੜਿਆ ਤਾਂ ਮੇਰੇ ਝੋਲੇ ਵਿੱਚ ਖਿੱਚੀਆਂ ਹੋਈਆਂ ਫੋਟੋਆਂ ਦੀਆਂ 120 ਰੀਲਾਂ ਸਨ ਅਤੇ ਮੇਰੇ ਕੋਲ ਹਿੰਦੁਸਤਾਨ ਦੀ ਗਰੀਬੀ, ਜਮਾਤੀ ਸੰਘਰਸ਼ਾਂ, ਜ਼ਮੀਨੀ ਸੰਬੰਧਾਂ, (ਲੋਕਾਂ ਦੀ) ਜ਼ਿੰਦਾ ਰਹਿਣ ਲਈ ਜੱਦੋਜਹਿਦ, ਅਤੇ ਖੁਸ਼ੀਆਂ ਅਤੇ ਸਵੈਮਾਨ ਨਾਲ ਭਰੀ ਜ਼ਿੰਦਗੀ ਬਾਰੇ ਬਹੁਤ ਸਾਰੀ ਸੂਝ ਸੀ। ਵਾਪਸ ਆ ਕੇ ਮੈਂ ਗਰੈਜੂਏਟ ਸਕੂਲ ਵਿੱਚ ਪੜ੍ਹਨ ਲੱਗ ਪਿਆ ਅਤੇ ਸਮਾਜ ਵਿਗਿਆਨੀ ਦੇ ਤੌਰ 'ਤੇ ਇਕ ਜ਼ਿੰਦਗੀ ਭਰ ਲੰਮੇ ਕੈਰੀਅਰ ਦੇ ਰਾਹ ਤੁਰ ਪਿਆ। ਪਰ ਕਦੇ ਵੀ ਕੈਮਰੇ ਨੇ ਮੇਰਾ ਸਾਥ ਨਹੀਂ ਛੱਡਿਆ। ਪਿਛਲੇ ਬਤਾਲੀ ਸਾਲਾਂ ਦੌਰਾਨ ਮੈਂ ਸਮਾਜਕ ਜੀਵਨ ਦੀਆਂ ਹਜ਼ਾਰਾਂ ਟੁਕੜੀਆਂ ਨੂੰ ਫੜਿਆ ਹੈ। ਮੈਂ ਕੁਦਰਤ ਅਤੇ ਨਿਰਜੀਵ ਵਸਤਾਂ ਦੀਆਂ ਫੋਟੋਆਂ ਵੀ ਖਿੱਚੀਆਂ ਹਨ। ਪਰ ਇਹ ਲੋਕ ਹੀ ਹਨ, ਆਪਣੇ ਰੋਜ਼ਾਨਾ ਸਮਾਜਕ ਜੀਵਨ ਵਿੱਚ, ਜਿਹੜੇ ਮੇਰੀ ਮੁੱਖ ਪ੍ਰੇਰਨਾ ਰਹੇ ਹਨ।

ਸਮਾਜ ਵਿਗਿਆਨ ਵਾਂਗ, ਫੋਟੋਗਰਾਫੀ ਮੇਰੇ ਲਈ ਸਮਾਜ ਨੂੰ ਸਮਝਣ, ਇਸ ਨੂੰ ਰਿਕਾਰਡ ਕਰਨ ਅਤੇ ਇਸ ਬਾਰੇ ਆਪਣੀ ਸਮਝ ਬਣਾਉਣ ਦਾ ਇਕ ਸਾਧਨ ਰਹੀ ਹੈ। ਇਸ ਜਿੱਚ ਕਰਨ ਵਾਲੀ ਸਚਾਈ ਦੇ ਬਾਵਜੂਦ ਕਿ ਮੈਂ ਫੋਟੋਗਰਾਫੀ ਵਿੱਚ ਕੋਈ ਰਸਮੀ ਸਿਖਲਾਈ ਨਹੀਂ ਲਈ, ਮੈਂ ਖੁਸ਼ ਹਾਂ ਕਿ ਮੈਂ ਇਸ ਨੂੰ ਇਕ ਸ਼ਕਤੀਸ਼ਾਲੀ ਸਾਧਨ ਵੱਜੋ ਅਸਰਦਾਇਕ ਢੰਗ ਨਾਲ ਵਰਤ ਸਕਿਆ ਹਾਂ।

ਅਕਾਦਮਿਕ ਖੇਤਰ ਵਿੱਚ ਉਹਨਾਂ ਨੇ ਸੰਨ 1973 ਵਿੱਚ ਕੈਥਲੀਨ ਗੋ ਦੇ ਨਾਲ ਮਿਲਕੇ 469 ਸਫੇ ਦੀ ਕਿਤਾਬ "ਇੰਪੀਰੀਅਲਿਜ਼ਮ ਐਂਡ ਰੈਵੂਲੂਸ਼ਨ ਇਨ ਸਾਊਥ ਏਸ਼ੀਆ" ਸੰਪਾਦਤ ਕੀਤੀ। ਇਸ ਕਿਤਾਬ ਵਿੱਚ ਦੱਖਣੀ ਏਸ਼ੀਆ ਦੇ ਵੱਖ ਵੱਖ ਖਿਤਿਆਂ ਨਾਲ ਸੰਬੰਧਤ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਇਨਕਲਾਬੀ ਪਾਰਟੀਆਂ ਨਾਲ ਸੰਬੰਧਤ ਲੋਕਾਂ ਦੀਆਂ ਲਿਖਤਾਂ ਸ਼ਾਮਲ ਹਨ। ਸੰਪਾਦਕਾਂ ਅਨੁਸਾਰ ਬੇਸ਼ੱਕ ਇਹਨਾਂ ਸਾਰੇ ਲੋਕਾਂ ਵਿੱਚ ਕਈ ਤਰ੍ਹਾਂ ਵੱਖਰੇਵੇਂ ਸਨ ਪਰ ਉਹ ਸਾਰੇ ਸਮਾਜਕ ਸਮੱਸਿਆਵਾਂ ਨੂੰ ਮਾਰਕਸਵਾਦੀ ਨਜ਼ਰੀਏ ਨਾਲ ਦੇਖਦੇ ਹਨ ਅਤੇ ਇਨਕਲਾਬੀ ਸਮਾਜਕ ਤਬਦੀਲੀ ਲਈ ਵਚਨਬੱਧ ਹਨ। ਇਸ ਕਿਤਾਬ ਵਿੱਚ ਛਪੇ ਆਪਣੇ ਲੇਖ ਵਿੱਚ ਹਰੀ ਸ਼ਰਮਾ ਨੇ ਹਿੰਦੁਸਤਾਨ ਵਿੱਚ ਹਰੇ ਇਨਕਲਾਬ ਦੀ ਆਮਦ ਅਤੇ ਅਸਰਾਂ ਦਾ ਵਿਸ਼ਲੇਸ਼ਣ ਕੀਤਾ ਹੈ। ਉਹਨਾਂ ਦੇ ਲੇਖ ਦਾ ਸਿਰਲੇਖ ਹੈ: "ਦੀ ਗਰੀਨ ਰੈਵੂਲੂਸ਼ਨ ਇਨ ਇੰਡੀਆ: ਪ੍ਰੀਲੂਡ ਟੂ ਰੈੱਡ ਵੰਨ?" ਭਾਵ "ਭਾਰਤ ਵਿੱਚ ਹਰਾ ਇਨਕਲਾਬ: ਲਾਲ ਇਨਕਲਾਬ ਦੀ ਭੂਮਿਕਾ?"। ਇਸ ਲੇਖ ਦੇ ਅਖੀਰ ਵਿੱਚ ਹਰੇ ਇਨਕਲਾਬ 'ਤੇ ਟਿੱਪਣੀ ਕਰਦਿਆਂ ਉਹਨਾਂ ਲਿਖਿਆ ਸੀ, ਕਿ "ਜੇ ਇਕ ਪ੍ਰਤੀਕ ਵੱਜੋਂ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੇਂਡੂ ਭਾਰਤ ਦੀ ਮੌਜੂਦਾ ਸਥਿਤੀ ਇਕ ਹਦਵਾਣੇ ਵਰਗੀ ਹੈ - ਬਾਹਰੋਂ ਹਰਾ ਅਤੇ ਅੰਦਰੋਂ ਲਾਲ। ਕੀ ਹਦਵਾਣਾ ਸੜ ਕੇ ਅਖੀਰ ਵਿੱਚ ਫੱਟ ਜਾਵੇਗਾ, ਅਤੇ ਸਾਰੀ ਲਾਲੀ ਅੰਜਾਈ ਜਾਵੇਗੀ ਜਾਂ ਇਸ ਨੂੰ ਸਹੀ ਸਮੇਂ ਕੱਟ ਲਿਆ ਜਾਵੇਗਾ, ਇਹ ਗੱਲ ਅਸਰਦਾਇਕ ਖੱਬੀ ਲੀਡਰਸ਼ਿੱਪ ਉੱਤੇ ਨਿਰਭਰ ਕਰਦੀ ਹੈ। ਪਰ ਇਸ ਦੇ ਆਸਾਰ ਇਸ ਸਮੇਂ ਬਹੁਤੇ ਆਸ਼ਾਜਨਕ ਨਹੀਂ।"

1984-87 ਵਿਚਕਾਰ ਓਰਲ ਹਿਸਟਰੀ ਦੇ ਇਕ ਪ੍ਰੋਜੈਕਟ ਅਧੀਨ ਉਹਨਾਂ ਕੈਨੇਡਾ ਦੇ ਵੀਹ ਕੁ ਮੋਢੀ ਪੰਜਾਬੀ ਕੈਨੇਡੀਅਨਾਂ ਨਾਲ ਇੰਟਰਵੀਊਆਂ ਕੀਤੀਆਂ। ਇਹ ਪੰਜਾਬੀ ਕੈਨੇਡੀਅਨ 1912-1938 ਵਿਚਕਾਰ ਕੈਨੇਡਾ ਆਏ ਸਨ। ਇਹਨਾਂ ਵਿੱਚ ਡਾ: ਡੀ ਪੀ ਪਾਂਡੀਆ, ਦਰਸ਼ਨ ਸਿੰਘ ਕੈਨੇਡੀਅਨ, ਰਣਜੀਤ ਸਿੰਘ ਹਾਲ, ਕੁਲਦੀਪ ਸਿੰਘ ਬੈਂਸ ਵਰਗੇ ਜਾਣੇ ਪਛਾਣੇ ਲੋਕਾਂ ਨਾਲ ਕੀਤੀਆਂ ਇੰਟਰਵੀਊਆਂ ਸ਼ਾਮਲ ਹਨ। ਇਹਨਾਂ ਇੰਟਰਵੀਊਆਂ ਦੀਆਂ 62 ਰੀਲਾਂ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੀਆਂ ਆਰਕਾਈਵਜ਼ ਵਿੱਚ ਰੱਖੀਆਂ ਹੋਈਆਂ ਹਨ ਅਤੇ ਹੁਣ ਡਿਜ਼ੀਟਲਾਈਜ਼ਡ ਰੂਪ ਵਿੱਚ ਆਨ ਲਾਈਨ ਵੀ ਸੁਣੀਆਂ ਜਾ ਸਕਦੀਆਂ ਹਨ। ਹਰੀ ਸ਼ਰਮਾ ਵੱਲੋਂ ਕੀਤਾ ਇਹ ਉਪਰਾਲਾ ਕੈਨੇਡਾ ਵਿੱਚ ਪੰਜਾਬੀਆਂ ਦੇ ਇਤਿਹਾਸ ਦੀ ਇਕ ਕੀਮਤੀ ਦਸਤਾਵੇਜ਼ ਹੈ।

ਸੰਨ 2005 ਵਿੱਚ ਕਰਿਟੀਕਲ ਏਸ਼ੀਅਨ ਸਟੱਡੀਜ਼ ਨਾਮੀ ਜਰਨਲ ਨੇ ਚੀਨ ਬਾਰੇ ਮਾਰਟਿਨ ਹਾਰਟ-ਲੈਂਡਸਬਰਗ ਅਤੇ ਪਾਲ ਬਰਕਿੱਟ ਦੀ ਲਿਖੀ ਕਿਤਾਬ "ਚਾਈਨਾ ਅਤੇ ਸੋਸ਼ਲਿਜ਼ਮ" ਬਾਰੇ ਇਕ ਰਾਉਂਡ ਟੇਬਲ ਕਰਵਾਇਆ। ਸੰਨ 2007 ਵਿੱਚ ਇਸ ਰਾਉਂਡਟੇਬਲ ਵਿੱਚ ਪੇਸ਼ ਕੀਤੇ ਪੇਪਰਾਂ ਨੂੰ ਕਿਤਾਬੀ ਰੂਪ ਵਿੱਚ "ਕਰਿਟੀਕਲ ਪਰਸਪੈਕਟਿਵ ਆਨ ਚਾਈਨਾ'ਜ਼ ਇਕਨਾਮਿਕ ਟਰਾਂਸਫਰਮੇਸ਼ਨ" ਨਾਂ ਅਧੀਨ ਛਾਪਿਆ ਗਿਆ। ਇਸ ਕਿਤਾਬ ਦੀ ਜਾਣ ਪਛਾਣ ਲਿਖਣ ਦੀ ਜ਼ਿੰਮੇਵਾਰੀ ਹਰੀ ਸ਼ਰਮਾ ਨੂੰ ਸੌਂਪੀ ਗਈ ਜੋ ਕਿ ਇਸ ਜਰਨਲ ਦੇ ਐਡੀਟੋਰੀਅਲ ਬੋਰਡ ਦੇ ਮੈਂਬਰ ਸਨ। ਇਹ ਕਿਤਾਬ ਇਸ ਸਮੇਂ ਜੋ ਕੁੱਝ ਚੀਨ ਵਿੱਚ ਵਾਪਰਿਆ ਰਿਹਾ ਹੈ ਉਸ ਨੂੰ ਸਮਝਣ ਲਈ ਇਕ ਮਹੱਤਵਪੂਰਨ ਅਤੇ ਪੜ੍ਹਨਯੋਗ ਕਿਤਾਬ ਹੈ। ਇਸ ਕਿਤਾਬ ਦੀ ਜਾਣ ਪਛਾਣ ਵਿੱਚ ਜਿੱਥੇ ਹਰੀ ਸ਼ਰਮਾ ਨੇ ਰਾਉਂਡਟੇਬਲ ਵਿੱਚ ਛਪੇ ਪਰਚਿਆਂ ਉੱਪਰ ਅਹਿਮ ਟਿੱਪਣੀਆਂ ਕੀਤੀਆਂ ਹਨ ਉੱਥੇ ਇਹਨਾਂ ਪਰਚਿਆਂ ਵਿੱਚ ਛਪੀ ਬਹਿਸ ਨੂੰ ਵਿਸਤਾਰ ਵੀ ਦਿੱਤਾ ਹੈ। ਉਹਨਾਂ ਦਾ ਵਿਚਾਰ ਸੀ ਕਿ ਇਸ ਸਮੇਂ ਚੀਨ ਵਿੱਚ ਜੋ ਕੁੱਝ ਵਾਪਰ ਰਿਹਾ ਹੈ ਉਹ ਇਨਕਲਾਬ ਤੋਂ ਬਾਅਦ ਚੀਨ ਅੰਦਰ ਪ੍ਰੋਲੋਤਾਰੀਆਂ ਦੀ ਡਿਕਟੇਟਰਸ਼ਿੱਪ ਅਧੀਨ ਚੱਲਦੇ ਰਹੇ ਲੰਮੇ ਜਮਾਤੀ ਸੰਘਰਸ਼ ਦਾ ਨਤੀਜਾ ਹੈ ਜਿਸ ਵਿੱਚ ਬੁਰਜੁਆਜ਼ੀ ਧਿਰ ਦੀ ਜਿੱਤ ਹੋਈ ਹੈ।

ਬੇਸ਼ੱਕ ਹਰੀ ਸ਼ਰਮਾ ਇਕ ਵਧੀਆ ਲੇਖਕ ਸਨ ਪਰ ਉਹਨਾਂ ਨੇ ਆਪਣਾ ਬਹੁਤਾ ਸਮਾਂ ਲਿਖਣ ਵੱਲ ਨਹੀਂ ਲਾਇਆ। ਉਹਨਾਂ ਦੇ ਕਈ ਜਾਣੂ ਉਹਨਾਂ ਨੂੰ ਦੁਬਾਰਾ ਲਿਖਣ ਵੱਲ ਆਉਣ ਲਈ ਕਿਹਾ ਕਰਦੇ ਸਨ ਪਰ ਉਹ ਇਸ ਪਾਸੇ ਵੱਲ ਨਹੀਂ ਪਰਤੇ। ਸ਼ਾਇਦ ਇਸ ਦਾ ਸੱਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਵਿਸ਼ਵਾਸ ਕਰਦੇ ਸਨ ਕਿ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਸਾਹਿਤ ਦੇ ਮੁਕਾਬਲੇ ਸਿਆਸੀ ਜੱਦੋਜਹਿਦ ਦੀ ਭੂਮਿਕਾ ਜ਼ਿਆਦਾ ਹੈ। ਸੰਨ 1987 ਵਿੱਚ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਇਕ ਕਾਨਫਰੰਸ ਵਿੱਚ ਬੋਲਦਿਆਂ ਉਹਨਾਂ ਕਿਹਾ ਸੀ:

> ... ਇਹ ਭਰਮ ਸਾਨੂੰ ਨਹੀਂ ਹੋਣਾ ਚਾਹੀਦਾ - ਕਈ ਵਾਰ ਹੁੰਦਾ ਹੈ, ਹਰ ਲੇਖਕ ਨੂੰ ਹੁੰਦਾ ਹੈ - ਕਿ ਅਸੀਂ ਆਪਣੀ ਲਿਖਤ ਨਾਲ ਸਮਾਜ ਨੂੰ ਬਦਲ ਦਿਆਂਗੇ। ਸਮਾਜ ਦਾ ਜੋ ਢਾਂਚਾ ਹੈ, ਸਮਾਜ ਦੀਆਂ ਜੋ ਕਦਰਾਂ ਕੀਮਤਾਂ ਹਨ ਉਹ ਲਿਖਤ ਨਾਲ ਬਦਲ ਜਾਣਗੀਆਂ। ਮੇਰੇ ਖਿਆਲ ਵਿੱਚ ਸਾਨੂੰ ਸਾਰਿਆਂ ਨੂੰ ਇਹ ਭਰਮ ਹੁੰਦਾ ਹੈ। ਛੋਟੇ ਜਾਂ ਵੱਡੇ ਰੂਪ ਵਿੱਚ। ਲੇਖਕ ਜਦੋਂ ਤੱਕ ਸਮਾਜ ਦੇ ਅੰਦਰ ਆਂਤਰਿਕ ਰੂਪ ਨਾਲ ਜੋ ਸੰਘਰਸ਼ ਲੋਕਾਂ ਦੇ ਚੱਲ ਰਹੇ ਹਨ, ਉਹਨਾਂ ਸੰਘਰਸ਼ਾਂ ਦਾ ਹਿੱਸਾ ਨਹੀਂ ਬਣਦਾ, ਉਹਨਾਂ ਸੰਘਰਸ਼ਾਂ ਵਿੱਚ ਸ਼ਾਮਲ ਨਹੀਂ ਹੁੰਦਾ ਅਤੇ ਆਪਣੀ ਇਸ ਸ਼ਮੂਲੀਅਤ ਨੂੰ ਆਪਣੇ ਦਰਦ ਅਤੇ ਆਪਣੀ ਭਾਵਨਾ ਨਾਲ ਪੇਸ਼ ਨਹੀਂ ਕਰਦਾ ਉਦੋਂ ਤੱਕ ਲੇਖਕ ਦਾ ਕੋਈ ਮੁੱਲ ਨਹੀਂ ਰਹਿੰਦਾ। ਤੁਸੀਂ ਕਿੰਨਾ ਵੀ ਚੰਗਾ ਸਾਹਿਤ ਲਿਖ ਲਵੋ, ਉਸ ਦਾ ਮੁੱਲ ਤਾਂ ਹੀ ਪਵੇਗਾ ਜੇ ਉਹ ਲੋਕਾਂ ਦੇ ਸੰਘਰਸ਼ ਨਾਲ ਜੁੜਿਆ ਹੋਵੇਗਾ। ... ਸਾਥੀਓ ਦੋਸਤੋ ਇਹ ਹੀ ਕਹਿਣਾ ਸੀ ਕਿ ਸਾਹਿਤ ਨੂੰ ਲੋਕ ਸੰਘਰਸ਼ਾਂ ਤੋਂ ਅਲੱਗ ਕਰਕੇ ਜੇ ਅਸੀਂ ਇਹ ਸੋਚੀਏ ਕਿ ਸਾਹਿਤ ਨਾਲ ਸਮਾਜ ਬਦਲ ਜਾਵੇਗਾ ਤਾਂ ਉਹ ਹੋਵੇਗਾ ਨਹੀਂ। ਜਦੋਂ ਤੱਕ ਸਮਾਜ ਦੇ ਅੰਦਰ ਆਮ ਲੋਕਾਂ ਨਾਲ ਜੁੜੇ ਹੋਏ ਸਵਾਲਾਂ ਅਤੇ ਉਹਨਾਂ ਨਾਲ ਜੁੜੇ ਹੋਏ ਸੰਘਰਸ਼ਾਂ ਨਾਲ ਲੇਖਕ ਨਹੀਂ ਜੁੜਦਾ ਤਾਂ ਸਾਹਿਤ ਦਾ ਮੁੱਲ ਘੱਟ ਰਹਿ ਜਾਂਦਾ ਹੈ।

ਆਪਣੇ ਇਸ ਵਿਸ਼ਵਾਸ ਸਦਕਾ ਹਰੀ ਸ਼ਰਮਾ ਨੇ ਲਿਖਣ ਦੇ ਮੁਕਾਬਲੇ ਸਿਆਸੀ ਜਥੇਬੰਦਕ ਕੰਮਾਂ ਨੂੰ ਤਰਜੀਹ ਦਿੱਤੀ। ਉਹ ਆਪਣੀ ਸਾਰੀ ਜ਼ਿੰਦਗੀ ਸਮਾਜ ਦੇ ਆਮ ਲੋਕਾਂ ਦੇ ਮਸਲਿਆਂ ਅਤੇ ਸੰਘਰਸ਼ਾਂ ਨਾਲ ਜੁੜੇ ਰਹੇ। ਉਹ ਪੂਰੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਦੁਨੀਆਂ ਭਰ ਵਿੱਚ ਬਰਾਬਰੀ ਅਤੇ ਇਨਸਾਫ ਦੀ ਜੰਗ ਵਿੱਚ ਆਪਣਾ ਬਣਦਾ ਹਿੱਸਾ ਪਾਉਂਦੇ ਰਹੇ। ਉਹ ਹਮੇਸ਼ਾਂ ਇਸ ਗੱਲ ਉੱਤੇ ਵਿਸ਼ਵਾਸ ਕਰਦੇ ਰਹੇ ਕਿ ਮੌਜੂਦਾ ਸਮਾਜ ਦੀ ਬੇਇਨਸਾਫੀ ਅਤੇ ਲੁੱਟ ਖਸੁੱਟ ਨੂੰ ਮਨੁੱਖੀ ਅਮਲ ਨਾਲ ਖਤਮ ਕੀਤਾ ਜਾ ਸਕਦਾ ਹੈ। ਉਹ ਆਪਣੇ ਜੀਵਨ ਵਿੱਚ ਹੱਕ ਅਤੇ ਸੱਚ ਦੀ

ਲੜਾਈ ਕਰਨ ਵਾਲਿਆਂ ਦੇ ਸੰਗੀ-ਸਾਥੀ ਰਹੇ ਅਤੇ ਉਹਨਾਂ ਦੇ ਤੁਰ ਜਾਣ ਤੋਂ ਬਾਅਦ ਉਹਨਾਂ ਦੇ ਸੰਘਰਸ਼ਮਈ ਜੀਵਨ ਦੀ ਕਹਾਣੀ ਸੱਚ ਅਤੇ ਹੱਕ ਦੀ ਲੜਾਈ ਲੜਨ ਵਾਲਿਆਂ ਦੀ ਸੰਗੀ ਸਾਥੀ ਬਣੀ ਰਹੇਗੀ। ●



(ਤਿੰਨ ਸਿਆਣੇ – ਫੋਟੋ ਹਰੀ ਸ਼ਰਮਾ)

**ਨੋਟ:**

ਇਹ ਸ਼ਰਧਾਂਜਲੀ ਲੇਖ ਲਿਖਣ ਲਈ ਹਰੀ ਸ਼ਰਮਾ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੇ ਸਾਥੀਆਂ (ਚਿੰਨ ਬੈਨਰਜੀ, ਹਰਿੰਦਰ ਮਾਹਿਲ, ਰਾਜ ਚੌਹਾਨ, ਦਯਾ ਵਰਮਾ, ਵਿਨੋਦ ਮੁਭੇ, ਚਰਨ ਗਿੱਲ) ਵਲੋਂ ਜਾਰੀ ਕੀਤੀ ਸ਼ਰਧਾਂਜਲੀ, ਸਾਧੂ ਅਤੇ ਸੁਖਵੰਤ ਹੁੰਦਲ ਵੱਲੋਂ ਆਪਣੀ ਕਿਤਾਬ "ਸੰਘਰਸ਼ ਦੇ ਸੌ ਵਰ੍ਹੇ" (2000) ਵਿੱਚ ਇਪਾਨਾ ਬਾਰੇ ਲਿਖੇ ਰੇਖਾ ਚਿੱਤਰ, ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਕਿਤਾਬ "ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸਭਿਆਚਾਰ" (1987), ਪਿਛਲੇ ਕੁੱਝ ਸਾਲਾਂ ਦੌਰਾਨ ਹਰੀ ਸ਼ਰਮਾ ਵੱਲੋਂ ਸੰਸਦ ਦੀ ਈ-ਮੇਲ ਲਿਸਟ ਨੂੰ ਭੇਜੀਆਂ ਗਈਆਂ ਈ-ਮੇਲਾਂ ਅਤੇ ਅਖਬਾਰਾਂ ਅਤੇ ਰਸਾਲਿਆਂ (ਨਾਂ ਵਿੱਚ ਦਿੱਤੇ ਗਏ ਹਨ) ਵਿੱਚ ਛਪੀ ਸਮੱਗਰੀ ਨੂੰ ਆਧਾਰ ਬਣਾਇਆ ਗਿਆ ਹੈ।

---

## ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: shundal@sfu.ca; ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.** ●

# ਦੋ ਕਵਿਤਾਵਾਂ

## ਉਂਕਾਰਪ੍ਰੀਤ

### ਮਹਾਂਨਗਰ ...

ਮਹਾਂਨਗਰ ਦਾ ਸੂਰਜ
ਆਥਣੇ
ਝੀਲ ਜਾਂ ਕਿਸੇ ਟਾਵਰ ਉਹਲੇ ਹੀ ਨਹੀਂ ਲੱਥਦਾ।
'ਜੈਕ ਫਾਰਮ' ਤੇ
'ਵੰਤੀ ਅਤੇ ਕਰਮੀ' ਦੇ ਹੱਡਾਂ 'ਚ ਵੀ ਲਹਿੰਦਾ ਹੈ।

ਮਹਾਂਨਗਰ ਦੀ ਸ਼ਾਮ ਦਾ ਸਫਰ
ਸਿਟੀ ਟੀ. ਵੀ. ਦੀ 'ਸਿਲਵਰ ਸਕਰੀਨ' ਤੇ
ਰੁਮਾਂਟਿਕ ਰੌਸ਼ਨੀਆਂ ਹੀ ਨਹੀਂ
'ਵੰਤੀਂ ਅਤੇ ਕਰਮੀ' ਦੀਆਂ ਅੱਖਾਂ ਦਾ ਮੂੰਹ-ਨੇਰਾ ਵੀ ਹੈ।
ਜੋ -
ਦਿਨ ਭਰ ਦੀ ਮਜ਼ਦੂਰੀ ਮਗਰੋਂ
ਖੇਤਾਂ ਚੋਂ ਗੋਡਿਆਂ ਤੇ ਹੱਥ ਧਰ ਉੱਠਦਾ ਹੈ,
ਗੇਟ ਤੇ ਖੜੀ 'ਸੁੱਚੇ ਦੀ ਵੈਨ' 'ਚ ਚੜ੍ਹਨ ਲਈ।

ਮਹਾਂਨਗਰ ਦੇ 'ਮਲਕ ਭਾਗੋ'
ਮਲਟੀਨੇਸ਼ਨਲ ਫਰਮਾਂ ਦੇ ਮਾਲਕ ਹੀ ਨਹੀਂ
'ਕਿਸਾਨ-ਜੈਕ' ਅਤੇ 'ਮਜ਼ਦੂਰ-ਠੇਕੇਦਾਰ'
ਸੁੱਚਾ ਸਿੰਘ ਵੀ ਨੇ।
ਜੋ ਰੋਜ਼ ਸ਼ਾਮੀਂ
'ਵੰਤੀ ਅਤੇ ਕਰਮੀ' ਦੇ ਲਹੂ-ਪਸੀਨੇ ਚੋਂ
ਪੈੱਗ ਲਾਉਂਦੇ ਨੇ।

ਮਹਾਂਨਗਰ 'ਚ ਸਾਰੇ ਹਉਕੇ
ਚੁੱਪ-ਚਾਪ ਹੀ ਨਹੀਂ ਮਰਦੇ
ਦਮ ਤੋੜਨ ਤੋਂ ਪਹਿਲਾਂ
ਹਿੱਕਾਂ ਥਾਪੜ-ਥਾਪੜ ਵੀ ਨੇ ਲੜਦੇ:
"ਸੁੱਚਿਆ ਵੇ ਲੁੱਚਿਆ
'ਜੈਕ' ਨਾਲ ਕੀ ਸੀ, ਸਾਹਾ ਬੰਨਣ ਡਿਹਾ??
ਸਾਨੂੰ ਵੈਨ 'ਚ ਬੈਠੀਆਂ ਨੂੰ, ਕਿਹੜਾ ਵੇਲਾ ਹੋ ਗਿਆ
ਤੂੰ ਸਾਨੂੰ ਭਲਾ, ਕੀ ਸਮਝਿਆ
ਕੋਈ ਯੂਪਣੀਆਂ-ਬਿਹਾਰਨੀਆਂ??
ਵੇ ਅਸੀਂ
ਵਤਨ ਕੌਰ- ਕਰਮ ਕੌਰ ਸਰਦਾਰਨੀਆਂ!!!"

●●

### ਮੇਰੀ ਸਟਰੀਟ 'ਤੇ

ਮੇਰੀ ਸਟਰੀਟ 'ਤੇ
ਆਂਢ ਗੁਆਂਢ
'ਨਿੱਕੀਆਂ ਨਿੱਕੀਆਂ' ਘਟਨਾਵਾਂ ਨਾਲ
ਘਟ ਰਹੀ ਨਿਤ ਦਿਨ
ਪਲ ਪਲ ਛਿਨ ਛਿਨ
ਵੱਡੀ ਵੱਡੀ ਜ਼ਿੰਦਗੀ

-ਜੋਗਾ ਸਿੰਘ ਨੇ ਦਾੜ੍ਹੀ ਰੰਗਣੀ ਛੱਡ ਦਿੱਤੀ!!!
- ਛੱਬੀ ਨੰਬਰ ਆਲੀ ਦੀ ਅਖਬਾਰ 'ਚ ਫੋਟੋ ਛਪੀ
ਨਗਰ ਕੀਰਤਨ 'ਚ ਪੋਤਾ ਚੁੱਕੀ ਖੜੀ ਦੀ!!
- ਟੋਅ-ਟਰੱਕ ਵਾਲਿਆਂ ਦੇ ਮੁੰਡੇ ਦਾ
ਮਾਸੀ ਦੀ ਧੀਅ ਨਾਲ ਫਰਜ਼ੀ ਵਿਆਹ!
- ਧੀਅ ਦੇ ਕਾਲੇ ਬੁਆਏ ਫਰੈਂਡ ਨਾਲ
ਸਟਰੀਟ ਤੇ ਧੱਕਾ-ਮੁੱਕੀ... ਗੁਪਤੇ ਦੀ,
ਧੀਅ ਨੇ ਪੁਲਸ ਸੱਦੀ!
-ਕਪਾਡੀਏ ਨੇ ਪੋਤੀ ਹੋਣ ਤੇ ਪੇੜੇ ਵੰਡੇ
-ਗਿਆਨੀਆਂ ਦੇ ਬਾਬੇ ਦਾ ਚੌਰਾਸੀਵਾ ਜਨਮ ਦਿਨ
- ਵਾਖਰੂ ਦੀ ਖਾਸ ਕਿਰਪਾ ਸਤਾਰਾਂ ਨੰਬਰ ਆਲਿਆਂ ਤੇ
ਸਾਰੀ ਸਟਰੀਟ ਚੋਂ ਸਿਰਫ਼ ਉਹਨਾਂ ਦੀ ਵੇਲ ਨੂੰ
ਕੱਦੂ ਲੱਗੇ!!!
-ਇਕ ਸੋ ਅੱਠ ਨੰਬਰੀਏ ਖਾਲਸੇ ਲੱਭ ਰਹੇ
ਬੇਸਮੈਂਟ ਲਈ ਕਿਰਾਏਦਾਰ...ਜੋ ਪਹਿਨਦੇ ਹੋਣ ਪੰਜ
ਕਕਾਰ!
-ਮਿਸਟਰ ਮਿਸਿਜ ਸ਼ਰਮਾਂ ਨੂੰ ਓਲਡ ਏਜ਼ ਦਾ ਪਹਿਲਾ ਚੈੱਕ
ਆਇਆ
...ਉਹਨਾਂ ਜਗਰਾਤਾ ਕਰਾਇਆ॥
- ਬਾਬਾ ਸ੍ਰੀਲੰਕਨਾਂ ਦਾ, ਨੂੰਹ ਨਾਲ ਲੜ ਕੇ
ਮੇਲ ਬੌਕਸਾਂ ਕੋਲ ਜਾ ਬੈਠਾ॥
- ਫੈਕਟਰੀ 'ਚ ਗੋਰੇ ਸੁਪਰਵਾਈਜ਼ਰ ਨੂੰ
ਬੋਤਲ ਦੇਣ ਨਾਲ
ਇੱਕੀ ਨੰਬਰ ਆਲੇ ਸਰਦਾਰ ਦੀ...ਚੁਆਨੀ ਵਧੀ!!
ਮੇਰੀ ਸਟਰੀਟ 'ਤੇ
ਆਂਢ ਗੁਆਂਢ
'ਵੱਡੀਆਂ ਵੱਡੀਆਂ' ਘਟਨਾਵਾਂ ਨਾਲ
ਘਟ ਰਹੀ ਨਿਤ ਦਿਨ
ਪਲ ਪਲ ਛਿਨ ਛਿਨ
ਨਿੱਕੀ ਜਿਹੀ ਜ਼ਿੰਦਗੀ!!

●●

# ਆਭਾ ਰਾਠੌਰ ਦੀ ਵੇਦਨਾ ਦੇ ਨਾਮ

## ਜਸਵੀਰ ਕੌਰ ਮੰਗੂਵਾਲ

ਇੱਕ ਸੁਪਨੇ ਦਾ ਵਿਰਤਾਂਤ
ਟੈਲੀਫੋਨ ਦੀ ਘੰਟੀ ਕਰਦੀ ਹੈ ਪ੍ਰੇਸ਼ਾਨ
ਰੇਡੀਓ ਟੀਵੀ 'ਤੇ ਅਖਬਾਰਾਂ ਪਾਉਂਦੀਆਂ ਨੇ ਲਾਹਨਤ

ਅਕਸਰ ਫੈਸਲੇ ਤੋਂ ਬਾਅਦ ਉਹ ਘਿਰ ਜਾਂਦੀ ਹੈ ਸਵਾਲਾਂ 'ਚ
ਫੋਨ ਸਵਿੱਚ ਆਫ ਕਰ, ਨੌਕਰ ਨੂੰ ਡੌਂਟ ਡਿਸਟਰਬ ਮੀ ਕਹਿ
ਜਾਂਦੀ ਹੈ ਸੌਣ ਕਮਰੇ ਵਿੱਚ
ਅੱਖ ਲੱਗਦਿਆਂ ਹੀ ਪੁਹੰਚਦੀ ਹੈ ਸੁਪਨੇ ਵਿੱਚ
ਜ਼ਖਮੀ ਜਿਸਮਾਂ ਅਤੇ ਆਪਣੀ ਜ਼ਮੀਰ ਖਿਲਾਫ ਕੇਸ ਲੜਦੀ
ਬਣ ਜਾਂਦੀ ਹੈ ਖਲਨਾਇਕਾ ਖੜ੍ਹ ਕੇ ਆਪਣੀ ਹੀ ਕਿਸਮ ਦੇ
ਵਿਰੁੱਧ
ਅਚਾਨਕ ਬਹੁਤ ਸਾਰੇ ਲੋਕ ਉਹਦੇ ਮੂੰਹ 'ਤੇ ਥੁੱਕਦੇ ਨੇ
ਉਹ ਖੁੰਬ ਵਾਂਗ ਉੱਠਦੀ ਹੈ ਮੂੰਹ ਸਾਫ ਕਰਦੀ ਹੈ
ਸੁਪਨੇ ਤੋਂ ਹੋ ਜਾਂਦੀ ਹੈ ਪ੍ਰੇਸ਼ਾਨ
ਬਾਹਰ ਗੱਡੀਆਂ ਦੇ ਹਾਰਨ
ਕੁੱਤਿਆਂ ਦੇ ਭੌਂਕਣ ਦੀ ਅਵਾਜ਼
ਤੇ ਚੌਂਕੀਦਾਰ ਦੀ ਸੀਟੀ ਕਰਦੀ ਹੈ ਬੇਚੈਨ
ਨਾਲ ਮੋਟੇ ਮੋਟੇ ਪੈੱਗ ਲਾ ਸੁੱਤਾ ਪਤੀ ਬੇਖਬਰ ਹੈ
ਰੱਬ ਰੱਬ ਜੱਪਦੀ, ਕਰਦੀ ਹੈ ਸੌਣ ਦੀ ਫਿਰ ਕੋਸ਼ਿਸ਼
ਫਿਰ ਉਹੀ ਸੁਪਨਾ
ਭੱਜੀ ਜਾ ਰਹੀ ਹੈ ਨੰਗ ਧੜੰਗੀ
ਕਦੇ ਨੰਗੀਆਂ ਔਰਤਾਂ ਤੇ ਬੱਚੀਆਂ ਦਾ ਕਾਫਲਾ ਬਣ ਜਾਂਦਾ
ਤੇ ਕਦੇ ਕਾਫਲਾ ਉਹਦੇ ਮਗਰ ਭੱਜਦਾ
ਬੱਚਦੀ ਬਚਾਉਂਦੀ ਆ ਪਹੁੰਚਦੀ ਹੈ
ਜਿੱਥੇ ਮਨਾਏ ਜਾ ਰਹੇ ਨੇ ਜ਼ੁਲਮ ਦੇ ਹੱਕ ਵਿੱਚ ਜਿੱਤ ਦੇ ਜ਼ਸ਼ਨ
ਚਾਰੇ ਪਾਸੇ ਪਿੰਜਰ ਹੀ ਪਿੰਜਰ ਖਿਲਰੇ ਪਏ ਨੇ
ਕਦੇ ਉਹ ਪਿੰਜਰ ਬਣ ਜਾਂਦੀ ਤੇ ਕਦੇ ਉਹਦੀ ਬੱਚੀ

ਸਾਹੋ ਸਾਹੀ ਹੋਈ ਉੱਭੜਵਾਹੇ ਉੱਠਦੀ ਹੈ
ਪਾਣੀ ਪੀ ਕਰਦੀ ਹੈ ਸ਼ਾਂਤ ਹੋਣ ਦੀ ਕੋਸ਼ਿਸ਼
ਸਾਮਣੇ ਮੂਰਤੀ 'ਚ ਰਾਮ ਨਾਲ ਬੈਠੀ ਸੀਤਾ ਮੁਸਕਰਾ ਰਹੀ ਹੈ
ਉਹ ਸੀਤਾ ਦੇ ਰਾਜ ਭਾਗ ਛੱਡ ਜੰਗਲਾਂ 'ਚ ਜਾਣ
ਧੋਬੀ ਦੇ ਕਹਿਣ ਤੇ ਘਰੋਂ ਨਿਕਲਣ ਤੋ ਬਾਅਦ ਵੀ
ਪਤੀ ਭਗਤੀ 'ਚ ਗੜੁੱਚ ਸੀਤਾ ਨੂੰ
ਸ਼ਰਧਾ ਨਾਲ ਸਿਰ ਝੁਕਾਉਂਦੀ ਹੈ
ਭਾਰਤ ਮਹਾਨ ਦੀ ਮਹਾਨ ਸੱਭਿਅਤਾ ਤੇ ਕਰਦੀ ਹੈ ਗਰਵ
ਜਿੱਥੇ ਦਰੋਪਦੀ ਵੰਡ ਜਾਂਦੀ ਹੈ ਪੰਜ ਪਤੀਆਂ 'ਚ
ਬਿਨਾਂ ਕੋਈ ਹੀਲ ਹੁੱਜਤ ਇੱਕ ਵਸਤੂ ਵਾਂਗ
ਇਹੋ ਤਾਂ ਉਸ ਨੇ ਦਾਦੀਆਂ ਨਾਨੀਆਂ ਤੋ ਸਿੱਖਿਆ ਸੀ
ਪਤੀ ਦੀ ਹਰ ਇੱਛਾ ਪੂਰੀ ਕਰਨਾ
ਹਰ ਹੁਕਮ ਖਿੜੇ ਮੱਥੇ ਮੰਨਣਾ
ਔਰਤ ਦਾ ਪਰਮ ਧਰਮ ਹੈ
ਜੋ ਉਹ ਗੰਧਾਰੀ ਬਣ ਰਹੀ ਸੀ ਨਿਭਾ
ਨੀਂਦ ਦੀਆਂ ਗੋਲੀਆਂ ਖਾ ਕਰਦੀ ਹੈ ਫਿਰ ਸੌਣ ਦੀ ਕੋਸ਼ਿਸ਼
ਸੌਂਦਿਆਂ ਹੀ ਫਿਰ ਘਿਰ ਜਾਂਦੀ ਹੈ ਸੁਪਨੇ 'ਚ
ਉਸ ਦੇ ਪਤੀ ਦੇ ਕਿੰਨੇ ਹੀ ਸਿਰ ਉੱਗ ਆਉਂਦੇ ਨੇ
ਕਦੇ ਉਨਾਂ ਦੇ ਸਿਰ ਤੇ ਪੱਗ ਤੇ ਕਦੇ ਟੋਪੀ ਦਿੱਸਦੀ ਹੈ
ਉਹ ਉੱਚੀ ਉੱਚੀ ਹੱਸਦਾ ਬਣ ਜਾਂਦਾ ਹੈ ਰਾਕਸ਼ਸ਼
ਕਰਦਾ ਹੈ ਸ਼ਿਕਾਰ ਜਵਾਨ ਔਰਤਾਂ
ਤੇ ਕੱਚੀਆਂ ਕੋਮਲ ਕਲੀਆਂ ਦਾ
ਫਰਿਆਦ ਲਈ ਹੱਥ ਉੱਠਦੇ ਨੇ
ਚਾਰੇ ਪਾਸੇ ਰਾਕਸ਼ਸ਼ਾਂ ਦਾ ਹੀ ਰਾਜ ਦਿੱਸਦਾ ਹੈ
ਇੱਕ ਕਲੀ ਚੰਡੀ ਦਾ ਰੂਪ ਧਾਰਦੀ ਹੈ
ਕਰਦੀ ਹੈ ਅਗਵਾਈ ਫਰਿਆਦੀਆਂ ਦੀ
ਕਿੰਨੇ ਹੀ ਹੱਥ ਰਾਕਸ਼ਸ਼ ਨੂੰ ਦਬੋਚ ਲੈਂਦੇ ਨੇ
ਸੁੱਟ ਦਿੰਦੇ ਨੇ ਦੁਸਿਹਰੇ ਦੀ ਗਰਾਉਂਡ ਵਿੱਚ
ਜਿੱਥੇ ਰਾਵਣ ਨੂੰ ਜਲਾਇਆ ਜਾਣਾ ਹੈ
ਰਾਵਣ ਦਾ ਪੁਤਲਾ ਬਾਹਰ ਸੁੱਟਦੇ ਨੇ
ਸ਼ਾਇਦ ਉਨ੍ਹਾਂ ਨੂੰ ਮਿਲ ਗਿਆ ਹੈ
ਰਾਵਣ ਤੋਂ ਵੀ ਵੱਡਾ ਪਾਪੀ
ਰਲ ਕੇ ਰਾਕਸ਼ਸ਼ ਦਾ ਅੰਤ ਕਰਦੇ ਨੇ
ਚਾਰੇ ਪਾਸੇ ਜਿੱਤ ਤੇ ਖੁਸ਼ੀ ਦੀ ਲਹਿਰ ਹੈ
ਉਹ ਪਸੀਨੋ ਪਸੀਨੀ ਹੋਈ ਘਬਰਾ ਕੇ ਉੱਠਦੀ ਹੈ
ਪਤੀ ਵੱਲ ਦੇਖਦੀ ਜੋ ਅਜੇ ਸੁੱਤਾ ਹੈ ਲੰਬੀ ਨੀਂਦ
ਭਾਰਤ ਦੇ ਨਿਆਂ ਪ੍ਰਬੰਧ ਵਾਗ
ਬਾਹਰ ਦਿਨ ਚੜ੍ਹਨ ਵਾਲਾ ਹੈ
ਛੇਤੀ ਛੇਤੀ ਉੱਠ ਕੇਸ ਦੀਆਂ ਫਾਈਲਾਂ ਦੇਖ
ਹੋ ਜਾਂਦੀ ਹੈ ਤਿਆਰ ਬਨਣ ਲਈ ਪਤੀ ਦੀ ਪਰਛਾਈਂ
ਹਰ ਥਾਂ ਸੁਪਨੇ ਦੇ ਪਾਤਰ ਦਿੱਸਦੇ ਨੇ
ਅੱਜ ਉਹ ਡਾਢੀ ਪ੍ਰੇਸ਼ਾਨ ਹੈ।

●●

## ਦੋ ਕਵਿਤਾਵਾਂ

**ਹਰਪ੍ਰੀਤ ਬਰਾੜ ਤਰਕਸ਼ੀਲ**

### ਧਰਮ ਇੱਕ ਜੰਜ਼ਾਲ ਆ 'ਤੇ ਰੱਬ ਇਕ ਵਹਿਮ..

ਧਰਮ ਇੱਕ ਜੰਜਾਲ਼ ਆ ਤੇ ਰੱਬ ਇੱਕ ਵਹਿਮ ਆ
ਫਿਰ ਵੀ ਆਮ ਲੋਕਾਂ ਲਈ ਕਿਉਂ ਐਨੇ ਅਹਿਮ ਆ?

ਸਮੇਂ ਸਮੇਂ ਤੇ ਪੈਦਾ ਹੋਏ ਜਿਹੜੇ ਪੀਰ ਪੈਗਬੰਰ ਬਈ
ਅੱਡੋ ਅੱਡੀ ਰਚ ਕੇ ਚਲੇ ਗਏ ਸਾਡੇ ਲਈ ਅਡਬੰਰ ਬਈ
ਆਪੋ ਆਪਣੇ ਧਰਮ ਦੀ ਸਾਰੇ ਪਾਉਂਦੇ ਰਹਿਣ ਦੁਹਾਈ ਬਈ
ਧਰਮ ਰੱਬ ਨੇ ਰੱਲ ਕੇ ਸਾਰੀ ਦੁਨੀਆਂ ਸੁੱਕਣੇ ਪਾਈ ਬਈ
ਅਜੇ ਪਤਾ ਨਹੀਂ ਕਦੋਂ ਤੱਕ ਲੋਕਾਂ ਦੇ ਦਿਲਾਂ 'ਚ
ਇਹਨਾਂ ਦਾ ਡਰ ਰਹਿਣਾ ਕਾਇਮ ਆ
ਧਰਮ ਇੱਕ ਜੰਜਾਲ਼ ਆ..................

ਬੋਤਲਾਂ ਪੁਰਾਣੀਆਂ ਸ਼ਰਾਬ ਨਵੀਂ ਪਾਈ ਜਾਂਦੇ
ਚੋਲੇ ਬਦਲ ਬਦਲ ਨਿੱਤ ਨਵੇਂ ਗੁਰੂ ਆਈ ਜਾਂਦੇ
ਝੂਠ ਮੂਠ ਦਾ ਸਿਰਜਿਆ ਇਹਨਾਂ ਸਵਰਗ ਤੇ ਨਰਕ ਬਈ
ਕਹਿ ਕਾਫ਼ਰ ਭੰਡਦੇ ਜੇ ਕਰੇ ਕੋਈ ਇਹਨਾਂ ਦਾ ਤਰਕ ਬਈ
ਕਹਿਣ ਧਰਮ ਨਹੀਂ ਸਿਖਾਉਂਦ ਵੈਰ ਤੇ ਵਿਰੋਧ

ਰੱਬ ਦੇ ਦਿਲ 'ਚ ਵੀ ਕਹਿਣ ਬੜਾ ਰਹਿਮ ਆ
ਧਰਮ ਇੱਕ ਜੰਜਾਲ਼ ਆ ..................

ਪਿਤਾ ਪੁੱਤ ਵਾਲਾ ਰਿਸ਼ਤਾ ਧਰਮ ਅਤੇ ਰੱਬ ਦਾ
ਤਰਕ ਨਾਲ ਜੇ ਸੋਚੋ ਪਤਾ ਲੱਗੂ ਏਸ ਯੱਭ ਦਾ
ਚੰਮ ਦੀਆਂ ਚਲਾ ਰਹੇ ਪਾਦਰੀ, ਮੁੱਲਾਂ, ਭਾਈ, ਪੁਜਾਰੀ ਬਈ
ਚੜ੍ਹੀ ਰਹੇ ਇਹਨਾਂ ਨੂੰ ਸਦਾ ਮਾਇਆ ਦੀ ਖ਼ੁਮਾਰੀ ਬਈ
ਇੱਕ ਦੂਜੇ ਦੇ ਪੂਰਕ ਤਾਜ, ਤਖ਼ਤ, ਧਰਮ ਰੱਬ
ਰੱਲ ਕੇ ਪੈਦਾ ਕੀਤਾ ਇਹਨਾਂ ਲੋਕਾਂ 'ਚ ਸਹਿਮ ਆ
ਧਰਮ ਇੱਕ ਜੰਜਾਲ਼ ਆ...............

ਸਰਬ-ਰੋਗ ਕਾ ਔਖਧ ਨਾਮ ਕਿਹੜਾ ਘੱਟ ਨੇ
ਬਾਣੀ ਦੇ ਸ਼ਬਦ ਦੇ ਦੇ ਰੋਗ ਨੇ ਹਟਾਈ ਜਾਂਦੇ
ਹਰ ਬਿਮਾਰੀ ਦਾ ਇਲਾਜ ਯੋਗ ਤਾਂਈ ਦੱਸ ਕੇ
ਯੋਗ ਗੁਰੂ ਦੇਖੋ ਕਿਵੇਂ ਮਾਇਆ ਨੇ ਕਮਾਈ ਜਾਂਦੇ
ਵਸਤੂ ਸ਼ਾਸਤਰ ਤੇ ਫੈਂਗਸ਼ੂਈ
ਅੱਜ ਕਲ੍ਹ ਨਵਾਂ ਨਵਾਂ ਫੈਲਿਆ ਵਹਿਮ ਆ
ਧਰਮ ਇੱਕ ਜੰਜਾਲ਼ ਆ...............

ਛੱਡ ਦਿਉ ਕਰਨੀਆਂ ਅਰਦਾਸਾਂ ਅਤੇ ਬੰਦਗੀਆਂ
ਕਦੋਂ ਤੱਕ ਇਹਨਾਂ ਦੇ ਨਾਂ ਵਾਰੋਗੇ ਜ਼ਿੰਦਗੀਆਂ
ਰੋਜੇ, ਚਿੱਲੇ, ਵਰਤਾਂ ਸਾਡਾ ਕੁੱਝ ਨਹੀ ਸੁਆਰਨਾ
ਛੱਡ ਦਿਉ ਅੱਲ੍ਹਾ, ਵਾਹਿਗੁਰੂ, ਰਾਮ, ਈਸਾ ਨੂੰ ਪੁਕਾਰਨਾ
ਆਪਣੇ 'ਤੇ ਸਿੱਖ ਇਤਬਾਰ ਕਰਨਾ ਬੰਦਿਆ
ਤੇਰੇ ਲਈ ਇਹੋ ਗੱਲ ਸੱਭ ਤੋਂ ਅਹਿਮ ਆ
ਧਰਮ ਇੱਕ ਜੰਜਾਲ਼ ਆ ਤੇ ਰੱਬ ਇੱਕ ਵਹਿਮ ਆ
ਫਿਰ ਵੀ ਆਮ ਲੋਕਾਂ ਲਈ ਕਿਉਂ ਐਨੇ ਅਹਿਮ ਆ?

●●

## ਨਾਸਤਿਕਾਂ ਤੇ ਤਰਕਸ਼ੀਲਾਂ ਨੂੰ ਜ਼ਾਲਮ ਕਹਿਣ ਵਾਲ਼ਿਓ

ਨਾਸਤਿਕਾਂ ਤੇ ਤਰਕਸ਼ੀਲਾਂ ਨੂੰ ਜ਼ਾਲਮ ਕਹਿਣ ਵਾਲ਼ਿਓ
ਧਰਮ ਕਰੇ ਕੀ ਜ਼ੁਲਮ ਤੁਸੀ ਭੁੱਲ ਰਹੇ ਹੋ।
ਵਿਗਿਆਨਕ ਸੋਚ ਨੇ ਵਧਾਈ ਗਿਣਤੀ ਨਾਸਤਿਕਾਂ ਦੀ
ਹੁਣ ਤੁਸੀ ਅੰਦਰੋਂ ਅੰਦਰੀ ਹਿੱਲ ਗਏ ਹੋ।

ਕਿਵੇਂ ਭੁੱਲੀਏ ਵੰਡ 47 ਵਾਲ਼ੀ
ਕਿਵੇਂ 84, ਕਿਵੇਂ ਗੁਜਰਾਤ ਭੁੱਲੀਏ।
ਕਿਵੇਂ ਭੁੱਲੀਏ ਦੁੱਖ ਫਲਸਤੀਨੀਆਂ ਦਾ
ਕਿਵੇਂ 911 ਵਾਲੀ ਬਾਤ ਭੁੱਲੀਏ।
ਹਰ ਪਾਸੇ ਕਤਲ ਇਨਸਾਨੀਅਤ ਦਾ
ਚਾਰੇ ਪਾਸੇ ਹੈ ਹਾਹਾਕਾਰ ਮੱਚੀ।
ਧਰਮ ਰੱਬ ਦੀ ਅੱਜ ਨਾ ਲੋੜ ਕੋਈ
ਮੰਨੋ ਭਾਵੇਂ ਨਾ ਮੰਨੋ ਗੱਲ ਇਹੋ ਸੱਚੀ।

ਭਗਤ ਸਿੰਘ ਵਰਗੇ ਨਾਸਤਿਕ ਜਿਹੜੇ
ਜਿਨਾਂ ਜ਼ਾਲਮਾਂ ਨੂੰ ਨੱਥ ਪਾਈ ਸੀ।
ਸਾਮਰਾਜ ਦੀ ਮੰਜੀ ਖੜ੍ਹੀ ਕਰਤੀ
ਭਾਰਤ ਮਾਂ ਦੀ ਲਾਜ ਬਚਾਈ ਸੀ।
ਡਾਰਵਿਨ ਵਰਗੇ ਮਹਾਨ ਨਾਸਤਿਕਾਂ ਨੇ
ਐਵੂਲੂਸ਼ਨ ਦਾ ਦਿੱਤਾ ਸਿਧਾਂਤ ਸਾਨੂੰ।
ਮਾਨਵ ਕਿਵੇਂ ਪੈਦਾ ਹੋਇਆ ਦਾ ਸਵਾਲ ਸੀ ਜੋ
ਸਮਝ ਆ ਗਿਆ ਉਸ ਦਾ ਵਿਧਾਨ ਸਾਨੂੰ।

ਧਰਮ ਸੱਚ ਤੇ ਜੇ ਪਹਿਰਾ ਦਿੰਦਾ
ਸਜ਼ਾ ਮੌਤ ਦੀ ਗਲੀਲਿਉ ਨੂੰ ਮਿਲਦੀ ਨਾ।
ਦਯਾ ਹੁੰਦੀ ਜੇ ਧਰਮ ਵਿੱਚ ਕਿਧਰੇ
ਤਸਲੀਮਾ ਜਲਾਵਤਨੀ ਕਦੇ ਹੋਂਵਦੀ ਨਾ।
ਦੋ ਤਿਹਾਈ ਲੜਾਈਆਂ ਸੰਸਾਰ ਦੀਆਂ
ਹੋਈਆਂ ਏਸੇ ਧਰਮ ਦੇ ਨਾਂ ਥੱਲੇ।
ਕੁੱਖਾਂ ਉਜਾੜੀਆਂ ਲੁੱਟੇ ਸੁਹਾਗ ਗਏ
ਅਜੇ ਵੀ ਜੀਅ ਰਹੇ ਹਾਂ ਡਰ ਦੀ ਛਾਂ ਥੱਲੇ।

ਜੇ ਗੱਲ ਕੀਤੀ ਕਿਸੇ ਤਰਕ ਦੇ ਨਾਲ
ਖਤਰਾ ਧਰਮ ਨੂੰ ਕਹਿ ਫਾਹੇ ਲਾ ਦਿੱਤਾ।
ਸਿੱਕਾ ਆਪਣਾ ਚੱਲਦਾ ਰੱਖਣੇ ਲਈ
ਭੋਲੀ ਜਨਤਾ ਨੂੰ ਵੀ ਵਰਗਲ਼ਾ ਦਿੱਤਾ।
ਧਰਮ ਵੱਡਾ ਵਪਾਰ ਹੈ ਦੁਨੀਆਂ ਦਾ
ਲੋਕੀ ਜਾਗ ਪਏ ਤਾਂ ਫੇਲ੍ਹ ਨਾ ਹੋ ਜਾਏ।
ਤਾਹੀਉਂ ਤਰਕਸ਼ੀਲਤਾ ਨੂੰ ਜੰਗਲ ਰਾਜ ਦੱਸ ਕੇ
ਨਿੱਤ ਨਵੇਂ ਨਵੇਂ ਅਡੰਬਰ ਜਾਂਦੇ ਰਚਾਏ।

ਸਾਰੀ ਦੁਨੀਆਂ ਨੂੰ ਆਪਣਾ ਸਮਝਦੇ ਹਾਂ
ਸਵਰਗ ਏਸੇ ਨੂੰ ਬਣਾਉਣ ਲਈ ਜੂਝਦੇ ਨੇ।
ਧਰਮਾਂ, ਜਾਤਾਂ ਤੋਂ ਉੱਪਰ ਉੱਠ ਕੇ
ਨਾਸਤਿਕ ਇਨਸਾਨੀਅਤ ਨੂੰ ਬੱਸ ਪੂਜਦੇ ਨੇ।
ਸਾਡੀ ਜੰਗ ਵਿਚਾਰਾਂ ਦੀ ਜੰਗ ਲੋਕੋ
ਨਹੀਂ ਲੋੜ ਸਾਨੂੰ ਤਲਵਾਰਾਂ ਤੇ ਤੋਪਾਂ ਦੀ।
ਪਸਾਰਾ ਹੋ ਗਿਆ ਜਦੋਂ ਤਰਕਸ਼ੀਲਤਾ ਦਾ
ਉਸ ਦਿਨ ਹੋਊਗੀ ਜਿੱਤ ਲੋਕਾਂ ਦੀ।

●●

## ਜੇ ਭਗਤ ਸਿੰਘ ਸ਼ਹੀਦ ਨਾ ਹੁੰਦਾ

### ਦਵਿੰਦਰ ਸਿੰਘ

ਚੰਗਾ ਹੋਇਆ ਭਗਤ ਸਿੰਘ
ਤੂੰ ਸ਼ਹੀਦ ਹੋ ਗਿਆ

ਬੱਚ ਜਾਂਦਾ ਤਾਂ ਕੀ ਹੋਣਾ ਸੀ
ਮੁਲਕ ਆਪਣੇ ਦਾ ਹਾਲ ਵੇਖ ਕੇ
ਤੂੰ ਵੀ ਸਿਰ ਫੜ ਕੇ ਰੋਣਾ ਸੀ

ਇਹ ਸਾਬਿਤ ਕਰਨ ਲਈ
ਕਿ ਤੂੰ ਹੀ ਭਗਤ ਸਿੰਘ ਹੈਂ
ਦਫਤਰਾਂ ਦੇ ਇਸ ਗਧੀਗੇੜ ਵਿੱਚ
ਤੈਨੂੰ ਵੀ ਫਸਣਾ ਪੈਣਾ ਸੀ

ਫਰੀਡਮ ਫਾਈਟਰ ਵਾਲੀ ਪੈਨਸ਼ਨ
ਬਿਨ ਰਿਸ਼ਵਤ ਦੇ ਨਹੀਂ ਲੱਗਣੀ ਸੀ
ਫਾਈਲਾਂ ਵਿੱਚ ਉਲਝਾ ਤੈਨੂੰ
ਬਾਪੂ ਯਾਦ ਕਰਾ ਦੇਣਾ ਸੀ

ਬਿਨ ਮਾਸਟਰਾਂ ਤੋਂ ਬੱਚੇ ਤੇਰੇ
ਵਿੱਚ ਸਕੂਲਾਂ ਰੁੱਲ ਜਾਣੇ ਸੀ
ਪੜ੍ਹ ਜਾਂਦੇ ਤਾਂ ਬੇਰੁਜ਼ਗਾਰੀ
ਤੇਰਾ ਖ਼ੂਨ ਸੁਕਾ ਦੇਣਾ ਸੀ

ਜੇ ਤੂੰ ਵਿੱਚ ਇਲੈਕਸ਼ਨ ਖੜ੍ਹਦਾ
ਅਕਲੋਂ ਪੈਦਲ ਇਸ ਜਨਤਾ ਨੇ
ਤੈਨੂੰ ਗੁੱਠੇ ਲਾ ਦੇਣਾ ਸੀ

ਅਕਲ ਇਲਮ ਦੇ ਵੈਰੀ ਲੋਕੀ
ਤੇਰੀ ਤੂਤੀ ਕਿਸ ਸੁਣਨੀ ਸੀ
ਪੰਜੇ, ਭਗਵੇਂ, ਗਾਂਧੀ ਟੋਪੀ
ਰਲ ਕੇ ਤੈਨੂੰ ਢਾਹ ਲੈਣਾ ਸੀ

ਝੂਠ ਮੂਠ ਪੱਟ ਸਕੈਂਡਲ
ਤੈਨੂੰ ਵਿੱਚ ਉਲਝਾ ਲੈਣਾ ਸੀ
ਕਿਸੇ ਕੁੜੀ ਤੋਂ ਝੂਠ ਕਹਾ ਕੇ
ਚਰਿੱਤਰਹੀਣ ਅਖਵਾ ਦੇਣਾ ਸੀ

ਕੇਸ ਕਟਾ ਕੇ ਪਤਿਤ ਹੋ ਗਿਆ
ਆਪਣਿਆਂ ਵੀ ਰੁੱਸ ਜਾਣਾ ਸੀ
ਪੰਥ ਨੂੰ ਖ਼ਤਰਾ ਭਗਤ ਸਿੰਘ ਤੋਂ
ਹੁਕਨਾਮਾ ਕਢਵਾ ਦੇਣਾ ਸੀ

ਜੇ ਤੂੰ ਜਿੱਤ ਮਨਿਸਟਰ ਬਣਦਾ
ਬਾਬੂਆਂ ਦੇ ਫਿਰ ਅੜਿੱਕੇ ਚੜ੍ਹਦਾ
ਕੀ ਹੁੰਦਾ ਲੋਕਰਾਜ ਇਹ
ਤੈਨੂੰ ਰੰਗ ਵਿਖਾ ਦੇਣਾ ਸੀ

ਭ੍ਰਿਸ਼ਟਾਚਾਰ ਤੇ ਬੇਰੋਜ਼ਗਾਰੀ
ਭੁੱਖ ਗ਼ਰੀਬੀ ਅਤੇ ਬਿਮਾਰੀ
ਤੈਥੋਂ ਨਹੀਂ ਸੀ ਝੱਲੀ ਜਾਣੀ
ਬੋਲੇ ਕੰਨਾਂ ਨੂੰ ਖੋਹਲਣ ਲਈ
ਫੇਰ ਅਸੈਂਬਲੀ ਦੇ ਵਿੱਚ ਜਾ ਕੇ
ਤੂੰ ਤਾਂ ਬੰਬ ਚਲਾ ਦੇਣਾ ਸੀ

ਫਿਰ ਸਭ ਖੱਦਰਧਾਰੀਆਂ ਮਿਲ ਕੇ
ਤੈਨੂੰ ਦਹਿਸ਼ਤਗਰਦ ਆਖ ਕੇ
ਕੇਸ ਤੇਰੇ ਤੇ ਪਾ ਦੇਣਾ ਸੀ
ਲੋਕ ਰਾਜ ਤੇ ਹਮਲਾ ਕਹਿ ਕੇ
ਫਾਂਸੀ ਤੇ ਲਟਕਾ ਦੇਣਾ ਸੀ
ਚੰਗਾ ਹੋਇਆ ਭਗਤ ਸਿੰਘ ਤੂੰ ਸ਼ਹੀਦ ਹੋ ਗਿਆਂ
ਬਚ ਜਾਂਦਾ ਤਾਂ ਕੀ ਹੋਣਾ ਸੀ।

●●

# ਵਿਸ਼ਵੀਕਰਨ – ਅਵਿਸ਼ਵੀਕਰਨ

## ਹਰਕੰਵਲਜੀਤ ਸਾਹਿਲ

**1.**
ਵਿਸ਼ਵੀਕਰਣ ਕਾਹਦਾ?
ਵਿਸ਼ਵੀਕਰਣ ਤਾਂ ਹੋ ਚੁੱਕਾ ਹੈ
ਕੁਦਰਤ ਦੇ ਵਿੱਚ ਵਿਚਰ ਰਹੇ
ਪਾਣੀਆਂ ਦੇ ਸੁਭਾਵਾਂ ਦਾ –
ਹਰ ਤੁਪਕਾ, ਹਰ ਵਾਸ਼ਪ
ਹਰ ਦਰਿਆ
ਅੱਪੜੇ ਅੰਤ ਨੂੰ ਇਕੋ ਸਾਗਰ–
ਆਉਂਦਾ ਆਉਂਦਾ ਰਸਤੇ ਰਸਤੇ
ਹਰਿਆਵੇ ਜੀਅ ਬਨਸਪਤੀ
ਤੇ ਮਿਟਾਵੇ ਪਿਆਸ
ਬਿਨ ਵਿਤਕਰੇ ਤੋਂ –
ਕੀ ਇਹ ਵਿਸ਼ਵਵਿਆਪੀ ਵਰਤਾਰਾ ਨਹੀਂ।

ਪਰ ਪਾਣੀਆਂ ਨੂੰ ਮਾਰ ਕੇ ਬੰਨ
ਪੂਰਨੇ ਸਿਰਫ਼ ਕੁੱਝ ਇਕ ਦੇ ਹਿੱਤ!
ਤੇ ਕਰ ਬੋਤਲੀਂ ਕੈਦ
ਵੇਚਣਾ ਮੁਨਾਫ਼ਿਆਂ ਲਈ
ਕੀ ਵਿਸ਼ਵੀਕਰਣ ਹੈ...।

**2.**
ਵਿਸ਼ਵੀਕਰਣ ਕਾਹਦਾ
ਵਿਸ਼ਵੀਕਰਣ ਤਾਂ ਹੋ ਚੁੱਕਾ
ਗਿਆਨ ਦਾ –

ਸੁੱਚ ਸਮੁੱਚ ਸੁੱਘੜ ਗਿਆਨ
ਵਾਂਗ ਨਿਰਮਲ ਪਾਣੀ ਨਿਸ਼ਕਾਮ
ਉੱਚੇ ਟਿੱਲਿਓਂ ਰਿਹਾ ਹੈ ਵਗਦਾ
ਨੀਵਾਣਾਂ ਵੱਲ –
ਆਦਿ ਜੁਗਾਦਿ ਤੋਂ ਅਟੱਲ
ਕਿਸੇ ਖੁਦਾਈ ਮਸਤ ਤੌਰ
ਇਕਸਾਰ ਝਰਨੇ ਦੇ ਵਾਂਗ–

ਪਰ, ਹਰ ਗਿਆਨ ਤੇ
ਹਰ ਕਾਢ ਨੂੰ ਧੰਦੇ ਲਾਉਣਾ-
ਮੈਨੂੰ - ਮੈਨੂੰ, ਮੇਰਾ-ਮੇਰਾ
ਮੁਨਾਫ਼ਾ ਹੋਰ, ਹੋਰ ਕਮਾਉਣਾ...
ਕੀ ਵਿਸ਼ਵੀਕਰਣ ਹੈ...।

••

# ਮਿਚੀ ਮੁੱਠੀ

## ਕੁਲਦੀਪ ਸਿੰਘ ਬਾਸੀ, ਅਮਰੀਕਾ

ਸਮਾਂ ਨਹੀਂ ਰਹਿੰਦਾ
ਇੱਕੋ ਜਿਹਾ
ਕਿਸਮਤ ਕਿਸ ਪੱਖ
ਲਵੇ ਕਰਵਟ
ਅਬੁੱਝ ਸਵਾਲ
ਉੱਤਰ ਅਸੰਭਵ!

ਭਰਾ ਦੇ ਪੱਲੇ
ਭਰਾ ਨੇ ਪਾਏ
ਰੁਪੱਈਏ ਬਣਾਕੇ,
ਡਾਲਰਾਂ ਦੇ
ਚਾਅ ਨਾਲ
ਸਹੀ ਸੀ
ਸਮਾਂ

ਜ਼ਮੀਨ ਖਰੀਦੀ
ਦੇਸ ਬਣੀ, ਕੋਠੀ
ਹੋਰ ਬਹੁਤ ਕੁੱਝ
ਇੱਜ਼ਤ ਵਧੀ
ਲੜ ਫੜਿਆ
ਅਮੀਰੀ ਨੇ,
ਭਰਾ ਦਾ
ਆਪਣਿਆਂ ਦਾ
ਕਮਾਲ ਕਰਵਟ,
ਭਾਗਾਂ ਦੀ!

ਬਾਹਰ ਵਾਲੇ ਨੂੰ
ਬੁਰੀ ਪਈ
ਖੋਟੇ ਕਰਮਾਂ ਦੀ
ਗਲਵੱਕੜੀ
ਘਾਟਾ, ਕੰਮ ਬੰਦ
ਮਾਇਆ ਤੋਂ ਮੁਹਤਾਜ!

ਔਖੇ ਵੇਲੇ
ਡੰਗ ਟਪਾਉਣ ਲਈ
ਜਾ ਖਲੋਤਾ
ਇਹ ਵਿਚਾਰਾ
ਆਪਣਿਆਂ ਅੱਗੇ
ਹੱਥ ਫੈਲਾ
ਗੁਪਤ ਗੁਫਤਗੂ ਹੋਈ
ਆਪਣਿਆਂ ਵਿਚਕਾਰ
ਘੁਸਰ ਮੁਸਰ ਹੋਈ

ਸ਼ਬਦ ਉੱਚਰੇ ਗਏ
ਲੋਕੀਂ ਲਿਆਉਂਦੇ ਨੇ
ਓਧਰੋਂ
ਲੈ ਜਾਣਾ ਮੰਗੇ, ਤੂੰ
ਐਧਰੋਂ
ਸ਼ਰਮ ਦੀ ਗੱਲ
ਕੁੰਨੀ ਪਿੱਛੇ
ਮੱਤ, ਤੇਰੀ

ਵਾਹ!
ਪਾ ਦਿੱਤੀ ਗੁੰਝਲ
ਦੁਖੀ ਮਨ 'ਚ
ਵੀਰਿਆ
ਮਿਲ ਗਈ
ਪਿਆਰ ਭਿੱਜੀ,
ਮੰਗੀ ਖ਼ੈਰਾਤ

ਭੁੱਲ ਗਿਓਂ
ਅਮੀਰੀ ਦਾ ਮੁੱਢ
ਜੋ ਬੰਨਿਆਂ ਡਾਲਰਾਂ ਨੇ

ਮਨ ਵਿੱਚ ਹੈ
ਅੱਜ ਵੀ ਮੇਰੇ
ਤੇਰੀ, ਭਾਬੀ ਦੀ
ਇੱਜ਼ਤ!
ਪਰ ਵੀਰੇ
ਭੁੱਲ ਗਿਆ ਏਂ
ਛੋਟਿਆਂ ਦਾ ਵੀ ਹੁੰਦੈ
ਸਵੈਮਾਨ!

ਮਿਚ ਗਈ ਮੁੱਠੀ
ਲਿੱਬੜ ਗਏ ਦਾਨੀ ਹੱਥ
ਮਾਇਆ 'ਚ
ਟਪਕਦਾ ਸੀ, ਕਦੇ
ਸਨੇਹ ਇਨ੍ਹਾਂ
ਸਵੱਛ ਹੱਥਾਂ 'ਚੋਂ!

••

ਕਹਾਣੀ

# ਰਿਲੇਅ ਰੇਸ

## ਵਿਸ਼ਵਜੋਤੀ ਧੀਰ

ਮੈਂ ਅਪਣੇ ਕਮਰੇ ਵਿੱਚ ਬੈਠੀ ਬਿੱਟ-ਬਿੱਟ ਘਰ ਵਿੱਚ ਆਏ ਭੁਚਾਲ ਨੂੰ ਵੇਖ ਰਹੀ ਸੀ। ਮਾਂ ਨੇ ਬਾਊ ਜੀ ਮੂਹਰੇ ਰੋਟੀ ਰੱਖ ਦਿੱਤੀ। ਬਾਊ ਜੀ ਨੇ ਪਲੇਟ ਪਰ੍ਹਾਂ ਚਲਾ ਕੇ ਮਾਰੀ, ''ਓਏ... ਭੈਣ... ਚੋ... ਤੈਨੂੰ ਰੋਟੀ ਲਿਆਉਣ ਨੂੰ ਕੀਹਨੇ ਕਿਹੈ?'' ''ਤੁਸੀਂ ਰੋਟੀ ਤਾਂ ਖਾ ਲਵੋ... ਸਵੇਰ ਦਾ ਕੁਝ ਵੀ ਨਹੀਂ ਖਾਧਾ'' ਮਾਂ ਫੇਰ ਵਾਸਤਾ ਪਾਉਣ ਲੱਗ ਪਈ। ਬਾਊ ਜੀ ਨੇ ਮਾਂ ਦੇ ਮੂੰਹ 'ਤੇ ਚਪੇੜ ਕੱਢ ਮਾਰੀ। ਲੱਕੀ ਨੇ ਆ ਕੇ ਨਸ਼ੇ ਵਿੱਚ ਧੁੱਤ ਬਾਊ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ''ਬਾਊ ਜੀ, ਚੱਲੋ... ਚੱਲ ਕੇ ਅੰਦਰ ਪਵੋ।'' ''ਓਏ ਕੁੱਤਿਆ...! ਓਏ ਹੁਣ ਇਹ ਬਨੇਰਿਆਂ 'ਤੇ ਲਾਟੂ ਕਾਹਦੇ ਵਾਸਤੇ ਲਟਕਾਏ ਨੇ... ਸਾਲਿਆ! ਲਾਹ ਇਹਨਾਂ ਨੂੰ... ਮੈਂ ਕਹਿਨਾਂ ਲਾਹ ਸੁੱਟ ਇਹਨਾਂ ਨੂੰ! ਓਏ ਭੈਣ... ਚੋ... ਹੁਣ ਏਸ ਘਰੇ ਕੀਹਨੇ ਢੁੱਕਣੈਂ? ਦੱਸੋ ਮੈਨੂੰ ?... ਕੀਹਨੇ ਢੁੱਕਣੈਂ, ਏਸ ਘਰੇ ?'' ਧੜੰਮ ਕਰਕੇ ਬਾਊ ਜੀ ਫੇਰ ਕੁਰਸੀ 'ਤੇ ਡਿੱਗ ਪਏ।

ਹਰ ਪਾਸੇ ਗਾਲ੍ਹਾਂ ਤੇ ਰੋਣ ਦੀਆਂ ਅਵਾਜ਼ਾਂ... ਮਿੰਟੋਂ ਮਿੰਟੀਂ ਬਨੇਰਿਆਂ ਤੇ ਰੁੱਖਾਂ ਤੋਂ ਧਰੂਹ ਕੇ ਰੋਸ਼ਨੀ ਗੁੱਲ ਕਰ ਦਿੱਤੀ। ਸਾਰੀ ਰੌਣਕ ਕਿਧਰੇ ਗੁਆਚ ਗਈ। ਘਰ ਵਿੱਚ ਮਸਾਨਾਂ ਵਰਗੀ ਚੁੱਪ ਵਰਤ ਗਈ। ਰਿਸ਼ਤੇਦਾਰ ਮਹਿਜ਼ ਤਮਾਸ਼ਬੀਨ ਲੱਗ ਰਹੇ ਸੀ ਤੇ ਮੈਂ ਥਰ-ਥਰ ਕੰਬ ਰਹੀ ਸੀ... ਸਹਿਮੀ ਜਿਹੀ... ਸਾਹ ਕੱਢਣ ਤੋਂ ਵੀ ਡਰਦੀ। ਅੱਜ ਮੇਰਾ ਵਜੂਦ ਜਿਵੇਂ ਅਰਥਹੀਣ ਹੋ ਗਿਆ... ਕਚਰੇ ਦੇ ਢੇਰ ਵਾਂਗ। ਮੇਰੇ ਅੰਦਰ ਖਾਹਿਸ਼ ਪੈਦਾ ਹੋਈ... ਅੱਜ ਇਹ ਜ਼ਮੀਨ ਫਟ ਜਾਵੇ... ਮੈਨੂੰ ਨਿਗਲ ਜਾਵੇ। ਸੋਚਦੀ ਸੀ, ਮਾਂ ਆਵੇਗੀ... ਨਮਰ ਆਵੇਗੀ... ਮੈਨੂੰ ਗਲ ਨਾਲ ਲਾਉਣਗੇ... ਮੈਂ ਰੱਜ ਕੇ ਰੋਊਂਗੀ..., ਭੁਬਾਂ ਮਾਰ-ਮਾਰ ਕੇ ਰੋਊਂਗੀ ਪਰ ਸਾਰੇ ਮੇਰੇ ਵੱਲ ਨਫ਼ਰਤ ਨਾਲ ਤੱਕਦੇ ਹਨ... ਜਿਵੇਂ ਮੈਨੂੰ ਕੋਹੜ ਹੋਇਆ ਹੋਵੇ।

●●●

ਟੈਲੀਫੋਨ ਦੀ ਰਿੰਗ ਵੱਜ ਰਹੀ ਸੀ। ਕੋਈ ਨਹੀਂ ਚੁੱਕ ਰਿਹੈ। ਰਿੰਗ ਤੇ ਰਿੰਗ ਵੱਜਦੀ ਰਹੀ।... ਜਿਵੇਂ ਸੋਗੀ ਜਿਹੀ ਰਾਤ ਵਿੱਚ ਕੋਈ ਸੁੰਞ ਪਾੜਵੀਂ ਚੀਖ ਮਾਰਦਾ ਹੋਵੇ। ਮੈਥੋਂ ਬਰਦਾਸ਼ਤ ਨਹੀਂ ਹੋ ਰਹੀ। ਮੈਂ ਲੱਤਾਂ ਘੜੀਸਦੀ ਲੌਬੀ ਵਿੱਚ ਆ ਗਈ। ਫੋਨ ਚੁੱਕਿਆ, ''ਹੈਲੋ''! ''ਹੈਲੋ ਕੋਮਲ।'' ਅੱਗੋਂ ਚੇਤਨਾ ਦੀ ਛਣਕਦੀ ਆਵਾਜ਼ ਸੁਣਾਈ ਦਿੱਤੀ, ''ਕੋਮਲ, ਤੈਨੂੰ ਬਹੁਤ-ਬਹੁਤ ਮੁਬਾਰਕਾਂ!... ਮੈਨੂੰ ਕਾਰਡ ਪਹੁੰਚ ਗਿਆ... ਪਰ ਵੈਰੀ ਸੌਰੀ ਯਾਰ... ਮੇਰਾ ਕੰਪਨੀ ਵੱਲੋਂ ਮਦਰਾਸ ਦਾ ਟੂਰ ਹੈ... ਜ਼ਰੂਰੀ ਮੀਟਿੰਗ ਲਈ ਜਾਣਾ ਪਵੇਗਾ। ਮੈਂ ਦਿੱਲੀ ਵਾਪਿਸ ਘਰ ਆ ਕੇ ਤੁਹਾਨੂੰ ਦੋਹਾਂ ਨੂੰ ਇਨਵਾਈਟ ਕਰਾਂਗੀ। ਅੱਛਾ ਦੱਸ। ਉਹ ਕਿਹੋ ਜਿਹਾ ਐ?... ਕੀ ਕਰਦੈ ?... ਤੂੰ ਤਾਂ ਅਪਣੇ ਸ਼ਹਿਰ ਵਿੱਚ ਹੀ ਲੱਭ ਲਿਆ... ਲਵ ਮੈਰਿਜ ਹੈ ਕਿ ਅਰੇਂਜਡ?'' ਮੇਰੇ ਚਿਹਰੇ 'ਤੇ ਤਰੇਲੀ ਆ ਗਈ। ਲੱਤਾਂ ਕੰਬ ਰਹੀਆਂ ਸਨ। ''ਚੇਤਨਾ, ਜਦੋਂ ਮਿਲਾਂਗੇ... ਫੇਰ ਸਾਰੀ ਗੱਲ ਦੱਸਾਂਗੀ।'' ''ਨਹੀਂ ਹੁਣੇ ਦੱਸ... ਮੈਨੂੰ ਬਹੁਤ ਕਰੀਓਸਟੀ ਐ।'' 'ਦਰਅਸਲ ਚੇਤਨਾ ਘਰ ਬਹੁਤ ਗੈਸਟ ਆਏ ਹੋਏ ਨੇ... ਸ਼ੋਰ ਬਹੁਤ ਹੈ... ਤੇਰੀ ਅਵਾਜ਼ ਵੀ ਠੀਕ ਨਹੀਂ ਸੁਣ ਰਹੀ... ਮੈਂ ਤੈਨੂੰ ਆਪ ਹੀ ਫੋਨ ਕਰਾਂਗੀ... ਓ ਕੇ।'' ਮੈਂ ਝੱਟ ਦੇਣੇ ਹੱਥੋਂ ਫੋਨ ਪਟਕ ਦਿੱਤਾ, ਜਿਵੇਂ ਕਰੰਟ ਲੱਗ ਗਿਆ ਹੋਵੇ... ਮੈਨੂੰ ਅੰਦਰ ਤਾਂਈ ਕਈ ਝਟਕੇ ਲੱਗੇ।

''ਕੀਹਦਾ ਫੋਨ ਸੀ?'' ਨਮਰ ਦੀਦੀ ਨੇ ਮੇਰੇ ਵੱਲ ਘੂਰ ਕੇ ਪੁੱਛਿਆ। ਮੈਂ ਪਿੱਠ ਭੁਆ ਕੇ ਕਿਹਾ, ''ਚੇਤਨਾ ਦਾ''। ਨਮਰ ਜਾਣਦੀ ਸੀ, ਮੈਂ ਤੇ ਚੇਤਨਾ ਨੇ ਬੀ. ਟੈੱਕ ਇਕੱਠਿਆਂ ਕੀਤੀ ਸੀ। ਚੇਤਨਾ ਨੇ ਅਗਾਂਹ ਦਿੱਲੀ ਤੋਂ ਐਮ. ਬੀ. ਏ. ਕਰ ਲਈ। ਦਿੱਲੀ ਹੀ ਸੈਟਲ ਹੋ ਗਈ। ਅੱਜਕਲ੍ਹ ਉਹ ਮਲਟੀਨੈਸ਼ਨਲ ਕੰਪਨੀ ਵਿੱਚ ਕੌਰਪੋਰੇਟ ਮੈਨੇਜਰ ਸੀ... ਤੇ ਮੈਂ... ਮੈਂ ਤਾਂ ਘਰ ਤੱਕ ਹੀ ਸੀਮਤ ਰਹਿ ਗਈ। ਨਮਰ ਦੀਦੀ ਦੇ ਵਿਆਹ ਪਿੱਛੋਂ ਹੀ ਘਰ ਦੇ ਮੇਰੇ ਲਈ ਚੰਗੇ ਖਾਨਦਾਨੀ ਵਰ ਦੀ ਤਲਾਸ਼ ਕਰਨ ਲੱਗ ਪਏ। ਅਗਾਂਹ ਪੜ੍ਹਨਾ ਚਾਹੁੰਦੀ ਸੀ... ਪਰ ਨਹੀਂ... ਸ਼ਹਿਰੋਂ ਬਾਹਰ ਅਸੀਂ ਭੇਜ ਨਹੀਂ ਸਕਦੇ। ਬੀ. ਟੈੱਕ ਦੀ ਐਡਮਿਸ਼ਨ ਵੇਲੇ ਵੀ ਇਹੋ ਸ਼ਰਤ ਸੀ। ਜੇ ਸੀਟ ਲੋਕਲ ਕਾਲਜ ਵਿੱਚ ਮਿਲ ਗਈ ਤਾਂ ਠੀਕ ਹੈ... ਪਰ ਅਸੀਂ ਬਾਹਰ ਨਹੀਂ ਭੇਜਣਾ। ਮੇਰੇ ਚੰਗੇ ਕਰਮ ਸੀ ਜੋ ਲੋਕਲ ਇੰਜੀਨੀਰਿੰਗ ਕਾਲਜ ਵਿੱਚ ਐਡਮਿਸ਼ਨ ਮਿਲ ਗਈ... ਨਹੀਂ ਤਾਂ ਨਮਰ ਵਾਂਗ ਮੈਨੂੰ ਵੀ ਛੇਤੀ ਵਿਆਹ ਕੇ ਤੋਰ ਦਿੰਦੇ।

ਵੱਡੀ ਭੂਆ ਦੀ ਅਵਾਜ਼ ਮੈਨੂੰ ਸੁਣ ਰਹੀ ਸੀ। ''ਬੀਰ। ਤੂੰ ਰੋਟੀ ਖਾ ਲੈ... ਦੱਸ ਕਿੰਨੇ ਕੁ ਦਿਨ ਨਾ ਖਾਏਂਗਾ ? ਹੁਣ ਜੋ ਹੋਣਾ ਸੀ, ਉਹ ਤਾਂ ਹੋ ਗਿਐ।'' ਬਾਊ ਜੀ ਫੇਰ ਗਾਲ੍ਹਾਂ ਕੱਢਣ ਲੱਗ ਪਏ। ਲੱਡੂਆਂ ਵਾਲਾ ਟੋਕਰਾ ਚੁੱਕ ਕੇ ਲੌਬੀ ਵਿੱਚ ਉਲਟ ਦਿੱਤਾ। ਲੱਕੀ ਤੇ ਮਾਂ ਲੱਡੂ ਇਕੱਠੇ ਕਰ-ਕਰ ਕੇ ਟੋਕਰੇ ਵਿੱਚ ਪਾ ਰਹੇ ਸਨ। ਮੈਂ ਅਪਣੇ ਕਮਰੇ ਵਿੱਚ ਖਿਲ੍ਹਰੇ ਕੱਪੜੇ ਸਮੇਟ ਰਹੀ ਸੀ। ਸ਼ਗਨਾਂ ਵਾਲੀ ਲਾਲ ਚੁੰਨੀ ਹੱਥ ਆ ਗਈ... ਉਸਤੇ ਜੜ੍ਹੇ ਸਿਤਾਰੇ ਹੁਣ ਮੇਰੀਆਂ ਅੱਖਾਂ ਨੂੰ ਚੁਭਦੇ ਸਨ... ਇਹ ਸਿਤਾਰੇ... ਮੈਂ ਅਪਣੇ ਹੱਥੀਂ ਲਾਏ... ਸ਼ਾਇਦ ਮੇਰੇ ਹਿੱਸੇ ਵਿੱਚ ਨਹੀਂ ਸਨ। ਮੇਰੇ ਤਾਂ ਹਿੱਸੇ ਦੇ ਸੁਫ਼ਨੇ ਵੀ ਹੰਝੂਆਂ ਨਾਲ ਹੌਲੀ-ਹੌਲੀ ਤਿਲਕ ਕੇ ਕਿਧਰੇ ਗੁਆਚ ਗਏ। ਮੈਂ ਤਾਂ ਜਿਵੇਂ ਅਪਣੇ ਆਪ ਤੋਂ ਵਿਛੜ ਗਈ।

ਮੈਂ ਲੱਕੀ ਨੂੰ ਅਵਾਜ਼ ਦਿੱਤੀ। ''ਵੀਰੇ ਮੈਨੂੰ ਕੋਈ ਨੀਂਦ ਦੀ ਗੋਲੀ ਦੇ ਦੇ''। ਉਸਨੇ ਗੋਲੀਆਂ ਦਾ ਪੂਰਾ ਪੱਤਾ ਹੀ ਮੇਰੇ ਵੱਲ ਵਗਾਹ ਮਾਰਿਆ। ਮੈਂ ਇਕੱਠੀਆਂ ਹੀ ਦੋ ਗੋਲੀਆਂ ਫੱਕ ਲਈਆਂ। ਮੇਰਾ ਨਾੜੀ ਤੰਤਰ ਸੁਸਤ ਹੁੰਦਾ ਜਾ ਰਿਹਾ ਸੀ... ਨੀਮ ਬੇਹੋਸ਼ੀ ਛਾ ਗਈ... ਕਿਸੇ ਹਨ੍ਹੇਰੇ ਵਿੱਚ ਗੁਆਚਦੀ ਜਾ ਰਹੀ ਸੀ। ਇੱਕ ਅਵਾਜ਼ ਹਾਲੇ ਵੀ ਮੇਰਾ ਪਿੱਛਾ ਨਹੀਂ ਸੀ ਛੱਡ ਰਹੀ... ਗੂੰਜ ਰਹੀ ਸੀ ਮੇਰੇ ਆਲੇ ਦੁਆਲੇ... ਹੁਣ ਕੀਹਨੇਂ ਢੁੱਕਣੈ ਏਸ ਘਰੇ?... ਹੁਣ ਕੀਹਨੇ... ? ਮੈਨੂੰ ਜਿਵੇਂ ਚਿਖਾ ਤੇ ਰੱਖ ਦਿੱਤਾ ਹੋਵੇ... ਮੱਚ ਰਹੀ ਸੀ ਮੈਂ। ਜਿਹੜਾ ਨੇੜੇ ਆਉਂਦਾ, ਹੋਰ ਲੱਕੜਾਂ ਧਰ ਜਾਂਦਾ... ਕਿਧਰੇ ਮੈਂ ਅੱਧ ਮੱਚੀ ਨਾ ਰਹਿ ਜਾਵਾਂ। ਲਲਿਤਾ ਭਾਬੀ ਕੋਲ ਖੜ੍ਹੀ ਗਰੂਰ ਨਾਲ ਮੁਸਕਰਾ ਰਹੀ ਸੀ। ਦਕਸ਼ ਉੱਚੀ-ਉੱਚੀ ਹੱਸਦਾ ਹੋਇਆ... ਮੈਨੂੰ ਚੰਡਾਲ ਲੱਗ ਰਿਹਾ ਸੀ। ਏਸੇ ਤਰ੍ਹਾਂ ਹੀ ਹੱਸਿਆ ਸੀ, ਓਸ ਦਿਨ, ਜਿਸ ਦਿਨ ਲਲਿਤਾ ਭਾਬੀ ਦਾ ਫੋਨ ਆਇਆ, ''ਕੋਮਲ ਬਜ਼ਾਰ ਆ ਜਾ... ਵਰੀ ਖਰੀਦਣੀ ਐ... ਤੇਰੀ ਤੇ ਦਕਸ਼ ਦੀ ਪਸੰਦ ਦੀ ਸ਼ਾਪਿੰਗ ਹੋ ਜਾਵੇ ਤਾਂ ਚੰਗੈ।'' ਅੱਜ ਮੈਂ ਦਕਸ਼ ਨੂੰ ਮਿਲਾਂਗੀ। ਇਹੀ ਸੋਚ ਕੇ ਅੰਦਰੋਂ-ਅੰਦਰੀਂ ਕਿਸੇ ਅਵੱਲੇ ਅਹਿਸਾਸ ਨੂੰ

ਮਹਿਸੂਸ ਕਰ ਰਹੀ ਸੀ। ਵਾਰ-ਵਾਰ ਘੜੀ ਦੀਆਂ ਸੂਈਆਂ ਵੇਂਹਦੀ। ਸ਼ੀਸ਼ੇ ਮੂਹਰੇ ਕਈ ਵਾਰ ਅਪਣੇ ਆਪ ਨੂੰ ਤੱਕਿਆ... ਉਸ ਨਾਲ ਮੁਲਾਕਾਤ ਬਾਰੇ ਸੋਚ ਕੇ ਸੱਚਮੁੱਚ ਮੈਂ ਗੁਲਜ਼ਾਰ ਹੋ ਰਹੀ ਸੀ।

●●●

ਮੇਰੇ ਸਾਹਮਣੇ ਰੰਗ ਬਿਰੰਗੀਆਂ ਸਾੜੀਆਂ ਤੇ ਸੂਟ ਖਿਲ੍ਹਰੇ ਪਏ ਸਨ। ਲਲਿਤਾ ਭਾਬੀ ਮੇਰੇ ਤੇ ਦਕਸ਼ ਵਿਚਾਲੇ ਬੈਠੀ ਹੋਈ। ਮੈਂ ਚੋਰ ਅੱਖ ਨਾਲ ਦਕਸ਼ ਨੂੰ ਵੇਖ ਲੈਂਦੀ। ਉਹ ਹਰ ਰੰਗ ਵੇਖਦਾ ਤੇ ਲਲਿਤਾ ਭਾਬੀ ਨੂੰ ਪੁੱਛਦਾ, ''ਭਾਬੀ ਜਾਨ ਇਹ ਸਾੜੀ ਕਿਹੋ ਜਿਹੀ ਹੈ ?'' ''ਬਹੁਤ ਸੋਹਣੀ! ਪਰ ਦਕਸ਼, ਰੰਗ ਜ਼ਿਆਦਾ ਡਾਰਕ ਐ... ਕੋਮਲ ਨੂੰ ਸੂਟ ਨਹੀਂ ਕਰੇਗਾ।'' ''ਭਾਬੀ ਜਾਨ, ਤੁਹਾਨੂੰ ਤੇ ਕਰੇਗਾ ?... ਮੇਰੀ ਖੁੰਭ ਵਰਗੀ ਭਾਬੀ... ਤੇ ਉਸਦੇ ਇਹ ਸਾੜੀ ਪਾਈ ਹੋਵੇ... ਓਹੋ! ਕਿਆਮਤ ਲੱਗੇਂਗੀ ਭਾਬੀ, ਕਿਆਮਤ!'' ਲਲਿਤਾ ਨੇ ਦਕਸ਼ ਦੇ ਲਾਡ ਨਾਲ ਮੁੱਕਾ ਮਾਰਿਆ। ''ਵੇਖ ਲੈ ਕੋਮਲ... ਮੇਰਾ ਲਾਡਲਾ ਦਿਓਰ... ਬਹੁਤ ਸ਼ਰਾਰਤੀ ਐ।'' ਦਕਸ਼ ਨੇ ਭਾਬੀ ਵਾਸਤੇ ਸਾੜੀ ਪੈਕ ਕਰਵਾ ਕੇ ਪਾਸੇ ਰਖਵਾ ਦਿੱਤੀ। ਮੈਂ ਸਾਹਮਣੇ ਲੱਗੇ ਸ਼ੀਸ਼ੇ ਵਿੱਚ ਕਦੇ ਅਪਣੇ ਆਪ ਨੂੰ ਤੱਕਦੀ, ਕਦੇ ਲਲਿਤਾ ਭਾਬੀ ਨੂੰ। ਸੱਚਮੁੱਚ ਉਹ ਬਹੁਤ ਗੋਰੀ ਸੀ... ਤੇ ਮੈਂ ਸ਼ਾਇਦ ਉਸਦੇ ਜਿੰਨੀ ਖੂਬਸੂਰਤ ਨਹੀਂ। ਅੰਦਰੋਂ ਕਮਤਰੀ ਦਾ ਅਹਿਸਾਸ ਹੋ ਰਿਹਾ ਸੀ। ''ਕੋਮਲ ਤੂੰ ਸੋਬਰ ਜਿਹੇ ਕਲਰ ਪਸੰਦ ਕਰ ਲੈ।'' ਭਾਬੀ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਮੈਨੂੰ ਹਲੂਣ ਦਿੱਤਾ। ''ਭਾਬੀ ਜੋ ਤੁਸੀਂ ਪਸੰਦ ਕਰੋਗੇ ਠੀਕ ਹੈ।'' ''ਲੈ ਇਹ ਕੀ ਗੱਲ ਹੋਈ ? ਹਰ ਇੱਕ ਦੀ ਅਪਣੀ ਅਪਣੀ ਪਸੰਦ ਹੁੰਦੀ ਹੈ... ਅੱਜਕਲ੍ਹ ਕੀ ਫੈਸ਼ਨ ਚੱਲ ਰਿਹੈ, ਤੇਰੇ ਵਰਗੀਆਂ ਕੁੜੀਆਂ ਨੂੰ ਜ਼ਿਆਦਾ ਪਤੈ।'' ''ਕਦੇ ਬਾਪੂ ਨੇ ਘਰੋਂ ਬਾਹਰ ਕੱਢੀ ਹੋਵੇ ਤਾਂ ਹੀ ਪਤਾ ਹੋਵੇ।'' ਦਕਸ਼ ਕਹਿ ਕੇ ਹੱਸ ਪਿਆ। ਮੈਨੂੰ ਉਸਦੀ ਗੱਲ ਕਰਨ ਦਾ ਅੰਦਾਜ਼ ਬਿਲਕੁਲ ਪਸੰਦ ਨਹੀਂ ਆਇਆ, ਪਰ ਉਹ ਠੀਕ ਹੀ ਕਹਿੰਦਾ ਸੀ। ਪੰਜ ਸਾਲ ਏਸੇ ਸ਼ਹਿਰ ਵਿੱਚ ਡਿਗਰੀ ਕਰਦੀ ਰਹੀ। ਬਾਊ ਜੀ ਨੇ ਰਿਕਸ਼ਾ ਲਵਾ ਦਿੱਤਾ ਸੀ। ਘਰ ਤੋਂ ਕਾਲਜ ਤੇ ਕਾਲਜ ਤੋਂ ਘਰ। ਇਕੱਲੀ ਬਜ਼ਾਰ ਜਾਣਾ... ਸਹੇਲੀਆਂ ਨਾਲ ਘੁੰਮਣਾ ਫਿਰਨਾ, ਇਹਨਾਂ ਗੱਲਾਂ ਦੀ ਸਾਨੂੰ ਇਜਾਜ਼ਤ ਨਹੀਂ ਸੀ। ਜਦੋਂ ਕਿਧਰੇ ਜਾਣਾ ਤਾਂ ਮਾਂ ਤੇ ਨਮਰ ਦੀਦੀ ਨਾਲ।

''ਤੁਸੀਂ ਬੈਠੋ... ਮੈਂ ਹੁਣੇ ਆਇਆ।'' ਕਹਿ ਕੇ ਦਕਸ਼ ਚਲਾ ਗਿਆ। ਭਾਬੀ ਨੇ ਕਈ ਸੂਟ ਸਾੜੀਆਂ ਪੈਕ ਕਰਵਾ ਲਈਆਂ। ਘੰਟੇ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ। ਦਕਸ਼ ਹਾਲੇ ਵੀ ਨਹੀਂ ਆਇਆ। ਭਾਬੀ ਨੇ ਫੋਨ ਕੀਤਾ, ''ਹਾਲੇ ਤੇਰੇ ਪੰਜ ਮਿੰਟ ਨਹੀਂ ਹੋਏ ?... ਸਾਨੂੰ ਬਹੁਤ ਭੁੱਖ ਲੱਗੀ ਹੈ... ਤੂੰ ਇੰਝ ਕਰ ਫਟਾਫਟ ਸਾਹਮਣੇ ਰੈਸਟੋਰੈਂਟ ਵਿੱਚ ਆ ਜਾ।''

ਦਕਸ਼ ਆ ਗਿਆ। ਆਉਂਦਾ ਹੀ ਕੁਰਸੀ ਵਿੱਚ ਵੱਜਿਆ। ਮੈਂ ਉੱਠ ਕੇ ਕੁਰਸੀ ਸਿੱਧੀ ਕੀਤੀ। ਮੈਂ ਪੁੱਛ ਬੈਠੀ, ''ਤੁਸੀਂ ਡਰਿੰਕ ਕਰਕੇ ਆਏ ਓ ?'' ਉਸਨੇ ਮੂੰਹ ਖੋਹਲ ਕੇ ਮੇਰੇ ਵੱਲ ਸਾਹ ਛੱਡਿਆ। ''ਬਿਲਕੁਲ ਵੀ ਨਹੀਂ।'' ਪਰ ਉਹ ਡੋਲ ਰਿਹਾ ਸੀ। ਸਹਿਜ ਨਹੀਂ ਸੀ। ਮੈਂ ਪਰੇਸ਼ਾਨ ਹੋ ਗਈ। ਲਲਿਤਾ ਭਾਬੀ ਫਟਾਫਟ ਬੋਲੀ ''ਕੋਮਲ ਜੇ ਡਰਿੰਕ ਵੀ ਕੀਤੀ ਹੋਵੇ, ਤਾਂ ਕੀ ਹੋਇਆ... ਮੁੰਡੇ ਦਾ ਵਿਆਹ ਐ... ਥੋੜ੍ਹਾ ਫੱਨ-ਸ਼ੱਨ ਤਾਂ ਚਲਦਾ ਈ ਐ। ਦੱਸ ਤੂੰ ਕੀ ਖਾਣੈਂ ?'' ਮੈਂ ਚੁੱਪ ਸੀ। ''ਤੂੰ ਝਿਜਕ ਕਿਉਂ ਰਹੀ ਏਂ... ਕਾਨਫੀਡੈਂਸ ਨਾਲ ਗੱਲ ਕਰ।'' ''ਨਹੀਂ ਭਾਬੀ ਜੀ... ਮੈਂ ਸੋਚ ਰਹੀ ਸੀ, ਕਾਫ਼ੀ ਦੇਰ ਹੋ ਗਈ। ਹਾਲੇ ਤੱਕ ਤਾਂ ਕੌਫ਼ੀ ਵੀ ਨਹੀਂ ਆਈ।'' ''ਮੈਂ ਪਤਾ ਕਰਕੇ ਆਉਨਾਂ।'' ਉਹ ਉੱਠਕੇ ਕਾਊਂਟਰ ਵੱਲ ਚਲਾ ਗਿਆ। ਲੜਖੜਾਉਂਦਾ ਹੋਇਆ। ਕਦੀ ਕਿਸੇ ਮੇਜ਼ ਵਿੱਚ ਵੱਜਦਾ ਤੇ ਕਦੇ ਕਿਸੇ ਕੁਰਸੀ ਵਿੱਚ। ਉਦੋਂ ਹੀ ਪਤਾ ਲੱਗਿਆ ਜਦੋਂ ਕਾਊਂਟਰ ਦੁਆਲੇ ਭੀੜ ਇਕੱਠੀ ਹੋ ਗਈ। ਦਕਸ਼ ਬੁਰੀ ਤਰ੍ਹਾਂ ਗਾਲ੍ਹਾਂ ਕੱਢ ਰਿਹਾ ਸੀ। ਭਾਬੀ ਉਸਨੂੰ ਭੀੜ ਵਿੱਚੋਂ ਧਰੂਹ ਲਿਆਈ। ਉਸਦੇ ਹੱਥ ਕੰਬ ਰਹੇ ਸਨ। ਚਿਹਰਾ ਲਾਲ... ਅੱਖਾਂ ਚੜ੍ਹੀਆਂ ਹੋਈਆਂ। ਲਲਿਤਾ ਭਾਬੀ ਨੇ ਕਾਰ ਦੀ ਚਾਬੀ ਉਸ ਦੇ ਹੱਥੋਂ ਫੜ ਲਈ। ਉਸਨੂੰ ਸੀਟ ਤੇ ਬਿਠਾਇਆ। ਭਾਬੀ ਆਪ ਹੀ ਕਾਰ ਡਰਾਈਵ ਕਰਨ ਲੱਗ ਪਈ ਤੇ ਉਹ ਇੱਕ ਪਾਸੇ ਗਰਦਨ ਟੇਢੀ ਕਰੀ ਹਾਲੇ ਵੀ ਗਾਲ੍ਹਾਂ ਕੱਢ ਰਿਹਾ ਸੀ। ਮੈਨੂੰ ਘਰ ਦੇ ਮੋੜ 'ਤੇ ਹੀ ਉਤਾਰ ਕੇ ਉਹ ਚਲੇ ਗਏ। ਸਭ ਦਾ ਮੂਡ ਅਪਸੈੱਟ ਹੋ ਗਿਆ। ਮੈਂ ਅਜੀਬ ਉਲਝਣ ਵਿੱਚ ਸੀ। ਦਕਸ਼ ਦਾ ਏਨਾ ਓਪਰਾ ਵਿਹਾਰ। ਮੈਂ ਅੰਦਰ ਤਾਂਈ ਟੁੱਟ ਗਈ। ਮੈਂ ਉਸਦੇ ਕਿੰਨੇ ਕਰੀਬ ਬੈਠੀ ਰਹੀ ਪਰ ਉਸ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਸੀ।

●●●

''ਦੀਦੀ, ਦਕਸ਼ ਦੇ ਕੱਪੜੇ ਖਰੀਦਣੇ ਨੇ... ਕਿਉਂ ਨਾ ਆਪਾਂ ਵੀ ਦਕਸ਼ ਨੂੰ ਮਾਰਕਿਟ ਬੁਲਾ ਲਈਏ। ਆਪੇ ਅਪਣੀ ਪਸੰਦ ਨਾਲ ਸ਼ਾਪਿੰਗ ਕਰ ਲਵੇਗਾ।'' ਦੀਦੀ ਹੱਸ ਪਈ। ''ਠੀਕ ਹੈ... ਤੂੰ ਫੋਨ ਕਰ।'' ਮੈਂ ਫੋਨ ਕੀਤਾ, ''ਦਕਸ਼ ਤੁਸੀਂ ਬਜ਼ਾਰ ਆ ਸਕਦੇ ਓ ? ਤੁਹਾਡੇ ਕੱਪੜੇ ਖਰੀਦਣੇ ਨੇ... ਮੈਂ ਚਾਹੁੰਦੀ ਹਾਂ ਆਪਾਂ ਦੋਹੇ... ਸਿਰਫ਼ ਦੋਹੇਂ ਤੁਹਾਡੀ ਸ਼ਾਪਿੰਗ ਕਰੀਏ... ਥੋੜ੍ਹੀ ਦੇਰ ਇਕੱਲੇ ਬੈਠਾਂਗੇ... ਅਪਣੀਆਂ ਗੱਲਾਂ ਕਰਾਂਗੇ।''

''ਹੁਣ ਤਾਂ ਮੈਂ ਦੋਸਤਾਂ ਨਾਲ ਬਾਹਰ ਬੈਠਾ ਹਾਂ। ਚਾਰ ਕੁ ਵਜੇ ਪਹੁੰਚ ਜਾਵਾਂਗਾ।'' ਅੱਜ ਮੈਂ ਖੁਸ਼ ਸੀ। ਦੀਦੀ ਨੂੰ ਕਿਹਾ ਸੀ, ''ਕੁਝ ਦੇਰ ਸਾਨੂੰ ਦੋਹਾਂ ਨੂੰ ਇਕੱਲੇ ਛੱਡ ਦੇਣਾ।"

●●●

ਨਮਰ ਤੇ ਮੈਂ ਸ਼ੋਅ-ਰੂਮ ਦੇ ਅੰਦਰ ਖੜ੍ਹੇ ਇੰਤਜ਼ਾਰ ਕਰ ਰਹੇ ਸੀ। ਉਹ ਮੋਟਰ ਸਾਇਕਲ 'ਤੇ ਆ ਗਿਆ। ਲਲਿਤਾ ਭਾਬੀ ਵੀ ਪਿੱਛੇ ਬੈਠੀ ਹੋਈ। ਪਤਾ ਨਹੀਂ ਕਿਉਂ ਮੇਰੇ ਦਿਮਾਗ 'ਤੇ ਬੋਝ ਪੈ ਗਿਆ। ਬੁੱਲ੍ਹਾਂ 'ਤੇ ਚੁੱਪ ਚੜ੍ਹ ਗਈ। ਮੈਂ ਦਕਸ਼ ਵੱਲ ਵੇਖਿਆ... ਉਹ ਨੀਂਦਰੇ ਵਿੱਚ ਲੱਗਿਆ... ਚੰਗੀ ਤਰ੍ਹਾਂ ਵਾਲ ਵੀ ਨਹੀਂ ਵਾਹੇ ਹੋਏ... ਅੱਖਾਂ ਲਾਲ ਸੁਰਖ। ''ਤੁਹਾਡੀ ਤਬੀਅਤ ਤਾਂ ਠੀਕ ਐ ?'' ਮੈਂ ਨੇੜੇ ਹੋ ਕੇ ਪੁੱਛਿਆ। ''ਮੈਨੂੰ ਕੀ ਹੋਇਐ ?'' ਉਸਦੇ ਜਵਾਬ ਵਿੱਚ ਰੁੱਖਾਪਣ ਸੀ। ''ਸਵੇਰ ਦਾ ਸੁੱਤਾ ਪਿਐ, ਮਸਾਂ ਉਠਾ ਕੇ ਲਿਆਈਂ ਹਾਂ।'' ਭਾਬੀ ਨੇ ਲੜਖੜਾ ਕੇ ਜਵਾਬ ਦਿੱਤਾ। ਮੈਂ ਭਾਬੀ ਦੇ ਚਿਹਰੇ ਵੱਲ ਗੌਰ ਨਾਲ ਤੱਕਿਆ... ਸਾਫ਼ ਝੂਠ ਦਾ ਪਰਦਾ ਪਾ ਰਹੀ ਸੀ। ਦੀਦੀ ਨੇ ਦਕਸ਼ ਨੂੰ ਪੈਂਟਾਂ, ਸ਼ਰਟਾਂ ਦੇ ਰੰਗ ਪਸੰਦ ਕਰਨ ਨੂੰ ਕਿਹਾ, ਪਰ ਉਹ ਤਾਂ ਜਿਵੇਂ ਕਿਧਰੇ ਗੁਆਚਿਆ ਹੋਇਆ... ਹੱਥ ਵਿੱਚ ਕੱਪੜਾ ਫੜ੍ਹਦਾ ਤਾਂ ਉਸਦੇ ਹੱਥ ਕੰਬਦੇ... ਅੱਖਾਂ ਦੀਆਂ ਪੁਤਲੀਆਂ ਖ਼ਤਰਨਾਕ ਤਰੀਕੇ ਨਾਲ ਹਰਕਤ ਕਰ ਰਹੀਆਂ ਸਨ। ''ਭਾਬੀ, ਯਾਰ। ਤੁਸੀਂ ਆਪ ਹੀ ਸਿਲੈਕਟ ਕਰ ਲਓ।'' ਲਲਿਤਾ ਭਾਬੀ ਨੇ ਉਸਨੂੰ ਪਿਆਰ ਨਾਲ ਪਲੋਸਿਆ। ''ਠੀਕ ਐ... ਤੂੰ ਜਾਹ, ਰੈਸਟ ਕਰ... ਮੈਨੂੰ ਪਤੈ ਤੂੰ ਬਹੁਤ ਥੱਕਿਆ ਹੋਇਐਂ।'' ਦਕਸ਼ ਫਟਾਫਟ ਉੱਠ ਕੇ ਚਲਾ ਗਿਆ।

ਅਸੀਂ ਦੋਹੇਂ ਭੈਣਾਂ ਵਾਪਿਸ ਆ ਗਈਆਂ। ਨਮਰ ਦੀਦੀ ਤਾਂ ਜਿਵੇਂ ਗੂੰਗੀ ਹੋ ਕੇ ਬੈਠੀ ਸੀ। ਸ਼ਾਇਦ ਉਹ ਵੀ ਓਹੀ ਸੋਚ ਰਹੀ ਸੀ, ਜੋ ਮੈਂ। ਮੈਂ ਉਸਦੇ ਚਿਹਰੇ 'ਤੇ ਉਪਰਾਮਤਾ ਵੇਖ ਲਈ। ਘਰ ਪਹੁੰਚੇ ਤਾਂ ਬਨੇਰਿਆਂ 'ਤੇ ਲੜੀਆਂ ਤੇ ਲਾਟੂ ਜਗਮਗਾ ਰਹੇ ਸਨ। ਵਿਹੜੇ ਵਿੱਚ ਚਾਨਣੀ ਤਾਣ ਦਿੱਤੀ

ਗਈ... ਰਿਸ਼ਤੇਦਾਰਾਂ ਦਾ ਇਕੱਠ... ਹਲਵਾਈ ਦੀ ਭੱਠੀ ਵਿੱਚੋਂ ਉੱਠਦੀ ਮਿੱਠੀ ਜਿਹੀ ਖੁਸ਼ਬੋ। ਮਾਂ ਨੇ ਵੀ ਅੱਜ ਸਿਰ 'ਤੇ ਸਵਾਰ ਕੇ ਚੁੰਨੀ ਲਈ ਹੋਈ ਸੀ। ਆਪ ਤੋਂ ਵੱਡੇ ਰਿਸ਼ਤੇਦਾਰਾਂ ਨੂੰ ਉਹ ਏਸੇ ਤਰ੍ਹਾਂ ਮਾਣ ਦਿੰਦੀ। ਅਪਣੇ ਕਮਰੇ ਵਿੱਚ ਆ ਕੇ ਮੈਂ ਲੇਟ ਗਈ। ਮੈਨੂੰ ਵਿਆਹ ਦੀ ਇਹ ਰੌਣਕ ਕੋਈ ਖੁਸ਼ੀ ਨਹੀਂ ਦੇ ਰਹੀ ਸੀ।

''ਕੁੜੀਏ, ਤੇਰੀ ਮਾਂ ਕਿੱਥੇ ਐ ?'' ਬਾਊ ਜੀ ਨੇ ਮੇਰੇ ਕਮਰੇ ਦਾ ਬੂਹਾ ਜ਼ੋਰ ਦੀ ਖੋਲ੍ਹਿਆ। ''ਪਤਾ ਨੀ ਬਾਊ ਜੀ... ਬਾਹਰ ਹੀ ਹੋਣਗੇ।'' ''ਭੈਣ... ਚੋ... ਪਤਾ ਨੀਂ ਕਿੱਥੇ ਭੌਂਕਦੀ ਫਿਰਦੀ ਐ... ਆਹ ਹਵਨ ਦੀ ਸਮੱਗਰੀ ਸਾਂਭ ਲੈਂਦੀ... ਫੇਰ ਟਾਈਮ 'ਤੇ ਕੁਝ ਲੱਭਣਾ ਨਹੀਂ।'' ਬੁੜਬੁੜ ਕਰਦਿਆਂ ਉਹਨਾਂ ਮੇਰੇ ਕਮਰੇ ਦਾ ਬੂਹਾ ਠਾਹ ਕਰਕੇ ਬੰਦ ਕਰ ਦਿੱਤਾ। ਮੈਂ ਤ੍ਰਬਕ ਗਈ। ਪਹਿਲਾਂ ਹੀ ਅੰਦਰੋਂ ਡਾਵਾਂਡੋਲ ਸੀ। ਦੂਰ ਤੱਕ ਜਗਮਗਾਉਂਦੀ ਰੋਸ਼ਨੀ ਪਰ ਮੇਰੇ ਅੰਦਰ ਹਨ੍ਹੇਰਾ ਪਸਰਦਾ ਜਾ ਰਿਹਾ ਸੀ। ਮੈਂ ਹੋਰ ਸੱਚ ਲੱਭਣਾ ਚਾਹੁੰਦੀ ਸੀ। ਮੇਰਾ ਕਲਾਸਫੈਲੋ ਜਗਦੀਪ... ਉਸਨੂੰ ਇਹ ਡਿਊਟੀ ਸੌਂਪਣਾ ਚਾਹੁੰਦੀ ਸੀ। ਮੈਨੂੰ ਪਤਾ ਸੀ ਜਗਦੀਪ ਜੋ ਖ਼ਬਰ ਲਿਆਏਗਾ, ਗਲਤ ਨਹੀਂ ਹੋਵੇਗੀ। ਕੰਬਦੇ ਹੱਥਾਂ ਨਾਲ ਮੈਂ ਜਗਦੀਪ ਦਾ ਨੰਬਰ ਮਿਲਾਉਣ ਲੱਗ ਪਈ।

●●●

ਦੀਦੀ ਨੇ ਸਵੇਰੇ-ਸਵੇਰੇ ਨਹਾਉਣ ਦੀ ਹਦਾਇਤ ਕਰ ਦਿੱਤੀ। ਮਹਿੰਦੀ ਲਾਉਣ ਵਾਲੀ ਨੇ ਆਉਣੈਂ। ਦੀਦੀ ਮਹਿੰਦੀ ਵਾਲਾ ਕੌਲਾ ਫੜੀ ਅੰਦਰ ਆਈ। ''ਵੇਖ ਕੋਮਲ। ਮਹਿੰਦੀ ਕਿੰਨੀ ਰੰਗਲੀ ਐ... ਤੇਰੀ ਸੱਸ ਤੈਨੂੰ ਬਹੁਤ ਪਿਆਰ ਕਰੇਗੀ।'' ਉਹ ਹੱਸ ਪਈ। ''ਦੀਦੀ ਇੱਕ ਗੱਲ ਆਖਾਂ ?'' ''ਕੀ ?'' ''ਤੁਸੀਂ ਦਕਸ਼ ਦੀ ਹਾਲਤ ਵੇਖੀ ਸੀ... ਉਸਨੇ ਜ਼ਰੂਰ ਕੋਈ ਤੇਜ਼ ਨਸ਼ਾ ਕੀਤਾ ਹੋਇਆ ਸੀ।'' ''ਹੈ ਪਾਗਲ! ਉਹ ਕੀ ਨਸ਼ੇ ਕਰਦੈ ?... ਲਲਿਤਾ ਨੇ ਦੱਸਿਆ ਤਾਂ ਸੀ, ਬਹੁਤ ਥੱਕਿਆ ਹੋਇਆ ਸੀ।'' ''ਦੀਦੀ ਤੂੰ ਵੀ ਲਲਿਤਾ ਵਾਂਗ ਉਹਦੇ ਨਾਲ ਰਲ ਗਈ... ਕਿਉਂ ਪਰਦੇ ਪਾਉਨੀਂ ਐ ?'' ''ਕੋਮਲ ਤੇਰਾ ਵਹਿਮ ਹੈ... ਹਾਲੇ ਨਵਾਂ-ਨਵਾਂ ਰਿਸ਼ਤਾ ਐ... ਤੂੰ ਜਾਏਂਗੀ ਨਾ, ਫੇਰ ਵੇਖੀਂ ਤੇਰਾ ਕਿਵੇਂ ਪਾਣੀ ਭਰਦੈ।'' ਦੀਦੀ ਨੇ ਗੱਲ ਹੀ ਬਦਲ ਦਿੱਤੀ। ਮੇਰੀਆਂ ਅੱਖਾਂ ਵਿੱਚ ਹੰਝੂ ਸਨ। ਕੀਹਦੇ ਨਾਲ ਗੱਲ ਕਰਾਂ ?... ਕੋਈ ਵੀ ਮੈਨੂੰ ਸੁਨਣ ਲਈ ਤਿਆਰ ਨਹੀਂ ਹੋਵੇਗਾ... ਇਹ ਮੇਰੇ ਅਪਣੇ ਹੀ ਮੈਨੂੰ ਦੁਸ਼ਮਣ ਲੱਗਣ ਲੱਗ ਪਏ।... ਦਾਦੀ ਤਾਂ ਰੋਜ਼ ਕਹਿੰਦੀ ਐ... ਚੱਲ ਮੇਰੇ ਪੁੱਤ ਦਾ ਬੋਝ ਲਹੂਗਾ... ਧੀਆਂ ਘਰੋ ਘਰੀ ਜਾਣਗੀਆਂ ਤਾਂ ਸੁੱਖ ਨਾਲ ਬਹੂ ਲਿਆਵਾਂਗੇ... ਜੇ ਮੈਂ ਮਾਂ ਨਾਲ ਗੱਲ ਕੀਤੀ ਤਾਂ ਉਸਨੇ ਮੇਰੇ ਬੁੱਲ੍ਹਾਂ 'ਤੇ ਉਂਗਲ ਹੀ ਧਰ ਦੇਣੀ ਐ... ਬੱਸ...! ਬੋਲੀਦਾ ਨਹੀਂ... ਇੰਝ ਹੀ ਘੁੱਟ ਵੱਟ ਜਾ... ਵੇਖੀਂ ਮੇਰੀ ਧੀ... ਸਾਡੀ ਇੱਜ਼ਤ ਦਾ ਖਿਆਲ ਰੱਖ। ਮਾਂ ਦੱਸਦੀ ਹੁੰਦੀ ਐ, ਜਦੋਂ ਮੈਂ ਜੰਮੀ ਸੀ ਤਾਂ ਦਾਦੀ ਵੈਣ ਪਾਉਣ ਲੱਗ ਪਈ ਸੀ... ਦੂਜਾ ਵੀ ਪੱਥਰ ਜੰਮ ਦਿੱਤਾ। ਪਰ ਮੈਂ ਜਾਣਦੀ ਆਂ ਜਦੋਂ ਮੈਂ ਜੰਮੀ ਹੋਵਾਂਗੀ ਤਾਂ ਮਾਂ ਨੇ ਵੀ ਅੱਖਾਂ 'ਤੇ ਬਾਹਾਂ ਰੱਖ ਕੇ ਲੰਮਾ ਹਉਕਾ ਲਿਆ ਹੋਵੇਗਾ... ਹੌਲੀ-ਹੌਲੀ ਜ਼ਰੂਰ ਰੋਈ ਹੋਊਗੀ। ਮੇਰੇ ਕੋਲ ਮਾਂ ਦਾ ਦਿੱਤਾ ਜਿਸਮ ਸੀ... ਓਹੀ ਮੁਹਾਂਦਰਾ... ਪਰ ਕੁਝ ਜ਼ਰੂਰ ਵੱਖਰਾ ਸੀ... ਤਾਂ ਹੀ ਮੈਂ ਛੇਤੀ ਬਗਾਵਤ ਕਰ ਦਿੰਦੀ... ਸਮਝੌਤਾ ਨਹੀਂ ਕਰਦੀ ਸੀ... ਏਸੇ ਕਰਕੇ ਦਾਦੀ ਤੇ ਬਾਊ ਜੀ ਦੀਆਂ ਨਜ਼ਰਾਂ ਵਿੱਚ ਅਕਸਰ ਰੜਕਦੀ।

●●●

ਮਹਿੰਦੀ ਵਾਲੀ ਮੇਰੇ ਹੱਥਾਂ 'ਤੇ ਲਕੀਰਾਂ ਵਾਹੁੰਦੀ ਰਹੀ। ਮੈਂ ਇਹਨਾਂ ਲਕੀਰਾਂ ਦੇ ਜਾਲ ਵਿੱਚ ਹੋਰ ਵੀ ਉਲਝਦੀ ਗਈ। ਕਿਸੇ ਗਹਿਰੇ ਸਮੁੰਦਰ ਵਿੱਚ ਗੋਤੇ ਖਾ ਰਹੀ ਸੀ... ਮੁਹੱਬਤ ਦੀ ਤਲਾਸ਼ ਵਿੱਚ... ਕੁੱਝ ਨਾ ਲੱਭਦਾ... ਮੁੜ ਕਿਨਾਰੇ ਆ ਬਹਿੰਦੀ।

''ਦਕਸ਼ ਦਾ ਨਾਂਅ ਲਿਖ ਦੇਵਾਂ ?'' ਮਹਿੰਦੀ ਵਾਲੀ ਨੇ ਚੂੰਡੀ ਵੱਢ ਕੇ ਪੁੱਛਿਆ। ਮੈਂ ਅਪਣੀਆਂ ਸੋਚਾਂ ਵਿੱਚੋਂ ਬਾਹਰ ਆ ਗਈ। ''ਹਾਂ।'' ਮੈਂ ਰਤਾ ਕੁ ਸ਼ਰਮਾ ਕੇ ਕਿਹਾ। ਉਹ ਪੈਰਾਂ ਤੋਂ ਹੱਥਾਂ ਤੱਕ ਤੇ ਹੱਥਾਂ ਤੋਂ ਕੂਹਣੀਆਂ ਤੱਕ ਰੰਗੀਨ ਲੀਕਾਂ ਵਾਹੁੰਦੀ ਰਹੀ... ਮੋਰਨੀਆਂ ਪਾਉਂਦੀ ਰਹੀ। ''ਦਕਸ਼ ਦਾ ਫੋਨ ਐ ਕੋਮਲ... ਗੱਲ ਕਰ ਲੈ।'' ਦੀਦੀ ਨੇ ਫੋਨ ਮੇਰੇ ਕੰਨ ਨਾਲ ਲਾ ਦਿੱਤਾ। ''ਹਾਂ ਜੀ ਮੈਡਮ... ਕੀ ਕਰ ਰਹੇ ਓ ?'' ਉਸਨੇ ਨੇ ਬੜੇ ਪਿਆਰ ਨਾਲ ਪੁੱਛਿਆ। ਮੇਰੀ ਕੋਈ ਸੁੱਤੀ ਰਗ ਫੇਰ ਜਾਗ ਪਈ। ''ਮਹਿੰਦੀ ਲਗਵਾ ਰਹੀ ਹਾਂ... ਤੁਹਾਡਾ ਨਾਂਅ ਵੀ ਹਥੇਲੀਆਂ 'ਤੇ ਪੁਵਾਇਆ ਐ।'' ਮੈਂ ਬੜੇ ਲਾਡ ਨਾਲ ਉਸਨੂੰ ਦੱਸਿਆ। ਉਸਨੇ ਗੱਲ ਹੀ ਬਦਲ ਦਿੱਤੀ। ''ਅੱਛਾ ਮੈਨੂੰ ਦੱਸ... ਬਾਊ ਜੀ ਅੱਜ ਲੁਧਿਆਣੇ ਗੱਡੀ ਲੈਣ ਜਾਣਗੇ ?'' ''ਹਾਂ ਜੀ, ਕਿਉਂ ?'' ''ਯਾਰ ਮੇਰਾ ਮੂਡ ਚੇਂਜ ਹੋ ਗਿਆ... ਬਾਊ ਜੀ ਨੂੰ ਕਹੀ ਸਵਿਫਟ ਨਾ ਲੈ ਕੇ ਆਉਣ।'' ''ਫੇਰ ?'' ''ਸਿਟੀ ਹੌਂਡਾ।'' ''ਪਰ ਬਾਊ ਜੀ ਨੇ ਤਾਂ ਕੰਪਨੀ ਵਾਲਿਆਂ ਨਾਲ ਗੱਲ ਵੀ ਕਰ ਲਈ।'' ''ਨਹੀਂ ਯਾਰ ਮੇਰੇ ਦੋਸਤ ਕਹਿੰਦੇ, ਸਿਟੀ ਹੌਂਡਾ ਦੀ ਟੌਹਰ ਈ ਵੱਖਰੀ ਐ।'' ''ਪਹਿਲਾਂ ਹੀ ਦਕਸ਼ ਤੁਹਾਡੇ ਕੋਲ ਵੱਡੀ ਗੱਡੀ ਹੈਗੀ ਤਾਂ ਹੈ।'' ''ਕੀ ਗੱਲ ਜੇ ਦਕਸ਼ ਕੋਲ ਦੋ ਗੈਸ ਏਜੰਸੀਆਂ ਹੋ ਸਕਦੀਆਂ ਨੇ ਤਾਂ ਦੋ ਵੱਡੀਆਂ ਗੱਡੀਆਂ ਨਹੀਂ ਹੋ ਸਕਦੀਆਂ ?'' ਉਸਦੀ ਅਵਾਜ਼ ਵਿੱਚ ਤਲਖ਼ੀ ਸੀ। ''ਤੂੰ ਮਹਿੰਦੀ ਮੂੰਹਦੀ ਛੱਡ... ਬਾਊ ਜੀ ਨਾਲ ਗੱਲ ਕਰ... ਮੈਂ ਤੈਨੂੰ ਪੰਦਰਾਂ ਮਿੰਟਾਂ ਬਾਅਦ ਫੋਨ ਕਰੂੰਗਾ।'' ''ਮਹਿੰਦੀ ਮੂੰਹਦੀ ਦਾ ਕੀ ਮਤਲਬ... ਇਹ ਸਭ ਤੁਹਾਡੇ ਲਈ ਹੈ... ਮੈਂ ਕਿੰਨੇ ਚਾਅ ਨਾਲ ਲਵਾਈ ਹੈ... ਕੀ ਗੱਲ ਤੁਹਾਨੂੰ ਕੋਈ ਚਾਅ ਨਹੀਂ ?'' ''ਯਾਰ ਇਹ ਜਨਾਨੀਆਂ ਵਾਲੀਆਂ ਗੱਲਾਂ ਨਾ ਕਰ... ਉਹ ਤਾਂ ਮੈਂ ਵੇਖ ਈ ਲੈਣੀ ਹ... ਪਹਿਲਾਂ ਤੂੰ ਬਾਊ ਜੀ ਨਾਲ ਗੱਲ ਕਰ।'' ਮੇਰੇ ਹੱਥੋਂ ਫੋਨ ਡਿੱਗ ਪਿਆ। ਮੈਂ ਹੱਥਾਂ ਪੈਰਾਂ 'ਤੇ ਉੱਕਰੇ ਫੁੱਲ, ਬੂਟੇ ਬਿੱਟ-ਬਿੱਟ ਵੇਖ ਰਹੀ ਸੀ। ਅੱਖਾਂ ਵਿੱਚੋਂ ਹੰਝੂ ਸਿੰਮ ਕੇ ਹਥੇਲੀਆਂ 'ਤੇ ਡਿੱਗਦੇ ਰਹੇ। ਮੇਰੇ ਅੰਦਰ ਆਉਣ ਵਾਲੀ ਜ਼ਿੰਦਗੀ ਦੇ ਮਾਸੂਮ ਕਲੀਆਂ ਵਰਗੇ ਅਹਿਸਾਸ ਹੌਲੀ-ਹੌਲੀ ਕਤਲ ਹੁੰਦੇ ਗਏ। ਮੇਰੀ ਤੇ ਉਸਦੀ ਖਾਹਿਸ਼ ਵਿੱਚ ਕਿੰਨਾ ਫ਼ਰਕ ਸੀ। ਮੈਨੂੰ ਸਿਰਫ਼ ਤੇ ਸਿਰਫ਼ ਉਹ ਚਾਹੀਦਾ ਸੀ ਪਰ ਉਸਦੀ ਖਾਹਿਸ਼... ਸ਼ਾਇਦ ਬਹੁਤ ਜ਼ਿਆਦਾ ਵੱਡੀ ਸੀ।

ਜਗਦੀਪ ਦਾ ਫੋਨ ਆ ਗਿਆ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਜੋ ਮੈਂ ਸੋਚਦੀ ਸੀ, ਜਗਦੀਪ ਨੇ ਵੀ ਓਹੀ ਕੁਝ ਦੱਸਿਆ। ਮੈਥੋਂ ਜ਼ਿਆਦਾ ਗੱਲ ਨਾ ਹੋ ਸਕੀ। ਮੈਂ ਕੰਬਦੀ-ਕੰਬਦੀ ਨੇ ਫੋਨ ਬੰਦ ਕੀਤਾ। ਮੇਰਾ ਹਸੀਨ ਸੁਫ਼ਨਾ ਅੱਧ ਵਿਚਾਲੇ ਹੀ ਟੁੱਟ ਗਿਆ। ਜਿਵੇਂ ਧੜੰਮ ਕਰਕੇ ਹਨ੍ਹੇਰੇ ਖੂਹ ਵਿੱਚ ਡਿੱਗ ਪਈ ਹੋਵਾਂ।

ਮੈਂ ਦੀਦੀ ਨੂੰ ਅੰਦਰ ਬੁਲਾਇਆ। ''ਦੀਦੀ, ਬੂਹਾ ਢੋਅ ਦੇ... ਤੇਰੇ ਨਾਲ ਜ਼ਰੂਰੀ ਗੱਲ ਕਰਨੀ ਹੈ।'' ਮੇਰੇ ਚਿਹਰੇ 'ਤੇ ਤਣਾਅ ਵੇਖ ਕੇ ਉਸਨੇ ਕੁੰਡੀ ਚੜ੍ਹਾ ਦਿੱਤੀ। ''ਕੀ ਗੱਲ ਕੋਮਲ ?'' ਮੈਂ ਕੁੱਝ ਦੇਰ ਚੁੱਪ ਰਹੀ। ਮੇਰੀਆਂ ਅੱਖਾਂ ਵਿੱਚ... ਨਫ਼ਰਤ ਸੀ... ਅੰਦਰ ਇੱਕ ਤੂਫ਼ਾਨ... ਡਾਹਢੀ ਹਿੰਮਤ ਦੀ ਲੋੜ ਸੀ। ਪਤਾ ਨਹੀਂ ਕਿੱਧਰੋਂ ਆ ਗਈ। ''ਦੀਦੀ, ਦਕਸ਼ ਇਸ ਬੂਹੇ 'ਤੇ ਬਰਾਤ ਲੈ ਕੇ ਨਹੀਂ ਆਏਗਾ।'' ਦੀਦੀ ਦੇ ਹੋਸ਼ ਉੱਡ ਗਏ। ''ਤੂੰ ਪਾਗਲ਼ ਹੋ ਗਈ ?'' ਮੈਂ ਸਚਮੁੱਚ ਪਾਗਲ ਹੋ ਗਈ। ''ਦੀਦੀ ਮੇਰਾ ਆਖਰੀ ਤੇ ਪੱਕਾ ਫੈਸਲਾ ਹੈ।'' ਦੀਦੀ ਨੇ ਮੇਰੇ ਮੂੰਹ 'ਤੇ ਜ਼ੋਰ ਦੀ ਚਪੇੜ ਮਾਰੀ। ਮੇਰੀ ਪੁੜਪੁੜੀ ਸੁੰਨ ਹੋ ਗਈ। ਮੇਰੇ ਅੰਦਰ ਜਿਵੇਂ ਚੰਡੀ ਪ੍ਰਵੇਸ਼ ਕਰ ਗਈ। ਮੈਂ ਉੱਠ ਕੇ ਬਾਥਰੂਮ ਵਿੱਚ ਚਲੀ ਗਈ। ਸਾਰੀ ਮਹਿੰਦੀ ਧੋਹ ਸੁੱਟੀ। ਦੀਦੀ ਮੇਰੇ

ਕੋਲ ਖੜ੍ਹੀ ਕੰਬ ਰਹੀ ਸੀ, ''ਕੋਮਲ! ਕੋਮਲ!... ਜੇ ਤੂੰ ਇੰਜ ਕੀਤਾ ਤਾਂ ਮੈਂ ਹੁਣੇ ਕੋਠੇ ਤੋਂ ਛਾਲ ਮਾਰ ਦੇਣੀ ਐ... ਤੂੰ ਹੋਸ਼ ਵਿੱਚ ਆਜਾ, ਮੇਰੀ ਭੈਣ।'' ''ਜੀ ਸਦਕੇ ਮਾਰ ਛਾਲ ਮੇਰੀ ਭੈਣ... ਪਰ ਪਹਿਲੋਂ ਮੈਨੂੰ ਧੱਕਾ ਦੇ। ਚੱਲ ਮੇਰੇ ਨਾਲ।'' ਮੈਂ ਨਮਰ ਦਾ ਹੱਥ ਫੜ ਲਿਆ। ਉਸ ਨੇ ਹੱਥ ਛੁਡਾ ਕੇ ਦੋਹੇ ਹੱਥ ਜੋੜ ਲਏ। ਮੇਰੇ ਪੈਰ ਫੜ ਲਏ। ''ਸਾਡੀ ਇਜ਼ਤ ਰੱਖ ਲੈ ਕੋਮਲ... ਤੈਨੂੰ ਵਾਸਤਾ ਪਾਉਨੀ ਆਂ... ਇੱਕ ਦਿਨ ਸੰਨ੍ਹ ਵਿਚਾਲੇ ਰਹਿ ਗਿਆ... ਲੋਕ ਕੀ ਆਖਣਗੇ?... ਕੋਮਲ, ਬਾਊ ਜੀ ਤਾਂ ਮਰ ਈ ਜਾਣਗੇ... ਇਹ ਫੈਸਲਾ ਬਦਲ ਦੇ... ਤੇਰੇ ਜੀਜੇ ਨੇ ਮੈਨੂੰ ਮਿਹਣੇ ਦੇ ਦੇ ਕੇ ਮਾਰ ਦੇਣੈਂ... ਉਹ ਤਾਂ ਵਿਚੋਲਾ ਐ... ਉਸਦੀ ਇੱਜ਼ਤ ਦਾ ਖ਼ਿਆਲ ਰੱਖ... ਸਾਨੂੰ ਦੁਨੀਆਂ 'ਚ ਖੜ੍ਹਨ ਜੋਗਾ ਛੱਡ ਦੇ।'' ਨਮਰ ਦੀਦੀ ਹੱਥ ਬੰਨ੍ਹੀ ਖੜ੍ਹੀ ਸੀ। ''ਕਿਹੜੇ ਜੀਜੇ ਦੀ ਇੱਜ਼ਤ ਦੀ ਗੱਲ ਕਰਦੀ ਐਂ ਦੀਦੀ... ਓਹੀ ਜੀਜਾ... ਬਾਹਲੀਆਂ ਇੱਜ਼ਤਾਂ ਵਾਲਾ... ਪਰ ਗੰਦੀਆਂ ਨਜ਼ਰਾਂ ਵਾਲਾ... ਜਵਾਨ ਹੁੰਦੀ ਸਾਲੀ ਦੇ ਅੰਗਾਂ ਨੂੰ ਜੱਫੀ ਦੇ ਬਹਾਨੇ ਟੋਹ-ਟੋਹ ਵੇਂਹਦਾ ਸੀ... ਮੇਰਾ ਮੂੰਹ ਨਾ ਖੁਲ੍ਹਵਾ... ਤੈਨੂੰ ਜੀਜੇ ਦੀ ਇੱਜ਼ਤ ਦਾ ਫ਼ਿਕਰ ਹੈ... ਬਾਊ ਜੀ ਦੀ ਇੱਜ਼ਤ ਦਾ ਫ਼ਿਕਰ ਹੈ... ਤੇ ਮੇਰਾ?... ਮੇਰਾ ਕੀ ਭਵਿੱਖ ਐ...ਦੱਸ ਮੈਨੂੰ ? ਮੈਨੂੰ ਕਿਉਂ ਬਲੀ ਦਾ ਬੱਕਰਾ ਬਣਾਉਂਦੇ ਓ ?''

ਦੀਦੀ ਰੋ ਰਹੀ ਸੀ। ''ਕੋਮਲ... ਆਪਣੇ ਬਾਊ ਜੀ ਜਿਉਂਦੇ ਜੀ ਮਰ ਜਾਣਗੇ... ਮੇਰੀ ਭੈਣ, ਕੁਝ ਤਾਂ ਹੋਸ਼ ਕਰ।'' ''ਕਿਉਂ ਮੈਂ ਕਿਸੇ ਨਾਲ ਭੱਜ ਚੱਲੀ ਆਂ?? ਮੇਰੇ ਕਿਸੇ ਨਾਲ ਨਜਾਇਜ਼ ਸਬੰਧ ਨੇ?... ਕੀ ਕੀਤਾ ਮੈਂ, ਕੀ ਕੀਤਾ ਮੈਂ ?? ਦੱਸ ਮੈਨੂੰ ਦੀਦੀ।'' ਮੈਂ ਜ਼ੋਰ ਦੀ ਚੀਖੀ ਸੀ। ...

ਫੋਨ ਦੀ ਰਿੰਗ ਵੱਜ ਉੱਠੀ। ''ਕੋਮਲ!... ਕੋਮਲ!... ਲੈ ਮੇਰੀ ਭੈਣ ਦਕਸ਼ ਦਾ ਫੋਨ ਹੈ... ਠੀਕ ਹੋ ਕੇ ਗੱਲ ਕਰ... ਅਪਣੇ ਆਪ ਨੂੰ ਸਹਿਜ ਕਰ।'' ਨਮਰ ਨੇ ਮੇਰੇ ਹੱਥ ਵਿੱਚ ਫੋਨ ਫੜਾ ਦਿੱਤਾ।

''ਹਾਂ, ਦਕਸ਼ ?'' ''ਕੋਮਲ, ਗੱਡੀ ਬਾਰੇ ਗੱਲ ਹੋਈ ?'' ਮੈਂ ਗੁੱਸੇ ਨਾਲ ਲਰਜ ਉੱਠੀ, ''ਨਾ ਤੈਨੂੰ ਗੱਡੀ ਮਿਲੇ ਤੇ ਨਾ ਕੋਮਲ... ਮੈਂ ਅੱਜ ਤੋਂ ਇਹ ਰਿਸ਼ਤਾ ਆਪ ਤੋੜ ਰਹੀ ਹਾਂ... ਤੂੰ ਸਾਡੇ ਬੂਹੇ 'ਤੇ ਬਰਾਤ ਲੈ ਕੇ ਨਹੀਂ ਆਵੇਂਗਾ।'' ਉਸਨੇ ਨੇ ਅੱਗੋਂ ਮਾਵਾਂ, ਭੈਣਾਂ ਦੀਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਫੋਨ ਚਲਾ ਕੇ ਮਾਰਿਆ। ਰੋ-ਰੋ ਕੇ ਨਮਰ ਨੂੰ ਦਕਸ਼ ਬਾਰੇ ਇਕ-ਇਕ ਗੱਲ ਦੱਸੀ... ਜਗਦੀਪ ਵੱਲੋਂ ਮਿਲੀ ਸਾਰੀ ਜਾਣਕਾਰੀ ਬਿਲਕੁਲ ਸੱਚ ਹੈ। ਦਕਸ਼ ਸਮੈਕ ਪੀਂਦੈ... ਆਪਣੇ ਦੋਸਤ ਦੇ ਸ਼ੈਲਰ 'ਤੇ ਪਿਆ ਚੌਵੀਂ ਘੰਟੇ ਨਸ਼ੇ ਵਿੱਚ ਗੜੁੰਦ ਰਹਿੰਦੈ।'' ਦੀਦੀ ਚੀਕਾਂ ਮਾਰ ਕੇ ਰੋਣ ਲੱਗ ਪਈ। ਮੈਂ ਉਸਨੂੰ ਝੰਜੋੜਦੀ ਰਹੀ। ''ਦੱਸ ਦੀਦੀ ਮੇਰਾ ਫੈਸਲਾ ਗਲਤ ਹੈ ?... ਦੱਸ ਦੀਦੀ ?... ਮੈਂ ਕੀ ਗਲਤ ਕੀਤਾ ?'' ਨਮਰ ਬਾਹਰ ਚਲੀ ਗਈ। ਮੈਂ ਬੂਹਾ ਬੰਦ ਕਰ ਲਿਆ। ਬਾਹਰ ਮੱਚਦੀ ਅੱਗ ਦਾ ਸੇਕ ਮੇਰੇ ਤਾਂਈ ਪਹੁੰਚ ਰਿਹਾ ਸੀ। ਦਾਦੀ ਭੁੱਬਾਂ ਮਾਰ ਉੱਠੀ। ''ਲਛਮਣ ਦਾਸਾ, ਇਹ ਕੀ ਹੋ ਗਿਆ ?... ਕਲਿਹਣੀ ਐ ਇਹ ਕੁੜੀ... ਜੰਮਦੀ ਮਰ ਜਾਂਦੀ... ਖਾਨਦਾਨ ਨੂੰ ਦਾਗੀ ਕਰਤਾ...'' ਬਾਊ ਜੀ ਭੁੱਬਾਂ ਮਾਰਨ ਲੱਗ ਪਏ। ਗਾਲ੍ਹਾਂ ਕੱਢ ਰਹੇ ਸੀ। ਮੈਂ ਕੰਨਾਂ 'ਤੇ ਹੱਥ ਧਰ ਲਏ। ਸਾਰੇ ਘਰ ਦੀ ਰੌਣਕ ਮਿੰਟੋਂ ਮਿੰਟੀਂ ਮਾਤਮ ਵਿੱਚ ਬਦਲ ਗਈ।

ਮਾਂ ਨੇ ਬੂਹਾ ਖੋਲ੍ਹਿਆ। ਕੜਛੀ ਵਿੱਚ ਗੁੱਗਲ ਦੀ ਧੂਫ਼ ਧੁਖਾ ਕੇ ਲਿਆਈ ਸੀ। ਅਕਸਰ ਹੀ ਏਸੇ ਤਰ੍ਹਾਂ ਬੁਰੇ ਵਕਤ ਨੂੰ ਟਾਲਣ ਦਾ ਭਰਮ ਪਾਲੀ ਬੈਠੀ ਸੀ। ਮੇਰੇ ਵੱਲ ਵਿਚਾਰੀਆਂ ਜਿਹੀਆਂ ਨਜ਼ਰਾਂ ਨਾਲ ਵੇਖ ਕੇ ਕਹਿੰਦੀ, ''ਕੋਮਲ ਅਪਣਾ ਫੈਸਲਾ ਬਦਲ ਦੇ... ਹਾਲੇ ਵੀ ਕੁਝ ਨਹੀਂ ਵਿਗੜਿਆ... ਲੋਕਾਂ ਦੀ ਨਜ਼ਰ ਲੱਗ ਗਈ, ਏਨਾ ਚੰਗਾ ਘਰ ਮਿਲ ਗਿਆ... ਅੱਜਕੱਲ੍ਹ ਕੌਣ ਅੰਦਰੋਂ ਖੁਸ਼ ਹੈ। ਲੋਕਾਂ ਦੇ ਪਿੱਛੇ ਨਹੀਂ ਲੱਗੀਦਾ ਹੁੰਦਾ।''

ਮੈਂ ਹੈਰਾਨ ਸੀ, ਮਾਂ ਹਾਲੇ ਵੀ... ''ਓਹੋ! ਮਾਂ ਤੂੰ ਨਹੀਂ ਜਾਣਦੀ। ਤੂੰ ਇਹ ਧੂਫ਼ਾਂ ਧੁਖਾਉਣ ਤੋਂ ਵੱਧ ਕੁਝ ਵੀ ਨਹੀਂ ਸੋਚ ਸਕਦੀ... ਮੈਂ ਤੇਰੇ ਨਾੜੂਏ ਨਾਲ ਬੱਝੀ ਨਹੀਂ ਰਹਿਣਾ ਚਾਹੁੰਦੀ... ਮੈਨੂੰ ਵੱਖ ਕਰਦੇ ਅਪਣੇ ਆਪ ਤੋਂ।... ਮਾਂ ਵੱਖ ਕਰਦੇ...'' ਮਾਂ ਅੱਖਾਂ ਪੂੰਝਦੀ ਬਾਹਰ ਚਲੀ ਗਈ।

●●●

ਦਾਦੀ ਨੇ ਜਿਵੇਂ ਸੱਥਰ ਹੀ ਵਿਛਾ ਲਿਆ। ਜਿਹੜਾ ਆਉਂਦਾ ਵੈਣ ਪਾ-ਪਾ ਰੋਂਦੀ। ਮੇਰਾ ਪੁੱਤ ਮਰਜੂਗਾ... ਬੋਤਲ ਤੇ ਬੋਤਲ ਚੜ੍ਹਾਈ ਜਾਂਦੈ... ਸਾਡੇ ਘਰ ਵਿੱਚੋਂ ਕੋਈ ਨਾ ਕੋਈ ਮਰਜੂਗਾ...'' ਰਿਸ਼ਤੇਦਾਰ ਵੀ ਮੁੜਨੇ ਸ਼ੁਰੂ ਹੋ ਗਏ। ਜੀਜੇ ਨੇ ਵੀ ਦੀਦੀ ਨੂੰ ਹੁਕਮ ਸੁਣਾ ਦਿੱਤਾ, ''ਚੱਲ ਛੇਤੀ ਸਾਮਾਨ ਬੰਨ੍ਹ... ਲੱਤਾਂ ਭੰਨਦੂ ਜੇ ਮੁੜ ਕੇ ਇਸ ਘਰੇ ਪੈਰ ਪਾਏ।'' ਮੈਨੂੰ ਸਭ ਨੇ ਗੁਨਾਹਗਾਰ ਸਾਬਤ ਕਰ ਦਿੱਤਾ। ਮੈਂ ਅੰਦਰੋਂ ਅੰਦਰੀਂ ਅਪਰਾਧ ਬੋਧ ਦਾ ਸ਼ਿਕਾਰ ਹੁੰਦੀ ਗਈ। ਅਪਣੇ ਕਮਰੇ ਵਿੱਚ ਹੀ ਕੈਦ ਹੋ ਗਈ... ਕਮਰੇ ਵਿੱਚ ਕੋਈ ਨਹੀਂ ਆਉਣਾ ਚਾਹੁੰਦਾ... ਇੱਕ ਬਦਹਵਾਸ ਉਦਾਸੀ ਸੀ... ਸ਼ਮਸ਼ਾਨ ਵਰਗਾ ਇਕੱਲਾਪਣ... ਸਿਰਫ਼ ਮੇਰੀ ਰੂਹ ਭਕਟਦੀ ਸੀ... ਮੈਂ ਜਿਵੇਂ ਕੋਈ ਹਾਦਸਾ ਕਰ ਬੈਠੀ ਹੋਵਾਂ... ਕੋਈ ਸੰਗੀਨ ਜ਼ੁਰਮ... ਇਹ ਅਹਿਸਾਸ ਮੇਰੇ ਲਈ ਫੰਦਾ ਬਣ ਗਿਆ, ਜਿਸਨੂੰ ਦੁਨੀਆਂ ਵਾਲੇ... ਮੇਰੇ ਘਰ ਦੇ... ਮੇਰੇ ਅਪਣੇ... ਹਰ ਰੋਜ਼ ਥੋੜ੍ਹਾ-ਥੋੜ੍ਹਾ ਕੱਸ ਦਿੰਦੇ। ਮੈਨੂੰ ਘੁਟਣ ਮਹਿਸੂਸ ਹੁੰਦੀ। ਪਲ-ਪਲ ਜ਼ਿਬਹ ਹੁੰਦੀ ਜਾਂਦੀ। ਡਰ ਲੱਗਦਾ ਸੀ, ਜੇ ਬਾਹਰ ਗਈ ਤਾਂ ਕੋਈ ਮੈਨੂੰ ਦਬੋਚ ਲਏਗਾ। ਹਰ ਰੋਜ਼ ਮੇਰੀਆਂ ਅੱਖਾਂ ਹੇਠਾਂ ਹੀ ਹੇਠਾਂ ਝੁਕਦੀਆਂ ਗਈਆਂ। ਮੈਂ ਇਹਨਾਂ ਨੂੰ ਚੁੱਕਣਾ ਹੀ ਬੰਦ ਕਰ ਦਿੱਤਾ। ਕਈ ਵਾਰੀ ਅਪਣੇ ਆਪ ਨੂੰ ਯਕੀਨ ਦਿਵਾਉਂਦੀ ਕਿ ਮੈਂ ਜਿਉਂਦੀ ਹਾਂ ?

●●●

ਚੇਤਨਾ ਦਾ ਫੋਨ ਆਇਆ ਸੀ, ''ਕੋਮਲ, ਤੂੰ ਉਦਾਸ ਨਾ ਹੋ। ਮੰਮੀ ਨੇ ਮੈਨੂੰ ਸਾਰੀ ਗੱਲ ਦੱਸ ਦਿੱਤੀ... ਤੂੰ ਜੋ ਫੈਸਲਾ ਕੀਤਾ, ਠੀਕ ਹੀ ਕੀਤਾ ਹੋਵੇਗਾ।'' ਮੈਂ ਫੁੱਟ-ਫੁੱਟ ਕੇ ਰੋ ਪਈ। ''ਚੇਤਨਾ ਇਥੇ ਮੈਨੂੰ ਸਾਹ ਨਹੀਂ ਆਉਂਦਾ... ਮੈਨੂੰ ਤੇਰੀ ਲੋੜ ਹੈ... ਮੈਂ ਬਹੁਤ ਟੁੱਟ ਚੁੱਕੀ ਆਂ।'' ''ਕੋਮਲ ਤੂੰ ਮੇਰੇ ਕੋਲ ਦਿੱਲੀ ਆ ਜਾ... ਥੋੜ੍ਹੇ ਦਿਨ ਮਾਹੌਲ ਬਦਲ ਕੇ ਵੇਖ... ਟਾਈਮ ਨਾਲ ਸਭ ਕੁਝ ਨਾਰਮਲ ਹੋ ਜਾਏਗਾ... ਹੌਂਸਲੇ ਨਾਲ ਅਪਣਾ ਫੈਸਲਾ ਕਰ।'' ਮੈਂ ਹਉਕੇ ਲੈ ਰਹੀ ਸੀ। ''ਚੇਤਨਾ ਮੈਂ... ਮੈਂ ਜਲਦੀ ਆ ਰਹੀ ਹਾਂ।''

ਮਾਂ ਨੂੰ ਮੈਂ ਅਪਣੇ ਕਮਰੇ ਅੰਦਰ ਬੁਲਾਇਆ। ''ਮੈਂ ਚੇਤਨਾ ਕੋਲ ਦਿੱਲੀ ਜਾ ਰਹੀ ਹਾਂ।'' ''ਕਿਉਂ ਹੁਣ ਕੀ ਹੋਇਆ?'' ਮਾਂ ਨੇ ਮੇਰੇ ਹੱਥੋਂ ਬੈਗ ਫੜ ਲਿਆ। ''ਮਾਂ ਤੂੰ ਹਾਲੇ ਵੀ ਨਹੀਂ ਜਾਣ ਸਕੀ , ਕਿ ਮੇਰੇ ਨਾਲ ਕੀ ਹੋਇਆ ?'' ''ਆਪਣੇ ਬਾਊ ਜੀ ਤੋਂ ਪੁੱਛ ਲੈਂਦੀ।'' ਮਾਂ ਦੇ ਚਿਹਰੇ 'ਤੇ ਡਰ ਫੈਲ ਗਿਆ। ਮੈਨੂੰ ਫੇਰ ਗੁੱਸਾ ਆ ਗਿਆ, ''ਮਾਂ ਮੈਂ ਪੁੱਛ ਨਹੀਂ ਰਹੀ... ਮੈਂ ਸਿਰਫ਼ ਦੱਸ ਰਹੀ ਹਾਂ ਕਿ ਮੈਂ ਦਿੱਲੀ ਜਾ ਰਹੀ ਹਾਂ।'' ਕਹਿ ਕੇ ਮੈਂ ਬੈਗ ਮਾਂ ਦੇ ਹੱਥੋਂ ਖੋਹ ਲਿਆ ਤੇ ਵਿਹੜੇ ਵਿੱਚ ਆ ਗਈ। ਬਾਹਰ ਦਾਦੀ ਮਾਲਾ ਫੇਰਦੀ-ਫੇਰਦੀ ਰੁਕ ਗਈ। ਸਿਰ ਤੋਂ ਪੈਰਾਂ ਤਾਂਈ ਘੂਰਦੀ ਹੋਈ, ''ਹੁਣ ਕਿੱਧਰ ਉੱਧਲ ਚੱਲੀ ਐਂ ?... ਆਹ ਵੇਖ ਲਛਮਣ ਦਾਸਾ... ਆਹ ਹੁਣ ਕੋਈ ਨਵਾਂ ਚੰਨ ਚੜ੍ਹਾਊਗੀ ?'' ''ਬੀਬੀ, ਇਹਨੂੰ ਜਾਣ ਦੇ... ਰੋਕੀਂ ਨਾ।'' ਮਾਂ ਨੇ ਦਾਦੀ ਨੂੰ ਚੁੱਪ ਕਰਾ ਦਿੱਤਾ... ਪਤਾ ਨਹੀਂ ਹੁਣ ਮਾਂ 'ਤੇ ਕੀ ਕਹਿਰ ਟੁੱਟੇਗਾ। ਮੈਂ ਸਰਦਲਾਂ ਵਿੱਚ ਆ ਖਲੋਤੀ। ਲੰਮੀ ਸੜਕ ਮੇਰੇ ਸਾਹਮਣੇ ਸੀ... ਦੂਰ ਤੱਕ ਜਾਂਦੀ ਹੋਈ। ਮੈਂ ਕਾਹਲੀ ਨਾਲ ਕਦਮ ਪੁੱਟ ਲਏ।

●●●

ਚੇਤਨਾ ਦੇ ਗਲ ਲੱਗ ਕੇ ਮੈਂ ਰੱਜ ਕੇ ਰੋਈ। ਉਸਨੇ ਚੁੱਪ ਨਹੀਂ ਕਰਾਇਆ, ''ਰੋ ਲੈ... ਹਲਕੀ ਹੋ ਜਾ... ਅਪਣੀ ਘੁਟਣ ਦੂਰ ਕਰ ਲੈ।'' ਮੈਨੂੰ ਗੋਦੀ ਵਿੱਚ ਲੈ ਕੇ ਪਲੋਸਦੀ ਰਹੀ। ''ਕੋਮਲ ਅਪਣੇ ਦਿਮਾਗ ਵਿੱਚੋਂ ਕੰਪਲੈਕਸ ਕੱਢ ਦੇ... ਮੈਂ ਜਾਣਦੀ ਹਾਂ ਤੈਨੂੰ ਵੀ... ਤੇਰੇ ਪਰਿਵਾਰ ਨੂੰ ਵੀ। ਤੇਰੇ ਘਰ ਦੇ ਹਰ ਕੁੜੀ ਵਿੱਚ ਤੇਰੀ ਮਾਂ ਜਿਹੀ ਔਰਤ ਵੇਖਣਾ ਚਾਹੁੰਦੇ ਨੇ।'' ''ਹਾਂ, ਚੇਤਨਾ... ਮੇਰੀ ਮਾਂ ਵਿਚਾਰੀ... ਕਿੱਲੇ ਬੱਧੀ ਗਾਂ ਵਰਗੀ... ਨਮਰ ਵੀ ਉਹੋ ਜਿਹੀ... ਇਹ ਦੋਹੇਂ ਫਰਮਾਬਰਦਾਰੀ ਦੇ ਦੋ ਚਰਖੇ ਨੇ... ਪਰ ਮੈਂ ਕਿਉਂ ਉਹਨਾਂ ਵਰਗੀ ਨਹੀਂ ਬਣ ਸਕੀ ?''

''ਕੋਮਲ, ਤੂੰ ਇੱਕ ਬੌਧਿਕ ਕੁੜੀ ਏਂ। ਅਜਿਹੀਆਂ ਕੁੜੀਆਂ ਵਾਸਤੇ ਗੁਲਾਮੀ ਸਭ ਤੋਂ ਵੱਡੀ ਪੀੜਾ ਹੈ।''

''ਚੇਤਨਾ, ਮੈਂ ਇਹ ਸਭ ਕੁਝ ਤੋਂ ਮੁਕਤ ਹੋਣਾ ਚਾਹੁੰਦੀ ਹਾਂ... ਜਾਂ ਫੇਰ ਮਰ ਜਾਣਾ ਚਾਹੁੰਦੀ ਹਾਂ।'' ਚੇਤਨਾ ਹੱਸ ਪਈ। ''ਕੋਮਲ ਔਰਤ ਦਾ ਮੁਕਤ ਹੋਣਾ ਕੋਈ ਸੌਖੀ ਗੱਲ ਨਹੀਂ... ਤੂੰ ਘਰ ਤੇ ਸਮਾਜ ਨਾਲ ਲੜਾਈ ਲੈ ਤਾਂ ਬੈਠੀ... ਪਰ ਇਸ ਹਾਦਸੇ ਨਾਲ ਜ਼ਿੰਦਗੀ ਦੇ ਤੌਰ ਤਰੀਕੇ ਭੁੱਲ ਗਈ... ਇਨ੍ਹੀਂ ਛੇਤੀ ਸ਼ਕਤੀਹੀਣ ਹੋ ਗਈ... ਪਹਿਲੇ ਪੜਾਅ 'ਤੇ ਹੀ ਮਰਨ ਦੀ ਗੱਲ ਕਰ ਰਹੀ ਏਂ... ਬੇਵਕੂਫ ਲੜਕੀ !... ਜ਼ਿੰਦਗੀ ਇਨ੍ਹੀਂ ਸਸਤੀ ਨਹੀਂ।... ਉੱਠ ਕੇ ਬੈਠ, ਫਰੈਸ਼ ਹੋ... ਚਾਹ ਪੀ ਲੈ... ਸਭ ਠੀਕ ਹੋ ਜਾਏਗਾ... ਨੋ ਟੈਨਸ਼ਨ... ਓ.ਕੇ.'' ਕਹਿ ਕੇ ਉਸਨੇ ਹਾਸੇ ਨਾਲ ਮੇਰੀ ਗੱਲ੍ਹ 'ਤੇ ਹਲਕਾ ਜਿਹਾ ਥੱਪੜ ਮਾਰਿਆ। ਚੇਤਨਾ ਦੀ ਸਖਸ਼ੀਅਤ ਵਿੱਚ ਸਚਮੁੱਚ ਕਿੰਨੀ ਖੁਲ੍ਹ ਤੇ ਕਿੰਨਾ ਫੈਲਾਅ ਸੀ। ਮੈਂ ਸੱਚੀਂ ਅੰਦਰੋਂ ਹਲਕੀ ਹੁੰਦੀ ਜਾ ਰਹੀ ਸੀ।

●●●

''ਮੈਡਮ ਕੌਫ਼ੀ।'' ਮੀਨਾ ਟਰੇਅ ਵਿੱਚ ਦੋ ਕੱਪ ਰੱਖੀ ਸਾਡੇ ਕੋਲ ਆ ਗਈ। ਮੀਨਾ, ਚੇਤਨਾ ਦੀ ਨੇਪਾਲਣ ਨੌਕਰਾਣੀ ਸੀ। ਚਿੱਟਾ ਰੰਗ, ਗੋਲ ਚਿਹਰਾ, ਮੱਧਰਾ ਕੱਦ ਤੇ ਨਿੱਕੀਆਂ-ਨਿੱਕੀਆਂ ਚਮਕਦਾਰ ਅੱਖਾਂ। ਕਾਲੀ ਲੰਮੀ ਸਕਰਟ ਤੇ ਚਿੱਟੀ ਕਮੀਜ਼ ਪਾਈ ਉਹ ਗੁੱਡੀ ਜਿਹੀ ਜਾਪਦੀ ਸੀ। ''ਕੋਮਲ ਇਹ ਮੇਰੀ ਮੀਨਾ... ਮੇਰਾ ਸਾਰਾ ਘਰ ਸੰਭਾਲਦੀ ਹੈ। ਹੈ ਨਾ, ਬਹੁਤ ਪਿਆਰੀ ? ਮੇਰੇ ਕੋਲ ਪਿਛਲੇ ਤਿੰਨ ਸਾਲਾਂ ਤੋਂ ਰਹਿ ਰਹੀ ਹੈ।'' ਮੀਨਾ ਮੁਸਕਰਾ ਪਈ। ''ਚੇਤਨਾ, ਮੀਨਾ ਨੇਪਾਲ ਤੋਂ ਇਕੱਲੀ ਆਈ ਹੈ ?'' ਇਸ ਤੋਂ ਪਹਿਲਾਂ ਚੇਤਨਾ ਜਵਾਬ ਦਿੰਦੀ, ਮੀਨਾ ਹੱਸ ਪਈ। ''ਨਹੀਂ ਮੈਡਮ... ਅਕੇਲੀ ਤੋਂ ਨਹੀਂ ਆਈ ਥੀ... ਪਰ ਅਬ ਅਕੇਲੀ ਹੂੰ।'' ''ਕੀ ਮਤਲਬ ?'' ਮੈਂ ਹੈਰਾਨੀ ਨਾਲ ਪੁੱਛਿਆ।

''ਸ਼ਾਦੀ ਕਰਕੇ ਆਈ ਥੀ। ਅਬ ਵੋਹ ਮੇਰੇ ਸਾਥ ਨਹੀਂ ਰਹਿਤਾ।''

''ਤੈਨੂੰ ਛੱਡ ਗਿਆ ?'' ਮੈਂ ਉਸਦੇ ਇਕੱਲੇਪਣ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ। ''ਨਹੀਂ... ਮੈਨੇ ਉਸੇ ਛੋੜ ਦੀਆ।'' ਕਹਿ ਕੇ ਉਹ ਹੱਸ ਪਈ। ਨਿੱਕੇ-ਨਿੱਕੇ ਕਦਮ ਪੁੱਟਦੀ ਹੋਈ ਰਸੋਈ ਵੱਲ ਨੂੰ ਚਲੀ ਗਈ।

''ਕੋਮਲ... ਇਹ ਠੀਕ ਹੀ ਕਹਿੰਦੀ ਹੈ... ਇਸਨੇ ਆਪ ਹੀ ਅਪਣੇ ਪਤੀ ਨੂੰ ਛੱਡ ਦਿੱਤਾ। ਨਸ਼ੇ ਦਾ ਆਦੀ ਸੀ... ਸਾਰੀ ਕਮਾਈ ਖੋਹ ਕੇ ਲੈ ਜਾਂਦਾ। ਇੱਕ ਰਾਤ ਤਾਂ ਕੁੱਟ ਮਾਰ ਕਰਕੇ ਘਰੋਂ ਕੱਢ ਦਿੱਤਾ।'' ''ਕਿਉਂ...?''

''ਮੈਡਮ ਮੁਝੇ ਧੰਦੇ ਪੇ ਬਿਠਾਣਾ ਚਾਹਤਾ ਥਾ'' ਮੀਨਾ ਨੇ ਕੱਪ ਚੁੱਕਦਿਆਂ ਕਿਹਾ - ਜਬ ਮੈਨੇ ਖੁਦ ਹੀ ਕਮਾ ਕੇ ਖਾਣਾ ਹੈ ਤੋਂ ਐਸੇ ਗੰਦੇ ਆਦਮੀ ਕੇ ਸਾਥ ਕਿਉਂ ਰਹੂੰ। ਮੁਝੇ ਐਸੀ ਜਿੰਦਗੀ ਨਹੀਂ ਮੰਜੂਰ... ਇਸੀ ਲੀਏ ਮੈਨੇ ਖੁਦ ਹੀ ਉਸੇ ਛੋੜ ਦਿਆ।'' ਮੀਨਾ ਗੱਲ ਕਰਦੀ ਹੋਈ ਏਨੀ ਸਹਿਜ ਸੀ ਜਿਵੇਂ ਉਸਨੂੰ ਅਪਣੇ ਕੀਤੇ ਫੈਸਲੇ 'ਤੇ ਕੋਈ ਗਿਲਾ ਨਾ ਹੋਵੇ।

●●●

ਡੋਰ ਬੈੱਲ ਵੱਜੀ। ਮੀਨਾ ਨੇ ਬੂਹਾ ਖੋਲ੍ਹਿਆ। ''ਆ ਜਾ ਕਾਂਤੀ।'' ਇੱਕ ਪਤਲੀ ਜਿਹੀ ਲੜਕੀ ਅੰਦਰ ਦਾਖਲ ਹੋਈ। ਸਿਰ 'ਤੇ ਕੱਪੜਿਆਂ ਦੀ ਗੱਠੜੀ ਚੁੱਕੀ ਹੋਈ। ਗੱਠੜੀ ਹੇਠਾਂ ਰੱਖ ਕੇ ਫਰਸ਼ 'ਤੇ ਲੱਤਾਂ ਨਿਸਾਰ ਕੇ ਬਹਿ ਗਈ। ਉਸਦੀ ਸਾੜ੍ਹੀ ਗੋਡਿਆਂ ਤਾਂਈ ਸਰਕ ਗਈ। ਬੜੀ ਲਾਪ੍ਰਵਾਹੀ ਨਾਲ ਕੱਪੜੇ ਗਿਣ-ਗਿਣ ਕੇ ਮੇਜ਼ 'ਤੇ ਰੱਖਦੀ ਗਈ। ਮੈਂ ਉਸਨੂੰ ਤੱਕਦੀ ਰਹੀ। ਬੜੀ ਮਲੂਕ ਜਿਹੀ, ਸਾਂਵਲੇ ਰੰਗ ਦੀ ਕਾਂਤੀ... ਗਲੇ ਵਿੱਚ ਪਾਇਆ ਮੰਗਲਸੂਤਰ... ਸਿਰ ਦੇ ਵਿਚਾਲੇ ਚੀਰ ਵਿੱਚ ਲੰਮੀ ਤਿੱਖੇ ਲਾਲ ਸੰਧੂਰ ਦੀ ਧਾਰੀ, ਉਸਦੇ ਵਿਆਹੁਤਾ ਹੋਣ ਦਾ ਪ੍ਰਮਾਣ ਦੇ ਰਹੀ ਸੀ। ਪਤਲੇ ਜਿਹੇ ਸਰੀਰ 'ਤੇ ਕੱਸਿਆ ਹੋਇਆ ਨਿੱਕਾ ਜਿਹਾ ਬਲਾਊਜ ਤੇ ਫੁੱਲਾਂ ਵਾਲੀ ਘਸਮੈਲੀ ਜਿਹੀ ਸਾੜ੍ਹੀ ਵਿੱਚ ਵੀ ਉਹ ਬੜੀ ਖੂਬਸੂਰਤ ਜਾਪਦੀ ਸੀ। ''ਮੈਡਮ ਕੀ ਸਹੇਲੀ ਹੋ ?'' ਕੁਝ ਜ਼ਿਆਦਾ ਹੀ ਵੱਡੀਆਂ ਗਜ਼ਾਲਾਂ ਵਰਗੀਆਂ ਅੱਖਾਂ ਉਤਾਂਹ ਚੁੱਕ ਕੇ ਉਸਨੇ ਮੈਨੂੰ ਪੁੱਛਿਆ।

''ਹਾਂ।'' ਕਹਿ ਕੇ ਮੇਰਾ ਧਿਆਨ ਉਸਦੇ ਪੈਰਾਂ ਵੱਲ ਚਲਾ ਗਿਆ। ''ਕਿਆ ਦੇਖਤੀ ਹੋ ?'' ਉਸਨੇ ਅਪਣੀ ਉਤਾਂਹ ਹੋਈ ਸਾੜ੍ਹੀ ਨੂੰ ਹੇਠਾਂ ਕਰਕੇ ਲੱਤਾਂ ਕੱਜ ਲਈਆਂ। ਮੈਂ ਹੱਸ ਪਈ। ''ਕੁਝ ਨਹੀਂ ਦੇਖਦੀ।।। ਮੈਂ ਤਾਂ ਤੇਰੇ ਪੈਰਾਂ ਦੀ ਪਾਜੇਬ ਤੇ ਬਿਛੂਏ...'' ''ਯੇ ਬਿਛੂਏ... ਯੇ ਤੋ ਸ਼ਾਦੀ ਕੇ ਬਾਅਦ ਹਮਾਰੇ ਮੇਂ ਪਹਿਨਣੇ ਜ਼ਰੂਰੀ ਹੋਤੇ ਹੈਂ।'' ਕਹਿ ਕੇ ਉਹ ਪੈਰਾਂ ਵਿੱਚ ਪਾਏ ਬਿਛੂਏ ਉਂਗਲੀਆਂ ਨਾਲ ਘੁੰਮਾਉਣ ਲੱਗ ਪਈ। ''ਕਸਤੇ ਬਹੁਤ ਹੈਂ... ਦੇਖੋ ਪੈਰੋਂ ਕੀ ਉਂਗਲੀਓ ਪਰ ਨਿਸ਼ਾਨ ਪੜ ਗਏ।'' ''ਕਾਂਤੀ ਕੱਪੜੇ ਔਰ ਲੇ ਜਾਣਾ।'' ਮੀਨਾ ਕੱਪੜਿਆਂ ਦਾ ਢੇਰ ਚੁੱਕ ਲਿਆਈ। ''ਕੱਲ ਲੇ ਕੇ ਜਾਊਂਗੀ... ਆਜ ਸੌ ਰੁਪਏ ਚਾਹੀਏ... ਮੇਰੇ ਕੋ ਜਾਣਾ ਹੈ।'' ਕਹਿ ਕੇ ਸ਼ਰਮਾ ਗਈ। ਉਂਗਲਾਂ ਨਾਲ ਪਾਜੇਬਾਂ ਦੇ ਘੁੰਗਰੂ ਠੁਣਕਾਉਣ ਲੱਗ ਪਈ। ਮੈਨੂੰ ਨਿੱਕੀ ਜਿਹੀ ਬਾਲੜੀ ਜਾਪੀ... ਕਲੋਲਾਂ ਕਰਦੀ ਹੋਈ... ਲਾਪ੍ਰਵਾਹ ਅੱਖਾਂ... ਤੇ ਬੁੱਲ੍ਹਾਂ 'ਤੇ ਸ਼ਰਾਰਤੀ ਜਿਹੀ ਮੁਸਕਾਨ।

ਚੇਤਨਾ ਪਰਸ ਫਰੋਲਦੀ ਬਾਹਰ ਆ ਗਈ। ਉਸਨੂੰ ਸੌ ਰੁਪਏ ਫੜਾਏ। ਫਟਾਫਟ ਫੜ੍ਹ ਕੇ ਉਸਨੇ ਅਪਣੇ ਬਲਾਊਜ ਅੰਦਰ ਤੁੰਨ ਲਏ। ''ਆਜ ਕੱਪੜੇ ਤੋ ਪਰੈਸ ਹੋ ਨਹੀਂ ਸਕਤੇ... ਹੈ ਨਾ ਕਾਂਤੀ।'' ਚੇਤਨਾ ਨੇ ਹੱਸ ਕੇ ਕਿਹਾ। ''ਕਿਸ਼ੋਰੀ ਨੇ ਕਿਸੀ ਦਿਨ ਇਸੀ ਕੋ ਪਰੈਸ ਕਰ ਦੇਨਾ ਹੈ... ਕਿਉਂ ਕਾਂਤੀ ?'' ਮੀਨਾ ਨੇ ਸ਼ਰਾਰਤ ਨਾਲ ਕਿਹਾ।

''ਹਾਥ ਤੋਂ ਲਗਾ ਕੇ ਦੇਖੇ... ਹਰਾਮੀ।'' ਉਹ ਤਲਖ਼ੀ ਨਾਲ ਬੋਲੀ। ''ਅੱਛਾ-ਅੱਛਾ ਤੂੰ ਜਾ ਪਿਕਨਿਕ ਮਨਾ... ਜਲਦੀ ਆਨਾ।'' ਮੀਨਾ ਨੇ ਕਿਹਾ। ''ਜਲਦੀ ਆਊਂਗੀ'' ਕਹਿ ਕੇ ਉਹ ਕਾਹਲੇ ਕਦਮਾਂ ਨਾਲ ਮੁਸਕਰਾਉਂਦੀ ਹੋਈ ਬਾਹਰ ਚਲੀ ਗਈ।

●●●

ਚੇਤਨਾ ਆਫਿਸ ਜਾ ਰਹੀ ਸੀ। ''ਕੋਮਲ ਕਿਸੇ ਵੀ ਚੀਜ਼ ਦੀ ਜ਼ਰੂਰਤ ਹੋਵੇ, ਮੀਨਾ ਤੇਰੇ ਕੋਲ ਹੈ... ਮੈਨੂੰ ਦੇਰ ਵੀ ਹੋ ਸਕਦੀ ਹੈ, ਓ.ਕੇ.'' ਕਹਿ ਕੇ ਉਹ ਚਲੀ ਗਈ।

ਮੈਂ ਬਾਹਰ ਟੈਰਿਸ 'ਤੇ ਆ ਕੇ ਖਲੋ ਗਈ। ਸਾਹਮਣੇ ਗੁਲਮੋਹਰਾਂ ਦੀ ਛਾਂ ਹੇਠਾਂ ਕਾਂਤੀ ਕੱਪੜੇ ਪਰੈਸ ਕਰ ਰਹੀ ਸੀ। ਕੋਲ ਮਰੀਅਲ ਜਿਹਾ ਬੁੱਢਾ ਪੈਰਾਂ ਭਾਰ ਬੈਠਾ ਹੋਇਆ, ਬੀੜੀ ਪੀ ਰਿਹਾ ਸੀ। ਛੋਟਾ ਜਿਹਾ ਟੀਨ ਦਾ ਛੱਪਰ। ਕੱਪੜਿਆਂ ਦੀਆਂ ਗੰਢਾਂ ਦਾ ਵੱਡਾ ਸਾਰਾ ਢੇਰ।

''ਮੈਡਮ ਨਾਸ਼ਤਾ ?'' ਮੀਨਾ ਮੇਰੇ ਕੋਲ ਆ ਗਈ।

''ਹਾਲੇ ਨਹੀਂ... ਮੀਨਾ, ਉਹ ਕਾਂਤੀ ਦਾ ਸਹੁਰਾ ਐ। ਮੈਂ ਉਸ ਬੁੱਢੇ ਵੱਲ ਇਸ਼ਾਰਾ ਕੀਤਾ। ਮੀਨਾ ਹੱਸ ਪਈ।

''ਨਹੀਂ ਇਸਕਾ ਮਰਦ ਹੈ... ਸਾਰਾ ਦਿਨ ਤੰਬਾਕੂ ਪੀਤਾ ਹੈ... ਰਾਤ ਕੋ ਦਾਰੂ... ਬੇਚਾਰੀ ਕੀ ਇਤਨੀ ਪਿਟਾਈ ਕਰਤਾ ਹੈ... ਬੱਸ ਪੁੱਛੋ ਮਤ।'' ''ਕਿਉਂ ?'' ''ਬੁੱਢਾ ਹੈ ਨਾ... ਜਵਾਨ ਬੀਵੀ ਪਰ ਸ਼ੱਕ ਕਰਤਾ ਹੈ... ਸਾਰੇ ਕੱਪੜੇ ਕਾਂਤੀ ਕੋ ਪਰੈਸ ਕਰਨੇ ਪੜਤੇ ਹੈ... ਮੈਨੇ ਇਸੇ ਕਭੀ ਪਰੈਸ ਕਰਤੇ ਨਹੀਂ ਦੇਖਾ... ਬੱਸ ਇਸ ਕੇ ਸਿਰਹਾਣੇ ਬੈਠਾ ਰਹਿਤਾ ਹੈ... ਯਾ ਫਿਰ ਦਿਨ ਮੇਂ ਭੀ ਦਾਰੂ ਚੜ੍ਹਾ ਕੇ ਸੋਤਾ ਰਹਿਤਾ ਹੈ।'' ਮੈਂ ਕਾਂਤੀ ਵੱਲ ਵੇਖ ਰਹੀ ਸੀ। ਅਪਣੇ ਕੰਮ ਵਿੱਚ ਮਸਤ... ਸੁਫ਼ਨੇ ਲੈਣ ਦੀ ਉਮਰ ਵਿੱਚ ਉਹ ਕਿਹੋ ਜਿਹਾ ਕਸ਼ਟ ਭੋਗ ਰਹੀ ਸੀ।

●●●

ਸ਼ਾਮ ਦੇ ਸੱਤ ਵੱਜ ਗਏ। ਡੋਰ ਬੈੱਲ ਹੋਈ। ਮੈਂ ਦਰਵਾਜ਼ਾ ਖੋਲ੍ਹਿਆ। ਕਾਂਤੀ ਦਾ ਪਤੀ ਖੜ੍ਹਾ ਸੀ। ''ਮੀਨਾ ਹੈ ਜੀ ?'' ''ਹਾਂ''। ਮੀਨਾ ਬਾਹਰ ਆ ਗਈ। ''ਕਾਂਤੀ ਕਹਾਂ ਗਈ ?... ਤੇਰੇ ਕੋ ਕੁਛ ਬਤਾ ਕੇ ਗਈ ਕਿਆ?'' ''ਹਾਂ, ਉਸਕੇ ਪੇਟ ਮੇਂ ਬਹੁਤ ਦਰਦ ਥਾ... ਡਾਕਟਰ ਕੇ ਪਾਸ ਗਈ ਹੈ। ਮੈਡਮ ਸੇ ਪੈਸੇ ਭੀ ਲੈ ਕੇ ਗਈ।'' ''ਕਬ ਕੀ ਗਈ ਹੂਈ ਹੈ... ਚਾਰ ਪਾਂਚ ਘੰਟੇ ਹੋ ਗਏ?'' ਕਿਸ਼ੋਰ ਨੇ ਸ਼ੱਕੀ ਜਿਹੇ ਅੰਦਾਜ਼ ਨਾਲ ਪੁੱਛਿਆ।

''ਲੰਬੀ ਲਾਇਨ ਹੋਤੀ ਹੈ ਡਾਕਟਰ ਕੇ ਪਾਸ... ਜਲਦੀ ਨੰਬਰ ਨਹੀਂ ਲਗਾ ਹੋਗਾ... ਫਿਰ ਦਵਾਈ ਲੇਨੇ ਚਲੀ ਗਈ ਹੋਗੀ... ਫ਼ਿਕਰ ਨਾ ਕਰ... ਮੈਡਮ ਨੇ ਹੀ ਚੈੱਕ ਕਰਵਾਨੇ ਭੇਜਾ ਥਾ... ਦਰਦ ਸੇ ਬਿਚਾਰੀ ਮਰੀ ਜਾ ਰਹੀ ਥੀ।'' ਮੀਨਾ ਨੇ ਬੜੇ ਸਲੀਕੇ ਨਾਲ ਝੂਠ ਨੂੰ ਸੱਚ ਬਣਾ ਦਿੱਤਾ। ਮੈਂ ਕਦੇ ਮੀਨਾ ਨੂੰ ਤੱਕਦੀ ਤੇ ਕਦੇ ਕਿਸ਼ੋਰ ਨੂੰ।

●●●

ਮੈਂ ਬੜੀ ਬੇਚੈਨ ਹੋ ਰਹੀ ਸੀ। ਮੀਨਾ ਨੇ ਇੱਡਾ ਵੱਡਾ ਝੂਠ ਕਿਉਂ ਬੋਲਿਆ? ਅਖੀਰ ਮੈਂ ਰਸੋਈ ਵਿੱਚ ਮੀਨਾ ਕੋਲ ਚਲੀ ਗਈ। ''ਮੀਨਾ, ਤੂੰ ਝੂਠ ਕਿਉਂ ਬੋਲਿਆ ?'' ''ਕਿਸਕੋ ? ਅੱਛਾ... ਅੱਛਾ... ਵੋਹ ਕਿਸ਼ੋਰ ਕੋ'' ਮੀਨਾ ਵਿਅੰਗ ਨਾਲ ਹੱਸੀ। ''ਮੈਡਮ ਅਗਰ ਸੱਚ ਬਤਾਤੀ ਤੋ ਵੋਹ ਮਾਰ ਨਾ ਦੇਗਾ ਕਾਂਤੀ ਕੋ।''

''ਸੱਚ ਕੀ ਹੈ ਮੀਨਾ?'' ''ਮੈਡਮ... ਆਪਨੇ ਕਾਂਤੀ ਕੋ ਦੇਖਾ ਹੈ ਨਾ?... ਕਿਸ਼ੋਰ ਕੋ ਭੀ ਦੇਖਾ ਹੈ ਨਾ... ਹੈ ਕੋਈ ਮੇਲ ? ਜਿਸ ਉਮਰ ਮੇਂ ਕਿਸ਼ੋਰ ਬੁੱਢਾ ਹੋ ਗਿਆ, ਉਸ ਉਮਰ ਮੇਂ ਕਾਂਤੀ ਜਵਾਨ ਹੂਈ। ਮਾਸੂਮ ਸੀ, ਅਠਾਰਾਂ ਸਾਲ ਕੀ ਬੱਚੀ ਕੋ ਉਸ ਕੇ ਚਾਚੇ ਨੇ ਗਰੀਬੀ ਕੇ ਕਾਰਨ ਇਸ ਬੁੱਢੇ ਕੇ ਖੁੰਟੇ ਬਾਂਧ ਦੀਆ। ਬਿਨ ਮਾਂ ਬਾਪ ਕੀ ਬੱਚੀ ਕਾ ਕੋਈ ਆਸਰਾ ਭੀ ਨਹੀਂ।'' ''ਮੀਨਾ ਤੂੰ ਝੂਠ ਕਿਉਂ ਬੋਲਿਆ?'' ਮੈਂ ਫੇਰ ਆਪਣਾ ਪ੍ਰਸ਼ਨ ਦੁਹਰਾਇਆ। ''ਝੂਠ ਮੈਨੇ ਨਹੀਂ ਬੋਲਾ ਮੈਡਮ... ਝੂਠ ਕਿਸ਼ੋਰੀ ਨੇ ਬੋਲਾ ਥਾ ਕਾਂਤੀ ਕੋ। ਦੋ ਸ਼ਾਦੀਆਂ ਇਸਕੀ ਪਹਿਲੇ ਹੋ ਚੁੱਕੀ ਥੀ। ਦੋਨੋਂ ਘਰਵਾਲੀਆਂ ਮਰ ਗਈ... ਪਹਿਲੀ ਘਰ ਵਾਲੀ ਕੇ ਬੱਚੇ ਤੋਂ ਕਾਂਤੀ ਸੇ ਭੀ ਬੜੇ ਹੈਂ। ਬਦਲੇ ਮੇਂ ਕਿਆ ਦੇਤਾ ਹੈ, ਉਸੇ ਢੇਰ ਸਾਰਾ ਕਾਮ... ਪਿਟਾਈ... ਪਿਆਰ ਤੋ ਇਸ ਕੋ ਕਭੀ ਨਸੀਬ ਹੀ ਨਹੀਂ ਹੁਆ।'' ਮੀਨਾ ਕਹਿੰਦੀ-ਕਹਿੰਦੀ ਭਾਵੁਕ ਹੋ ਗਈ।

ਡੋਰ ਬੈੱਲ ਵੱਜੀ। ਕਾਂਤੀ ਆਈ ਸੀ। ਮੀਨਾ ਭੱਜ ਕੇ ਬਾਹਰ ਆਈ। ''ਅਬ ਤੂੰ ਫਟਾਫਟ ਘਰ ਜਾ... ਕਿਸ਼ੋਰੀ ਆਇਆ ਥਾ ਪੂਛਨੇਂ।'' ''ਅੱਛਾ ਜਾਤੀ ਹੂੰ... ਯੇ ਦੇਖ, ਯੇ ਬੁੰਦੇ ਦਿਖਾਨੇ ਆਈ ਥੀ ਤੁਝੇ।'' ਕਹਿੰਦੀ ਹੋਈ ਕਾਂਤੀ ਨੇ ਸਾੜੀ ਦੇ ਪੱਲੇ ਬੱਝੀ ਗੰਢ ਫਟਾਫਟ ਖੋਲ੍ਹੀ। ਫਿਰੋਜ਼ੀ ਮੋਤੀਆਂ ਵਾਲੇ ਬੁੰਦੇ ਕੱਢ ਕੇ ਮੀਨਾ ਦੀ ਹਥੇਲੀ 'ਤੇ ਰੱਖ ਦਿਤੇ। ''ਹੈ ਨਾ ਸੁੰਦਰ ?'' ਕਹਿ ਕੇ ਉਸਨੇ ਫਟਾਫਟ ਫੇਰ ਸਾੜੀ ਵਿੱਚ ਲਕੋਅ ਲਏ। ਉਸਦੀਆਂ ਗੱਲਾਂ ਚਮਕ ਰਹੀਆਂ ਸਨ। ਝਾਜਰਾਂ ਦਾ ਛਣਕਾਟਾ ਪਾਉਂਦੀ ਹੋਈ ਭੱਜ ਗਈ।

''ਮੈਡਮ, ਦੇਖਾ ਕਿਤਨੀ ਖੁਸ਼ ਥੀ। ਇਸ ਕਾ ਏਕ ਦੋਸਤ ਹੈ, ਰਾਮਾ... ਇਸੀ ਕੇ ਦੇਸ ਕਾ... ਇਸੀ ਕਾ ਹਮਉਮਰ... ਦੋਨੋਂ ਏਕ ਦੂਸਰੇ ਕੋ ਬਹੁਤ ਪਿਆਰ ਕਰਤੇ ਹੈ... ਮਹੀਨੇ ਮੇ ਏਕ ਦੋ ਬਾਰ ਉਸਕੇ ਸਾਥ ਪਿਕਚਰ ਦੇਖ ਲੇਤੀ ਹੈ... ਚਾਟ ਪਕੋੜੀ ਖਾ ਲੇਤੀ ਹੈ... ਯੇ ਚਾਰ ਪਾਂਚ ਘੰਟੇ ਮੇਂ ਰਾਮਾ ਕੇ ਸਾਥ ਅਪਨੀ ਜ਼ਿੰਦਗੀ ਜੀ ਲੇਤੀ ਹੈ... ਸਭ ਮਾਰ, ਪਿਟਾਈ ਕਾਮ ਕਾ ਬੋਝ ਭੂਲ ਜਾਤੀ ਹੈ... ਚਾਹੇ ਕੁਝ ਦੇਰ ਕੇ ਲੀਏ ਹੀ ਸਹੀ... ਕਿਤਨੇ ਦਿਨ ਫਿਰ ਇਸੀ ਖੁਸ਼ੀ ਮੇਂ ਜੀਤੀ ਰਹਿਤੀ ਹੈ।''

''ਮੀਨਾ, ਪਰ ਹੈ ਤਾਂ ਇਹ ਸਭ ਗਲਤ ?''

''ਵਾਹ ਮੈਡਮ, ਜੋ ਉਸ ਕੇ ਸਾਥ ਹੂਆ... ਜੋ ਹੋ ਰਹਾ ਹੈ... ਕਿਆ ਵੋਹ ਠੀਕ ਹੈ ?'' ਉਸਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਪੁੱਛਿਆ। ਮੈਂ ਨਿਰਉੱਤਰ ਹੋ ਗਈ।

●●●

ਚੇਤਨਾ ਆ ਗਈ। ''ਕਿਵੇਂ ਰਿਹਾ ਦਿਨ ?'' ''ਬਹੁਤ ਵਧੀਆ... ਤੇਰੀ ਮੀਨਾ ਨੇ ਦਿਲ ਲਵਾਈ ਰੱਖਿਆ।'' ''ਹਾਂ, ਮੇਰੀ ਮੀਨਾ ਬੜੀ ਜ਼ਿੰਦਾ ਦਿਲ ਕੁੜੀ ਹੈ।'' ਅਸੀਂ ਗੱਲ ਕਰ ਹੀ ਰਹੇ ਸੀ ਕਿ ਚੇਤਨਾ ਦੇ ਮੰਮੀ ਦਾ ਫੋਨ ਆ ਗਿਆ। ਚੇਤਨਾ ਨੂੰ ਸਮਝਾ ਰਹੇ ਸੀ। ਜਿੰਨੀ ਦੇਰ ਤੱਕ ਕੋਮਲ ਨਾਰਮਲ ਨਹੀਂ ਹੁੰਦੀ, ਉਦੋਂ ਤੱਕ ਆਪਣੇ ਕੋਲ ਰੱਖੀਂ।'' ''ਆਹ ਤੁਸੀਂ ਆਪ ਹੀ ਗੱਲ ਕਰ ਲਵੋ।'' ਕਹਿ ਕੇ ਚੇਤਨਾ ਨੇ ਫੋਨ ਮੈਨੂੰ ਫੜ੍ਹਾ ਦਿੱਤਾ। ਆਂਟੀ ਲੰਮੀ ਗੱਲ ਕਰੀ ਗਏ। ਮੈਂ ਕਿਹਾ ਸੀ, ''ਆਂਟੀ ਕੀ ਕਰਾਂ?... ਕੋਈ ਰਸਤਾ ਵੀ ਦਿਖਾਈ ਨਹੀਂ ਦਿੰਦਾ। ਲੱਗਦੈ ਜਿਵੇਂ ਹੁਣ ਨਾ ਘਰ ਦੀ ਰਹੀ ਨਾ ਬਾਹਰ ਦੀ।'' ਆਂਟੀ ਹੱਸ ਪਏ। ''ਇੰਝ ਤਾਂ ਬਿਲਕੁਲ ਵੀ ਨਹੀਂ ਸੋਚਣਾ... ਜਦੋਂ ਔਰਤ ਇਕੱਲੀ ਸਫ਼ਰ 'ਤੇ ਨਿਕਲਦੀ ਹੈ ਤਾਂ ਉਸਨੂੰ ਕੋਈ ਰਾਹ ਨਹੀਂ ਦਿੰਦਾ... ਅਪਣਾ ਰਾਹ ਆਪ ਬਣਾਉਣਾ ਪੈਂਦਾ ਹੈ... ਤੂੰ ਹਿੰਮਤ ਰੱਖ... ਓ.ਕੇ.'' ਆਂਟੀ ਨੇ ਫੋਨ ਰੱਖ ਦਿੱਤਾ। ਚੇਤਨਾ ਨੇ ਅਪਣੇ ਕਮਰੇ ਵਿੱਚੋਂ ਮੈਨੂੰ

ਅਵਾਜ਼ ਮਾਰੀ। ''ਕੋਮਲ, ਆ ਜਾ... ਕੀ ਕਹਿ ਰਹੀ ਸੀ ਮੇਰੀ ਮਾਂ?... ਜ਼ਰੂਰ ਕੋਈ ਖ਼ਤਰਨਾਕ ਜਿਹਾ ਸੰਦੇਸ਼ ਦਿੱਤਾ ਹੋਣੈਂ।...'' ਚੇਤਨਾ ਨੇ ਹੱਸ ਕੇ ਮੈਨੂੰ ਅਪਣੇ ਨਾਲ ਬੈੱਡ 'ਤੇ ਬੈਠਣ ਦਾ ਇਸ਼ਾਰਾ ਕੀਤਾ।

''ਸੱਚਮੁੱਚ ਚੇਤਨਾ ਆਂਟੀ ਵਿਚ ਕਿੰਨੀ ਐਨਰਜੀ ਹੈ।... ਬਿਲਕੁਲ ਵੀ ਨਹੀਂ ਘਬਰਾਉਂਦੇ।... ਉਹਨਾਂ ਨਾਲ ਗੱਲ ਕਰਕੇ ਹੀ ਹੌਂਸਲਾ ਮਿਲ ਗਿਆ।'' ''ਕੋਮਲ ਤੂੰ ਮੇਰੀ ਮੰਮੀ ਨੂੰ ਸਿਰਫ਼ ਮਿਉਂਸਪਲ ਕਮੇਟੀ ਦੀ ਪ੍ਰਧਾਨ ਦੇ ਤੌਰ 'ਤੇ ਹੀ ਦੇਖਿਆ ਹੈ... ਤੂੰ ਨਹੀਂ ਜਾਣਦੀ ਉਹ ਕਿੰਨੀ ਸਮਰੱਥਾਵਾਣ ਤੇ ਦਲੇਰ ਔਰਤ ਹੈ... ਮੈਂ ਵੀ ਉੱਚੀ ਸਫ਼ਲਤਾ ਦੇ ਸੁਫ਼ਨੇ ਲੈਣੇ ਅਪਣੀ ਮੰਮੀ ਤੋਂ ਹੀ ਸਿੱਖੇ।... ਮੰਮੀ ਨੇ ਜ਼ਿੰਦਗੀ ਨਾਲ ਜੰਗ ਲੜੀ ਹੈ... ਮੈਂ ਉਸਨੂੰ ਕਈ ਵਾਰ ਅੱਗ ਵਿੱਚੋਂ ਲੰਘਦਿਆਂ ਦੇਖਿਆ...ਫੇਰ ਵੀ ਹਰ ਵਾਰ ਉਹ ਸਿਉਣੇ ਵਾਂਗ ਅੱਗੇ ਨਾਲੋਂ ਵਧੇਰੇ ਨਿੱਖਰ ਆਉਂਦੀ।''

''ਚੇਤਨਾ, ਤੇਰੀ ਮੰਮੀ ਨੂੰ ਸਾਰੇ ਘਰ ਦੇ ਸਾਥ ਦਿੰਦੇ ਹੋਣਗੇ... ਆਪਣਿਆਂ ਦਾ ਹੌਂਸਲਾ ਵੀ ਬਹੁਤ ਵੱਡੀ ਚੀਜ਼ ਹੁੰਦੀ ਹੈ।''

''ਕੀਹਦਾ ਹੌਂਸਲਾ ਕੋਮਲ... ਮੇਰੀ ਮੰਮੀ ਨੇ ਤਾਂ ਕਦੀ ਕਿਸੇ ਦਾ ਮੋਢਾ ਤੱਕਿਆ ਈ ਨਹੀਂ... ਰਹੀ ਘਰਦਿਆਂ ਦੇ ਸਾਥ ਦੀ ਗੱਲ... ਉਹ ਸਭ ਤਾਂ ਖੁਦ ਮੰਮੀ ਉੱਤੇ ਨਿਰਭਰ ਸੀ। ਮੰਮੀ ਦੇ ਵਿਆਹ ਤੋਂ ਬਾਅਦ ਪਾਪਾ ਦਾ ਬਿਜਨੈਸ ਬਿਲਕੁਲ ਫੇਲ੍ਹ ਹੋ ਗਿਆ...ਪਾਪਾ ਨੂੰ ਅਧਰੰਗ ਹੋ ਗਿਆ... ਕਮਾਈ ਦਾ ਕੀ ਸਾਧਨ ਸੀ... ਦਾਦਾ ਜੀ ਨੇ ਬਾਹਰਲੀ ਬੈਠਕ ਵਿੱਚ ਪਰਚੂਣ ਦੀ ਦੁਕਾਨ ਕੀਤੀ... ਦੁਕਾਨ ਵੀ ਕਾਹਦੀ ਚਾਰ ਕੁ ਡੱਬੇ, ਜਿੰਨ੍ਹਾਂ ਵਿੱਚ ਸਿਰਫ਼ ਲੂਣ, ਤੇਲ ਤੇ ਖੰਡ। ਮੰਮੀ ਘਰੇ ਦੋ ਮੱਝਾਂ ਸਾਂਭਦੀ... ਦਾਦੀ ਸਾਰਾ ਦੁੱਧ ਦੋਧੀਆਂ ਨੂੰ ਪਾ ਦਿੰਦੀ... ਮੰਮੀ ਨੇ ਇਕ ਦਿਨ ਦਾਦੀ ਨੂੰ ਦੱਸਿਆ ਵੀ... ਦੋਧੀ ਹਿਸਾਬ ਵਿੱਚ ਗੜਬੜ ਕਰਦੇ ਨੇ, ਕਿਉਂ ਨਾ ਆਪਾਂ ਦੁੱਧ ਸਿੱਧਾ ਦੁਕਾਨ 'ਤੇ ਈ ਵੇਚ ਲਿਆ ਕਰੀਏ। ਮੰਮੀ ਦੇ ਦੋ ਹੱਥ... ਕਦੇ ਵੀ ਵਿਹਲੇ ਨਾ ਹੁੰਦੇ। ਕਦੇ ਗੋਹੇ ਕੂੜੇ ਵਿਚ ਲਿਬੜੇ ਹੁੰਦੇ... ਕਦੇ ਆਟੇ ਨਾਲ... ਕਦੇ ਦੁੱਧ ਵੇਚਦੇ... ਕਦੇ ਬੀਮਾਰ ਪਾਪਾ ਨੂੰ ਸਾਂਭਦੇ... ਬੜੀ ਸ਼ਕਤੀ ਐ ਮੇਰੀ ਮੰਮੀ ਦੇ ਦੋਹਾਂ ਹੱਥਾਂ ਵਿੱਚ। ਅਸੀਂ ਦੋਵੇਂ ਭੈਣਾਂ ਸਕੂਲ ਤੋਂ ਆਉਂਦੀਆਂ ਤਾਂ ਮੰਮੀ ਦੁਕਾਨ 'ਤੇ ਹੀ ਬਿਠਾ ਲੈਂਦੇ... ਨਾਲ ਹੋਰ ਬੱਚਿਆਂ ਨੂੰ ਟਿਊਸ਼ਨ ਵੀ ਪੜ੍ਹਾਉਂਦੇ। ਮੰਮੀ ਨੂੰ ਫ਼ਿਕਰ ਸੀ... ਮੇਰੀ ਇਕ ਭੂਆ ਕੁਆਰੀ ਸੀ। ਏਨੀ ਕਮਾਈ ਨਾਲ ਤਾਂ ਘਰ ਮਸਾਂ ਚੱਲਦਾ। ਪਾਪਾ ਹੌਲੀ ਹੌਲੀ ਤੁਰਣ ਜੋਗੇ ਹੋ ਗਏ... ਕਹਿੰਦੇ ਸੀ ਹੁਣ ਮੈਂ ਦੁਕਾਨ 'ਤੇ ਬੈਠ ਜਾਇਆ ਕਰੂੰ। ਮੰਮੀ ਨਹੀਂ ਮੰਨੇ... ਪਾਪਾ ਨੂੰ ਕਹਿੰਦੇ, ''ਕਿਉਂ ਨਾ ਆਪਾਂ ਚੋਣੀਆਂ ਤੋਂ ਨਰਮਾ ਸਿੱਧਾ ਆਪਣੀ ਦੁਕਾਨ 'ਤੇ ਸੁਟਵਾ ਲਿਆ ਕਰੀਏ... ਤੁਸੀਂ ਰਿਕਸ਼ਾ 'ਤੇ ਮੰਡੀ ਜਾ ਕੇ ਬੈਠਿਆ ਕਰੋ... ਅਗਾਂਹ ਮੰਡੀ ਦੇ ਭਾਅ ਨਰਮਾ ਵੇਚਤਾ। ਮੰਮੀ ਹੁਣ ਏਸੇ ਤਰ੍ਹਾਂ ਕਰਦੀ... ਮੰਡੀ ਨਾਲੋਂ ਘੱਟ ਭਾਅ 'ਤੇ ਚੋਣੀਆਂ ਪੰਡਾਂ ਦੀਆਂ ਪੰਡਾਂ ਨਰਮਾ ਸਾਡੀ ਦੁਕਾਨ 'ਤੇ ਸੁੱਟ ਜਾਂਦੀਆਂ... ਤੇ ਪਾਪਾ ਹਰ ਰੋਜ਼ ਪੰਜ ਸੌ ਦਾ ਨੋਟ ਜੇਬ ਵਿੱਚ ਪਾ ਕੇ ਘਰ ਆਉਂਦੇ। ਓਹਨੀ ਦਿਨੀਂ ਸਰਕਾਰ ਨੇ ਪੀ.ਸੀ.ਓ. ਅਲਾਟ ਕੀਤੇ... ਮੰਮੀ ਨੇ ਦੁਕਾਨ ਵਿੱਚ ਹੀ ਪੀ. ਸੀ. ਓ. ਵੀ ਖੋਹਲ ਲਿਆ। ਦੁਕਾਨ ਵਿੱਚ ਹੀ ਹੁਣ ਵਾਧੂ ਰਾਸ਼ਨ ਹੁੰਦਾ। ਘਰ ਤਰੱਕੀ ਵੱਲ ਨੂੰ ਜਾਣ ਲੱਗ ਪਿਆ। ਮੰਮੀ ਨੇ ਭੂਆ ਦਾ ਵਿਆਹ ਕੀਤਾ... ਸਾਨੂੰ ਪੜ੍ਹਾਇਆ... ਹੋਰ ਤਾਂ ਹੋਰ ਲੋਕਾਂ ਦੇ ਕੰਮ ਵੀ ਕਰਵਾਏ।... ਕਿਸੇ ਦਾ ਰਾਸ਼ਨ ਕਾਰਡ ਬਣਵਾ ਦਿੱਤਾ... ਕਿਸੇ ਨੂੰ ਹਸਪਤਾਲ ਭਰਤੀ ਕਰਵਾਉਣਾ... ਕਿਸੇ ਦੀ ਦਵਾਈਆਂ ਦੀ ਮਦਦ ਕਰਨੀ... ਇਹ ਸਭ ਕੰਮ ਵੀ ਮੰਮੀ ਕਰਦੀ। ਲੋਕ ਨਿੱਕੇ ਮੋਟੇ ਘਰੇਲੂ ਝਗੜੇ ਲੈ ਕੇ ਵੀ ਮੰਮੀ ਕੋਲ ਆਉਂਦੇ... ਪਤਾ ਨਹੀਂ ਕਿਵੇਂ ਮਿੰਟੋਂ ਮਿੰਟੀਂ ਸੁਲਝਾ ਦਿੰਦੀ। ਜਦੋਂ ਐਮ. ਸੀ. ਦੀਆਂ ਵੋਟਾਂ ਆਈਆਂ ਤਾਂ ਲੋਕਾਂ ਨੇ ਮੰਮੀ ਨੂੰ ਹੀ ਸਹੀ ਕੈਂਡੀਡੇਟ ਸਮਝਿਆ... ਉਸਨੂੰ ਵੋਟਾਂ ਵਿੱਚ ਖੜ੍ਹਾ ਕੀਤਾ।

''ਚੇਤਨਾ ਆਂਟੀ ਵਾਕਈ ਕਿੱਥੋਂ ਕਿੱਥੇ ਪਹੁੰਚੇ... ਕਿੰਨੀ ਜਦੋਜਹਿਦ ਕੀਤੀ।''

''ਨਹੀਂ ਕੋਮਲ... ਇਹ ਜਦੋ-ਜਹਿਦ ਉਸ ਨੇ ਅਪਣੀ ਜ਼ਿੰਦਗੀ ਨਾਲ ਕੀਤੀ... ਅਪਣੇ ਪਰਿਵਾਰ ਵਾਸਤੇ ਕੀਤੀ... ਪਰ ਜਦੋਂ ਮੰਮੀ ਨੂੰ ਸਮਾਜ ਨਾਲ ਜਦੋ-ਜਹਿਦ ਕਰਨੀ ਪਈ ਤਾਂ ਉਸਦੀ ਹਾਲਤ ਉਸੇ ਤਰ੍ਹਾਂ ਸੀ ਜਿਵੇਂ ਕੋਈ ਨਿੱਕੇ ਤਲਾਅ ਵਿੱਚ ਰਹਿਣ ਵਾਲੀ ਮੱਛੀ ਸਮੁੰਦਰ ਵਿੱਚ ਆ ਗਈ ਹੋਵੇ। ਵੱਡੀਆਂ ਮੱਛੀਆਂ ਉਸਦੇ ਸ਼ਿਕਾਰ ਲਈ ਜੁਗਤਾਂ ਲੜਾਉਂਦੀਆਂ। ਵਿਰੋਧੀ ਧਿਰਾਂ ਨੇ ਮੰਮੀ ਤੇ ਗੰਦੀਆਂ ਤੋਹਮਤਾਂ ਲਾਈਆਂ, ਲੂਣ ਤੇਲ ਵੇਚਣ ਵਾਲੀ ਕਹਿ ਕੇ ਪ੍ਰਚਾਰ ਕੀਤਾ... ਕਈ ਵੱਡੇ ਅਹੁਦੇਦਾਰਾਂ ਲੀਡਰਾਂ ਨਾਲ ਉਸਦਾ ਨਾਂਅ ਜੋੜਿਆ। ਮੈਂ ਕਦੇ-ਕਦੇ ਭਾਵੁਕ ਹੋ ਜਾਂਦੀ, ''ਮੰਮੀ ਇਹ ਲੋਕ ਇੰਨੇ ਮਾੜੇ ਕਿਉਂ ਨੇ... ਕਿਉਂ ਤੁਹਾਡੇ ਚਰਿੱਤਰ 'ਤੇ ਉਂਗਲੀ ਚੁੱਕਦੇ ਨੇ?'' ਮੇਰੀ ਮੰਮੀ ਹੱਸ ਪੈਂਦੀ, ''ਕਾਮਯਾਬ ਔਰਤ ਦਾ ਜ਼ਮਾਨਾ ਸਦਾ ਹੀ ਦੁਸ਼ਮਣ ਰਿਹੈ... ਮੈਂ ਕਿਸੇ ਦੀ ਕੋਈ ਪ੍ਰਵਾਹ ਨਹੀਂ ਕਰਦੀ... ਇਹ ਸਫ਼ੇਦਪੋਸ਼ਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਆਂ... ਔਰਤ ਦੀ ਤਰੱਕੀ ਵੇਖ ਕੇ ਅੰਦਰੋਂ-ਅੰਦਰੀਂ ਸੁਲਗਦੇ ਨੇ... ਇਹ ਨਹੀਂ ਜਾਣਦੇ, ਮੈਂ ਏਸੇ ਸੇਕ ਤੋਂ ਹੀ ਕਿੰਨੀ ਊਰਜਾ ਲੈ ਲੈਨੀ ਹਾਂ।'' ਮੰਮੀ ਦੀਆਂ ਗੱਲਾਂ ਸੁਣ ਕੇ ਮੇਰੇ ਅੰਦਰ ਅਜੀਬ ਸ਼ਕਤੀ ਦਾ ਸੰਚਾਰ ਹੁੰਦਾ। ਮੰਮੀ ਬੇਪਰਵਾਹ ਹੋ ਕੇ ਅਪਣਾ ਕੰਮ ਕਰਦੀ ਰਹੀ। ਤਿੰਨ ਵਾਰ ਐਮ. ਸੀ. ਜਿੱਤੀ। ਫੇਰ ਪ੍ਰਧਾਨ ਦੀ ਕੁਰਸੀ 'ਤੇ ਬੈਠੀ। ਕਿੰਨ੍ਹਾਂ ਤਕਲੀਫ਼ਾਂ ਭਰਿਆ ਸਫ਼ਰ ਉਸਨੇ ਤਹਿ ਕੀਤਾ... ਉਹ ਅਕਸਰ ਕਹਿੰਦੀ... ਕਿਸੇ ਨਾ ਕਿਸੇ ਨੂੰ ਏਸ ਰਿਲੇਅ ਰੇਸ ਦਾ ਮੋਢੀ ਬਣਨਾ ਹੀ ਪੈਂਦਾ ਹੈ... ਤੇ ਮੈਂ ਵੀ ਅਪਣੀ ਮੰਮੀ ਦੀ ਰਿਲੇਅ ਰੇਸ ਦਾ ਹਿੱਸਾ ਬਣ ਗਈ।''

''ਚੇਤਨਾ ਤੇਰਾ ਫੀਲਡ ਤਾਂ ਬਿਲਕੁਲ ਵੱਖਰੈ... ਕੌਰਪੋਰੇਟ ਦੀ ਦੁਨੀਆਂ... ਸਭ ਲੋਕ ਪੜ੍ਹੇ ਲਿਖੇ... ਸਭ ਆਪੋ ਅਪਣੇ ਕੰਮ ਨਾਲ ਜੁੜੇ ਹੋਏ... ਪਰੋਗਰੈਸਿਵ ਸੋਚ ਵਾਲੇ।... ਤੂੰ ਕੀ ਮਹਿਸੂਸ ਕਰਦੀ ਏ।''

''ਕੋਮਲ ਕੋਰਪੋਰੇਟ ਦੀ ਦੁਨੀਆਂ... ਦਿਮਾਗੀ ਲੋਕਾਂ ਦੀ ਖੇਡ ਹੈ। ਕੰਮ ਕਾਜ ਜ਼ਰੂਰ ਹੁੰਦੇ ਨੇ... ਪਰ ਰਾਜਨੀਤੀ ਇਥੇ ਵੀ ਬਲਵਾਨ ਹੈ। ਚੌਵੀਂ ਘੰਟੇ ਅਪਣੇ ਕੰਮ ਪ੍ਰਤੀ ਅਲਰਟ... ਬਜ਼ਾਰ ਦੀ ਹਰ ਖ਼ਬਰ ਨਾਲ ਜੁੜੇ ਰਹਿਣਾ ਪੈਂਦੈ... ਥੋੜ੍ਹਾ ਜਿਹਾ ਅਵੇਸਲੇ ਹੋਏ ਨਹੀਂ... ਕਿਸੇ ਨੇ ਵੀ ਤੁਹਾਡੇ ਪੈਰਾਂ ਹੇਠੋਂ ਪੌੜੀ ਹੀ ਖਿੱਚ ਦੇਣੀ ਹੈ... ਪਰੋਗਰੈਸਿਵ ਜ਼ਰੂਰ ਨੇ... ਪਰ ਜੇ ਔਰਤ ਪਰੋਗਰੈਸਿਵ ਹੋਣਾ ਚਾਹੇ... ਉਥੇ ਵੱਖਰੀਆਂ ਔਕੜਾਂ ਆਉਂਦੀਆਂ ਨੇ।''

''ਤੇਰੇ ਵਰਗੀ ਕੁੜੀ ਵਾਸਤੇ ਵੀ ਔਕੜਾਂ ਆਉਂਦੀਆਂ ਨੇ ਚੇਤਨਾ?''

''ਔਕੜਾਂ ਆਉਂਦੀਆਂ ਹੀ ਮੇਰੇ ਵਰਗੀ ਕੁੜੀ ਨੂੰ ਨੇ। ਜਿਹੜੀ ਕੰਮ ਤੋਂ ਬਿਨਾਂ ਹੋਰ ਸਮਝੌਤੇ ਨਹੀਂ ਕਰਦੀ... ਸਭ ਤੋਂ ਪਹਿਲਾਂ ਤਾਂ ਸਾਡੇ ਹਾਈ-ਫਾਈ ਬੱਸ ਲੋਕ ਹੀ ਕਿਸੇ ਵੀ ਸਮਾਰਟ ਕੁੜੀ ਨੂੰ ਅਪਣੀ ਪਰਸਨਲ ਲਾਈਫ਼ ਦਾ ਹਿੱਸਾ ਬਣਾਉਣਾ ਚਾਹੁੰਦੇ ਨੇ... ਬਥੇਰੀਆਂ ਔਰਤਾਂ ਬਲੈਕਮੇਲ ਵੀ ਹੁੰਦੀਆਂ ਨੇ... ਬਥੇਰੀਆਂ ਅੰਦਰ ਛੇਤੀ ਅਗਾਂਹ ਵਧਣ ਦੀ ਲਾਲਸਾ ਹੁੰਦੀ ਹੈ... ਅਜਿਹੀਆਂ ਔਰਤਾਂ ਛੇਤੀ ਤਰੱਕੀਆਂ ਪਾਉਂਦੀਆਂ ਨੇ... ਉਹਨਾਂ ਨੂੰ ਚੰਗੀ ਆਫ਼ਰ ਮਿਲਦੀ ਹੈ... ਚੰਗੇ ਪੈਸੇ ਮਿਲਦੇ ਨੇ। ਕੋਮਲ ਮੈਂ ਅਪਣੀ ਤਰੱਕੀ, ਅਪਣੇ ਕੰਮ ਅਤੇ ਅਪਣੇ ਕਾਨਫੀਡੈਂਸ ਨਾਲ ਖੋਹੀ ਹੈ... ਮੈਂ ਵੀ ਕਦੇ ਕਿਸੇ ਦਾ ਮੋਢਾ ਨਹੀਂ ਤੱਕਿਆ... ਮੈਂ ਕਦੇ ਮਾੜੀ ਨੀਅਤ ਵਾਲੇ ਲੋਕਾਂ ਨਾਲ ਸਮਝੌਤਾ ਨਹੀਂ ਕਰਦੀ। ਚਾਹੇ ਅਪਣਾ ਨੁਕਸਾਨ ਹੀ ਕਿਉਂ ਨਾ ਹੋ ਜਾਵੇ... ਇੱਕ ਵਾਰੀ ਏਸੇ ਕਰਕੇ ਮੈਨੂੰ ਵੱਡੀ ਕੰਪਨੀ ਦੀ ਅਹਿਮ ਕੁਰਸੀ ਛੱਡਣੀ ਪਈ।''

''ਕਿਉਂ ?'' ''ਮੈਂ ਆਫਿਸ ਦੇ ਇੱਕ ਮੈਨੇਜਰ ਦੇ ਮੂੰਹ 'ਤੇ ਥੱਪੜ ਮਾਰਿਆ ਸੀ।'' ''ਕਾਰਣ ?'' ਮੈਂ ਉਸਦੀ ਗੱਲ ਉੱਪਰ ਬੜੀ ਹੈਰਾਨ ਹੋ ਕੇ ਪੁੱਛਿਆ। ''ਉਸਦੀ ਗੰਦੀ ਤ੍ਰਿਸ਼ਨਾਂ... ਧਮਕੀਆਂ ਦਿੰਦਾ ਸੀ... ਤੇਰਾ ਕੈਰੀਅਰ ਤਬਾਹ ਕਰ ਦੂੰਗਾ... ਫੇਰ ਉਸਨੂੰ ਸਜ਼ਾ ਤਾਂ ਮਿਲਣੀ ਸੀ... ਚਾਹੇ ਕੰਪਨੀ ਛੱਡਣੀ ਪਈ... ਮੈਨੂੰ ਵੱਡੀ ਕੰਪਨੀ ਤੋਂ ਛੋਟੀ ਕੰਪਨੀ ਵਿੱਚ ਆਉਣਾ ਪਿਆ... ਪਰ ਕੋਈ ਗੱਲ ਨਹੀਂ... ਮੇਰਾ ਕੈਰੀਅਰ ਸਗੋਂ ਜ਼ਿਆਦਾ ਜਾਨਦਾਰ ਤੇ ਸ਼ਾਨਦਾਰ ਹੋਵੇਗਾ... ਮੈਨੂੰ ਅਪਣੇ ਕੰਮ 'ਤੇ ਪੂਰਾ ਯਕੀਨ ਹੈ।''

''ਚੇਤਨਾ, ਬਿਗ ਬੱਸ ਦੇ ਥੱਪੜ।'' ਐਡਾ ਵੱਡਾ ਹੌਂਸਲਾ ਕਿੱਥੋਂ ਆਇਆ।'' ਮੈਂ ਹੱਸ ਕੇ ਪੁੱਛਿਆ।

''ਮੰਮੀ ਕੋਲੋਂ ਇਹ ਥੱਪੜ ਵੀ ਸਿੱਖਿਆ।'' ਕਹਿ ਕੇ ਕੋਮਲ ਨੇ ਸਿਰਹਾਣਾ ਚੁੱਕ ਕੇ ਗੋਦੀ ਵਿੱਚ ਰੱਖਿਆ। ਠੀਕ ਹੋ ਕੇ ਬੈਠ ਗਈ। ਜਿਵੇਂ ਕੋਈ ਮਜ਼ੇਦਾਰ ਕਹਾਣੀ ਸੁਣਾਉਂਦੀ ਹੋਵੇ... ਉਸਦੀਆਂ ਅੱਖਾਂ ਹੱਸ ਰਹੀਆਂ ਸਨ।

''ਇੱਕ ਮਜ਼ੇਦਾਰ ਗੱਲ ਸੁਣਾਵਾਂ, ਕੋਮਲ ?'' ਜਦੋਂ ਮੈਂ ਦਸਵੀਂ ਵਿੱਚ ਸੀ ਨਾ... ਮੰਮੀ ਕਿਸੇ ਫੰਕਸ਼ਨ 'ਤੇ ਚੀਫ਼ ਗੈਸਟ ਇਨਵਾਈਟਡ ਸੀ... ਸਟੇਜ ਉੱਤੇ ਮੰਮੀ ਅਤੇ ਹੋਰ ਮੋਹਤਬਰ ਬੰਦੇ ਬੈਠੇ ਸਨ। ਕਰੀਬ ਸੱਠ ਸਾਲ ਦਾ ਜੱਥੇਦਾਰ... ਮੰਮੀ ਦੇ ਸਾਹਮਣੇ ਕੁਰਸੀ 'ਤੇ ਬੈਠਾ... ਜਦੋਂ ਮੰਮੀ ਉਧਰ ਝਾਕੇ ਤਾਂ ਉਸਨੇ ਅੱਖ ਦੱਬ ਦਿੱਤੀ। ਮੰਮੀ ਨੇ ਅਣਗੌਲਿਆ ਕਰ ਦਿੱਤਾ। ਜਦੋਂ ਖਾਣਾ ਖਾਣ ਲੱਗੇ ਤਾਂ ਉਹ ਫੇਰ ਪਲੇਟ ਫੜ੍ਹ ਕੇ ਮੰਮੀ ਦੇ ਸਾਹਮਣੇ ਖਲੋ ਗਿਆ। ਉਸਨੇ ਫੇਰ ਅੱਖ ਦੱਬੀ। ਮੰਮੀ ਨੇ ਪਲੇਟ ਪਾਸੇ ਰੱਖ ਕੇ ਚਟਾਖੇਦਾਰ ਥੱਪੜ ਉਸਦੇ ਮੂੰਹ 'ਤੇ ਮਾਰਿਆ। ਲੋਕ ਇਕੱਠੇ ਹੋ ਗਏ।

''ਮੈਡਮ ਜੀ ਕੀ ਹੋਇਆ ?'' ਹਰ ਕੋਈ ਇਹੀ ਸਵਾਲ ਕਰ ਰਿਹਾ ਸੀ। ਮੰਮੀ ਨੇ ਕਿਹਾ, ''ਏਸੇ ਨੂੰ ਪੁੱਛ ਲਵੋ, ਕੀ ਹੋਇਆ?'' ਕਹਿ ਕੇ ਮੰਮੀ ਕਾਰ ਵਿੱਚ ਬੈਠ ਗਏ। ਅਸੀਂ ਦੋਹੇਂ ਉੱਚੀ-ਉੱਚੀ ਹੱਸ ਪਈਆਂ।

●●●

ਅੱਜ ਚੇਤਨਾ ਨੇ ਮੀਨਾ ਨੂੰ ਘਰ ਦੀ ਸਫ਼ਾਈ ਲਈ ਖਾਸ ਤਾਕੀਦ ਕੀਤੀ। ਪਨੀਰ ਦੀ ਖਾਸ ਡਿਸ਼ ਬਣਾਉਣ ਲਈ ਕਿਹਾ। ਹੋਰ ਕੀ-ਕੀ ਬਣਾਉਣੈਂ, ਮੀਨਾ ਸਭ ਜਾਣਦੀ ਸੀ। ਚੇਤਨਾ ਆਫਿਸ ਚਲੀ ਗਈ।

''ਮੀਨਾ ਅੱਜ ਕੋਈ ਖਾਸ ਗੱਲ ਹੈ... ਤੂੰ ਸਵੇਰੇ-ਸਵੇਰੇ ਈ ਸਫ਼ਾਈ ਕਰ ਲਈ।''

''ਹਾਂ ਜੀ, ਕਰਨ ਸਾਹਬ ਨੇ ਆਨਾ ਹੈ... ਏਕ ਮਹੀਨੇ ਸੇ ਅਮਰੀਕਾ ਗਏ ਹੁਏ ਥੇ।''

''ਕੌਣ ਕਰਨ ?'' ''ਮੈਡਮ ਚੇਤਨਾ ਕੇ ਫਰੈਂਡ... ਬਹੁਤ ਪਿਆਰੇ ਇਨਸਾਨ ਹੈਂ।'' ਮੈਨੂੰ ਚੇਤਨਾ ਨੇ ਇਸ ਬਾਰੇ ਕੁਝ ਨਹੀਂ ਦੱਸਿਆ। ਮੈਂ ਮਨ ਹੀ ਮਨ ਮੁਸਕਰਾ ਪਈ। ਜ਼ਰੂਰ ਸਰਪਰਾਈਜ਼ ਰੱਖਣਾ ਚਾਹੁੰਦੀ ਹੋਵੇਗੀ। ਮੈਂ ਜਾਣਦੀ ਹਾਂ ਉਸਦੀਆਂ ਨਿੱਕੀਆਂ-ਨਿੱਕੀਆਂ ਸ਼ਰਾਰਤਾਂ ਨੂੰ।

ਚੇਤਨਾ ਅੱਜ ਜਲਦੀ ਆ ਗਈ। ਇੱਕ ਸੋਹਣਾ ਨੌਜਵਾਨ ਉਸਦੇ ਨਾਲ ਅੰਦਰ ਦਾਖ਼ਲ ਹੋਇਆ। ਮੈਂ ਨਮਸਤੇ ਕੀਤੀ। ਜਵਾਬ ਵਿੱਚ ਉਹ ਹੱਸ ਪਿਆ। ''ਕੋਮਲ!... ਸਹੀ ਪਹਿਚਾਣਿਆ ਨਾ ਮੈਂ ?... ਮੈਂ ਕਰਨ... ਕਰਨ ਕਪੂਰ... ਤੇਰੀ ਇਸ ਪਾਗਲ ਸਹੇਲੀ ਦਾ ਦੋਸਤ।'' ਉਸਨੇ ਛਾਤੀ 'ਤੇ ਹੱਥ ਰੱਖ ਕੇ ਝੁਕ ਕੇ ਕਿਹਾ। ਮੇਰਾ ਹਾਸਾ ਨਿਕਲ ਗਿਆ। ''ਕੋਮਲ, ਇਹ ਪਾਗਲ ਕੁੜੀ ਦਾ ਪਾਗਲ ਦੋਸਤ।'' ਚੇਤਨਾ ਨੇ ਉਸਦੇ ਮੂੰਹ 'ਤੇ ਹਲਕੀ ਜਿਹੀ ਚਪਤ ਮਾਰ ਕੇ ਕਿਹਾ। ''ਅੱਛਾ ਪਹਿਲਾਂ ਚਾਹ ਪਿਲਾ ਦੇ ਚੇਤਨਾ।'' ਚੇਤਨਾ ਰਸੋਈ ਅੰਦਰ ਚਲੀ ਗਈ। ਕਰਨ ਮੀਨਾ ਦੇ ਬੈਡਰੂਮ ਵਿੱਚ ਚਲਾ ਗਿਆ। ਕਿਹੋ ਜਿਹਾ ਇਨਸਾਨ... ਜਿਵੇਂ ਇਕਦਮ ਕੋਈ ਤਾਜ਼ੀ ਹਵਾ ਦਾ ਬੁੱਲਾ ਆ ਗਿਆ ਹੋਵੇ... ਮੈਨੂੰ ਵਰ੍ਹਿਆਂ ਤੋਂ ਜਾਣਦਾ ਹੋਵੇ। ਉਸਨੇ ਅਲਮਾਰੀ ਖੋਹਲ ਕੇ ਆਪੇ ਤੌਲੀਆ ਕੱਢਿਆ। ਹੇਠਲੀ ਦਰਾਜ ਵਿੱਚੋਂ ਮਰਦਾਨਾ ਚੱਪਲਾਂ ਕੱਢ ਕੇ ਪਹਿਨ ਲਈਆਂ। ਬਾਥਰੂਮ ਅੰਦਰ ਚਲਾ ਗਿਆ। ਸ਼ਾਇਦ ਇਸ ਘਰ ਦਾ ਕੋਈ ਵੀ ਹਿੱਸਾ ਉਸ ਲਈ ਓਪਰਾ ਨਹੀਂ ਸੀ। ਚੇਤਨਾ ਮੇਰੇ ਕੋਲ ਆ ਗਈ। ਮੈਂ ਉਸ ਨੂੰ ਉਲਾਂਭਾ ਦਿੱਤਾ, ''ਚੇਤਨਾ ਤੂੰ ਮੈਨੂੰ ਕੁਝ ਵੀ ਨਹੀਂ ਦੱਸਿਆ।'' ਉਹ ਹੱਸ ਪਈ, ''ਸਰਪਰਾਈਜ਼ ਮੇਰੀ ਜਾਨ, ਸਰਪਰਾਈਜ਼ ਦਾ ਵੀ ਅਪਣਾ ਮਜ਼ਾ ਹੁੰਦੈ।''

''ਕਰਨ ਤੇਰੀ ਕੰਪਨੀ ਵਿਚ ਕੰਮ ਕਰਦੈ ?''

''ਨਹੀਂ, ਉਹ ਬਹੁਤ ਵੱਡੀ ਮਲਟੀਨੈਸ਼ਨਲ ਕੰਪਨੀ ਵਿੱਚ ਹੈ... ਅਸੀਂ ਐਮ. ਟੈੱਕ ਇਕੱਠਿਆ ਕੀਤੀ ਸੀ। ਉਦੋਂ ਤੋਂ ਸਾਡੀ ਦੋਸਤੀ ਹੈ।''

''ਸਿਰਫ਼ ਦੋਸਤ ?'' ਮੈਂ ਹੱਸ ਕੇ ਪੁੱਛਿਆ। ''ਨਹੀਂ, ਪਿਆਰ ਵੀ ਹੋ ਗਿਆ। ਉਹ ਹੈ ਹੀ ਬਹੁਤ ਪਿਆਰਾ... ਉਸ ਦਾ ਵਿਹਾਰ, ਉਸ ਦੇ ਵਿਚਾਰ, ਉਸਦੇ ਸੁਫ਼ਨੇ ਬਿਲਕੁਲ ਮੇਰੇ ਹਾਣ ਦੇ।''

''ਕਰਨ ਏਸੇ ਫਲੈਟ ਵਿੱਚ ਰਹਿੰਦੈ ?'' ''ਨਹੀਂ, ਉਹ ਅਪਣੇ ਫਲੈਟ ਵਿੱਚ ਹੀ ਰਹਿੰਦੈ... ਕਈ ਵਾਰ ਮੇਰੇ ਕੋਲ ਵੀ ਰਹਿ ਪੈਂਦੈ।''

''ਤੂੰ ਵਿਆਹ ਕਰਵਾ ਲੈ... ਕਿਉਂ ਦੂਰ-ਦੂਰ ਰਹਿੰਦੇ ਓ ?''

''ਹਾਲੇ ਨਹੀਂ ਕੋਮਲ... ਮੈਂ ਤਾਂ ਸਿਰਫ਼ ਉਸਦੀ ਪ੍ਰੇਮਿਕਾ ਬਣ ਕੇ ਰਹਿਣਾ ਚਾਹੁੰਦੀ ਹਾਂ... ਪਤਨੀ ਨਹੀਂ... ਪਤਾ ਨਹੀਂ ਕਿਉਂ ਪਤਨੀ ਸ਼ਬਦ ਵਿੱਚ ਮੈਨੂੰ ਗੁਲਾਮੀ ਨਜ਼ਰ ਆਉਂਦੀ ਹੈ। ਰਹੀ ਗੱਲ ਦੂਰ-ਦੂਰ ਰਹਿਣ ਦੀ... ਵਿਆਹ ਕਰਵਾ ਕੇ...ਇਕੋ ਛੱਤ ਹੇਠਾਂ ਰਹਿੰਦੇ ਮੀਆਂ-ਬੀਵੀ ਵੀ ਤਾਂ ਅਕਸਰ ਇੱਕ ਦੂਜੇ ਤੋਂ ਦੂਰ-ਦੂਰ ਹੁੰਦੇ ਨੇ।''

ਕਰਨ ਫਰੈਸ਼ ਹੋ ਕੇ ਆ ਗਿਆ। ਚੇਤਨਾ ਚਾਹ ਲੈਣ ਚਲੀ ਗਈ। ਉਸਦੀ ਗੱਲ ਤੋਂ ਮੈਨੂੰ ਮਾਂ ਚੇਤੇ ਆ ਗਈ। ਬਾਊ ਜੀ ਨਾਲ ਵਿਆਹੀ ਹੋਈ ਉਹਨਾਂ ਦੀ ਪਤਨੀ... ਪਤਨੀ ਨਹੀਂ ਸ਼ਾਇਦ ਨੌਕਰਾਣੀ... ਸਵੇਰੇ-ਸਵੇਰੇ ਬਾਊ ਜੀ ਦੇ ਬੂਟ ਪਾਲਿਸ਼ ਕਰੇਗੀ... ਨਾਸ਼ਤਾ ਪਰੋਸੇਗੀ... ਨਾਸ਼ਤੇ ਵਿੱਚ ਲੂਣ ਘੱਟ ਜਾਂ ਮਿਰਚਾਂ ਜ਼ਿਆਦਾ ਕਹਿ ਕੇ ਬਾਊ ਜੀ ਚਾਰ ਗਾਲ੍ਹਾਂ ਕੱਢਣਗੇ। ਗੁਲਾਮ ਜਿਹੀ ਔਰਤ ਮੇਰੀ ਮਾਂ... ਏਸੇ ਤਰ੍ਹਾਂ ਹੀ ਖੁਸ਼ ਸੀ... ਅਜ਼ਾਦੀ ਦੇ ਅਹਿਸਾਸ ਤੋਂ ਕੋਹਾਂ ਦੂਰ। ਯਾਦ ਕਰਕੇ ਮੇਰੀਆਂ ਅੱਖਾਂ ਨਮ ਹੋ ਗਈਆਂ।

''ਹੈਲੋ... ਲਿਟਲ ਸਿਸਟਰ ਕੈਸੀ ਹੋ?'' ''ਨਮਸਤੇ ਸਾਹਬ... ਬਿਲਕੁਲ ਠੀਕ ਹੂੰ।'' ਮੀਨਾ ਨੇ ਮੁਸਕਰਾਉਂਦਿਆਂ ਕੇਤਲੀ ਤੇ ਕੱਪ ਮੇਜ਼ ਉੱਤੇ ਰੱਖ ਦਿੱਤੇ। ਚੇਤਨਾ ਗਰਮ ਕੇਕ ਟਰੇਅ ਵਿੱਚ ਰੱਖ ਕੇ ਲੈ ਆਈ। ''ਵੈਰੀ ਗੁੱਡ... ਮਾਈ ਫੇਵਰੇਟ।'' ਕਰਨ ਫਟਾਫਟ ਛੁਰੀ ਨਾਲ ਕੇਕ ਦੇ ਟੁਕੜੇ ਕਰਨ ਲੱਗ ਪਿਆ। ਆਪ ਹੀ ਪਲੇਟਾਂ ਵਿੱਚ ਰੱਖ ਰਿਹਾ ਸੀ। ਉਸਨੇ ਸਭ ਤੋਂ ਪਹਿਲਾਂ ਪਲੇਟ ਮੇਰੇ ਵੱਲ ਵਧਾਈ। ਫੇਰ ਇਕ ਟੁਕੜਾ ਕੇਕ ਦਾ ਚੁੱਕ ਕੇ ਚੇਤਨਾ ਦੇ ਮੂੰਹ ਵਿੱਚ ਪਾਇਆ। ਕਰਨ ਨੂੰ ਚਾਹ ਫੜਾਉਂਦਿਆਂ ਚੇਤਨਾ ਨੇ ਕਿਹਾ, ''ਕਰਨ, ਕੋਮਲ ਨੇ ਵੀ ਕੰਪਿਊਟਰ ਸਟਰੀਮ ਵਿੱਚ ਬੀ. ਟੈੱਕ ਕੀਤੀ ਹੈ... ਪਤੈ ਇਹ ਸਾਡੇ ਬੈਚ ਦੀ ਟੱਪਰ ਹੈ।''

''ਵੈਰੀ ਗੁੱਡ! ਕੋਮਲ... ਕੀ ਤੁਸੀਂ ਜੋਬ ਕਰ ਰਹੇ ਹੋ ?'' ਉਸਦੇ ਕੀਤੇ ਸਵਾਲ ਨੇ ਮੈਨੂੰ ਊਣਾ ਜਿਹਾ ਕਰ ਦਿੱਤਾ।

''ਨਹੀਂ।'' ''ਕਿਉਂ ?'' ਉਸਨੇ ਹੈਰਾਨੀ ਨਾਲ ਪ੍ਰਸ਼ਨ ਕੀਤਾ ।

''ਬੱਸ ਕੁਝ ਘਰੇਲੂ ਮਜ਼ਬੂਰੀਆਂ..." ''ਓਹੋ! ਅਪਣਾ ਟੇਲੈਂਟ ਕਿਉਂ ਵੇਸਟ ਕਰ ਰਹੇ ਓ ?... ਚੇਤਨਾ ਤੂੰ ਅਪਣੇ ਪ੍ਰਾਜੈਕਟ ਤਿਆਰ ਕਰਦਿਆਂ ਕੋਮਲ ਨੂੰ ਨਾਲ ਬਿਠਾਇਆ ਕਰ.. ਫੇਰ ਇਹਦੀ ਹੈਲਪ ਲੈਣੀ ਸ਼ੁਰੂ ਕਰ... ਆਪੇ ਕਰੇਗੀ... ਇਸਦਾ ਇੰਟਰੱਸਟ ਦੋਬਾਰਾ ਜਾਗੇਗਾ... ਅਪਣੇ ਆਪ ਟਰੈਕ 'ਤੇ ਆ ਜਾਏਗੀ।''

''ਟਰੈਕ 'ਤੇ ਆ ਕੇ ਕੀ ਕਰਾਂਗੀ ?'' ਮੈਂ ਪਤਾ ਨਹੀਂ ਕਿਉਂ ਦੁਖੀ ਹੋ ਕੇ ਇਹ ਕਹਿ ਬੈਠੀ

ਕਰਨ ਨੇ ਮੇਰਾ ਚਿਹਰਾ ਪੜ੍ਹ ਲਿਆ। ਉੱਚੀ-ਉੱਚੀ ਹੱਸ ਪਿਆ। ਮੇਰਾ ਹੱਥ ਫੜ੍ਹ ਕੇ ਕਹਿੰਦਾ, ''ਕੋਮਲ ਤੂੰ ਟਰੈਕ 'ਤੇ ਜ਼ਰੂਰ ਆਏਂਗੀ, ਫੇਰ ਤੁਰੇਂਗੀ... ਫੇਰ ਇਕ ਦਿਨ ਦੌੜੇਂਗੀ... ਮੈਨੂੰ ਯਕੀਨ ਹੈ।''

●●●

ਮੈਂ ਅਪਣੇ ਕਮਰੇ ਵਿੱਚ ਆ ਗਈ। ਨੀਂਦ ਨਹੀਂ ਸੀ ਆ ਰਹੀ। ਕਦੇ ਛੱਤ ਤੇ ਕਦੇ ਕੰਧਾਂ ਨੂੰ ਕਿੰਨੀ ਦੇਰ ਘੂਰਦੀ ਰਹੀ। ਸਾਹਮਣੀ ਦੀਵਾਰ 'ਤੇ ਲੱਗੀ ਪੇਂਟਿੰਗ ਨੇ ਮੇਰਾ ਧਿਆਨ ਅਟਕਾ ਲਿਆ। ਇਕ ਨਟਨੀ, ਲੰਮੀ ਤੇ ਪਤਲੀ ਜਿਹੀ ਰੱਸੀ 'ਤੇ ਪੈਰ ਧਰੀ ਖੜ੍ਹੀ। ਦੋਹਾਂ ਹੱਥਾਂ ਵਿੱਚ ਲੰਮਾ ਸਾਰਾ ਬਾਂਸ!... ਕਿਹੋ ਜਿਹਾ ਤਮਾਸ਼ਾ!... ਇਹ ਪਤਲੀ ਰੱਸੀ ਤੇ ਬੋਚ-ਬੋਚ ਕੇ ਤੁਰਣਾ, ਪਰ ਡਿੱਗਣਾ ਨਹੀਂ, ਕਿਹੋ ਜਿਹਾ ਸੰਤੁਲਣ!... ਕਿਹੋ ਜਿਹਾ ਅਭਿਆਸ! ਮੇਰੀਆਂ ਅੱਖਾਂ ਉਸਦੇ ਨਾਜ਼ੁਕ ਰੱਸੀ 'ਤੇ ਟਿਕੇ ਪੈਰਾਂ ਉਪਰ ਕੇਂਦਰਤ ਹੋ ਗਈਆਂ। ਮੀਨਾ ਦੀ ਅਵਾਜ਼ ਨੇ ਮੇਰਾ ਧਿਆਨ ਤੋੜਿਆ।

''ਮੈਡਮ ਆਪ ਕੌਫ਼ੀ ਲੋਗੇ ?''

''ਇਸ ਵੇਲੇ... ਬਾਰ੍ਹਾਂ ਵੱਜ ਚੁੱਕੇ ਨੇ... ਤੂੰ ਜਾਗ ਰਹੀ ਏਂ ?''

''ਚੇਤਨਾ ਔਰ ਕਰਨ ਸਾਹਬ ਕਾਮ ਕਰ ਰਹੇ ਹੈ। ਉਨਕੇ ਲੀਏ ਬਨਾਨੇ ਜਾ ਰਹੀ ਥੀ।''

''ਹਾਂ, ਕੌਫ਼ੀ ਪੀ ਲਵਾਂਗੀ... ਮੈਨੂੰ ਵੀ ਨੀਂਦ ਨਹੀਂ ਆ ਰਹੀ।'' ਮੈਂ ਲੌਬੀ ਵਿੱਚ ਆ ਗਈ। ਚੇਤਨਾ ਕੁਝ ਫਾਈਲਾਂ ਫਰੋਲ ਰਹੀ ਸੀ।

''ਕੋਮਲ, ਕੀ ਗੱਲ ਹਾਲੇ ਸੁੱਤੀ ਨਹੀਂ ?''

''ਨੀਂਦ ਨਹੀਂ ਆਈ।'' ''ਤੂੰ ਇਧਰ ਆ ਜਾ... ਇਕੱਠੇ ਕੌਫ਼ੀ ਪੀਵਾਂਗੇ।''

ਕਰਨ ਕੰਪਿਊਟਰ ਵਿੱਚ ਗਵਾਚਿਆ ਹੋਇਆ। ਚੇਤਨਾ ਫਾਈਲਾਂ ਵਿੱਚ ਕੁਝ ਲੱਭ ਰਹੀ ਸੀ। ''ਆਹ ਦੇਖ ਚੇਤਨਾ... ਇਸ ਪ੍ਰਾਜੈਕਟ ਵਿੱਚ ਮੈਂ ਕਾਫ਼ੀ ਚੇਜਿੰਸ ਕੀਤੀਆਂ ਹਨ... ਹੁਣ ਤੂੰ ਸਟੱਡੀ ਕਰ।'' ਪਲੀਜ਼ ਕਰਨ ਤੁਸੀਂ ਕੌਫ਼ੀ ਪੀਂਦੇ ਪੀਂਦੇ ਮੇਰੀ ਫਾਈਲ ਵਿਚੋਂ ਗੋ-ਥਰੂ ਹੋ ਜਾਓ... ਫੇਰ ਆਪਾਂ ਦੋਹਾਂ ਨੂੰ ਟੈਲੀ ਕਰਾਂਗੇ।''

''ਹਾਂ, ਆਈ ਥਿੰਕ... ਇਹ ਅੱਜ ਦੀ ਅਪਣੀ ਬੈਸਟ ਆਊਟ ਪੁੱਟ ਹੋਵੇਗੀ।'' ਕਰਨ ਦਾ ਚਿਹਰਾ ਚਮਕ ਉੱਠਿਆ।

''ਥੈਂਕ ਗੌਡ।'' ਕਰਨ ਮੈਂ ਤਾਂ ਹੁਣ ਰਿਲੈਕਸ ਹੋਈ ਆਂ। ਮੈਨੂੰ ਇਹ ਪ੍ਰਾਜੈਕਟ ਬੜਾ ਚੇਲੈਂਜਿੰਗ ਲੱਗ ਰਿਹਾ ਸੀ।''

''ਕਰਨ ਨੇ ਉਸਦੇ ਸਿਰ 'ਤੇ ਹੱਥ ਰੱਖ ਕੇ ਕਿਹਾ, ''ਮਾਈ ਡੀਅਰ, ਚੈਲੈਂਜ਼ ਨੂੰ ਐਕਸੈਪਟ ਕਰਨਾ ਸਿਖੋ।''

''ਓ.ਕੇ.'' ਕਹਿ ਕੇ ਚੇਤਨਾ ਕੰਪਿਊਟਰ ਤੇ ਉਂਗਲਾਂ ਘੁੰਮਾਉਣ ਲੱਗ ਪਈ।

ਮੈਂ ਵੇਖ ਰਹੀ ਸੀ, ਉਹਨਾਂ ਦਾ ਹੱਸਣਾ... ਕਦੇ ਇੱਕ ਦੂਜੇ ਨੂੰ ਗਲਤ ਸਿੱਧ ਕਰਨਾ... ਕਦੇ ਇੱਕ ਦੂਜੇ ਨਾਲ ਸਹਿਮਤ ਹੋਣਾ... ਇੱਕ ਦੂਜੇ ਤੋਂ ਵਧੀਆ ਕਰਕੇ ਦਿਖਾਉਣ ਦਾ ਜਜ਼ਬਾ... ਇੱਕ ਦੂਜੇ ਨਾਲ ਰਲ ਕੇ ਕੰਮ ਕਰਨਾ। ਇਹ ਸਭ ਕਿੰਨਾ ਸੁਕੂਨ ਦਾਇਕ ਸੀ। ਕਮਾਲ ਦੀ ਊਰਜਾ ਸੀ ਉਹਨਾਂ ਵਿੱਚ। ਚੇਤਨਾ ਤੋਂ ਕਰਨ ਤੱਕ ਜਾਂਦੀ... ਕਰਨ ਤੋਂ ਚੇਤਨਾ ਤੱਕ... ਫੇਰ ਸਾਰੇ ਮਾਹੌਲ ਵਿੱਚ ਫੈਲਦੀ ਊਰਜਾ।

●●●

ਸਵੇਰੇ-ਸਵੇਰੇ ਮਾਂ ਦਾ ਫੋਨ ਆਇਆ ਸੀ। ਪੁੱਛ ਰਹੀ ਸੀ ''ਮੁੜ ਕੇ ਕਦੋਂ ਆਵੇਂਗੀ।'' ''ਹਾਲੇ ਕੁਝ ਦਿਨ ਠਹਿਰ ਕੇ।'' ਮੈਂ ਉਦਾਸੀ ਨਾਲ ਭਰ ਗਈ। ਫੋਨ ਬੰਦ ਕਰ ਦਿੱਤਾ। ਮਾਂ ਵਾਪਸ ਆਉਣ ਨੂੰ ਕਹਿ ਰਹੀ ਸੀ। ਮੁੜਨ ਦੇ ਖਿਆਲ ਨਾਲ ਮੇਰਾ ਦਿਲ ਡੁੱਬਣ ਲੱਗ ਪਿਆ। ਮੈਂ ਅੱਖਾਂ ਮੀਚ ਕੇ ਟੈਰਿਸ ਉਪਰ ਪਈ ਆਰਾਮ ਕੁਰਸੀ 'ਤੇ ਲੇਟ ਗਈ। ਬੇਚੈਨੀ ਨਾਲ ਕੁਰਸੀ ਨੂੰ ਹਿਲਾ ਰਹੀ ਸੀ। ਕੁਰਸੀ ਡੋਲ ਰਹੀ ਸੀ... ਕਦੇ ਅਗਾਂਹ ਤੇ ਕਦੇ ਪਿਛਾਂਹ... ਬਿਲਕੁਲ ਮੇਰੇ ਵਾਂਗ। ਮੈਂ ਵਾਪਿਸ ਪਰਤ ਰਹੀ ਸੀ... ਪਤਾ ਨਹੀਂ ਕੀਹਨੇ ਇਸ ਰਾਹ 'ਤੇ ਕੰਢੇ ਵਿਛਾ ਦਿੱਤੇ।... ਕਦਮ ਪੁੱਟਦੀ ਤਾਂ ਚੀਕਾਂ ਨਿਕਲਦੀਆਂ।... ਪੈਰ ਲਹੂ-ਲੁਹਾਨ ਹੁੰਦੇ ਗਏ।... ਘਰ ਦੇ ਬੂਹੇ ਮੂਹਰੇ ਕੀਹਨੇ ਕਿੱਕਰਾਂ ਦੀ ਵਾੜ ਰੱਖ ਦਿੱਤੀ।... ਪਾਸੇ ਕਰਦਿਆਂ ਮੇਰੇ ਹੱਥ ਵੀ ਜ਼ਖ਼ਮੀ ਹੋ ਗਏ।... ਮਾਂ ਦਿੱਸ ਪਈ।... ਭੱਜ ਕੇ ਆ ਗਈ।... ਅਪਣੇ ਹੱਥਾਂ ਨਾਲ ਵਾੜ ਪਾਸੇ ਹਟਾ ਰਹੀ ਸੀ।... ਉਸਦੀ ਚੁੰਨੀ ਵੀ ਕੰਢਿਆਂ ਵਿੱਚ ਅਟਕ ਗਈ... ਉਸਦੇ ਹੱਥ ਵੀ ਜ਼ਖ਼ਮੀ ਹੋ ਗਏ... ਮੈਨੂੰ ਘੁੱਟ ਕੇ ਕਾਲਜੇ ਨਾਲ ਲਾ ਲਿਆ।... ਦਾਦੀ ਤੇ ਬਾਊ ਜੀ ਨੇ ਮਾਂ ਨੂੰ ਮੇਰੇ ਤੋਂ ਵੱਖ ਕਰ ਦਿੱਤਾ।... ਧਰੂਹ ਕੇ ਅੰਦਰ ਲੈ ਗਏ।... ਬੂਹਾ ਖੜ੍ਹਾਕ ਦੇਣੇ ਬੰਦ ਕਰ ਦਿੱਤਾ।... ਮੈਂ ਜ਼ੋਰ-ਜ਼ੋਰ ਦੀ ਬੂਹਾ ਖੜਕਾ ਰਹੀ ਸੀ। ਇਕ ਗੜਗੜਾਹਟ ਉਭਰੀ।... ਤੇਜ਼ ਬਿਜਲੀ ਦੀ ਲਿਸ਼ਕ ਮੇਰੇ ਮੂੰਹ 'ਤੇ ਵੱਜੀ।... ਮੈਂ ਅੱਖਾਂ ਖੋਹਲੀਆਂ। ਮੀਨਾ ਮੇਰੇ ਕੋਲ ਖੜ੍ਹੀ ਸੀ। ''ਮੈਡਮ ਦੇਖੋ ਮੌਸਮ ਏਕਦਮ ਬਦਲ ਗਿਆ।'' ਮੈਂ ਉਤਾਂਹ ਨਿਗਾਹ ਮਾਰੀ, ਕਾਲੇ ਬੱਦਲਾਂ ਨੇ ਹਨ੍ਹੇਰਾ ਕਰ ਦਿੱਤਾ। ਇਹ ਮੌਸਮ ਜਿਵੇਂ ਮੇਰੇ ਅੰਦਰੋਂ ਨਿਕਲ ਕੇ ਅਸਮਾਨੀ ਫੈਲ ਗਿਆ। ਮੀਂਹ ਪੈਣ ਲੱਗ ਪਿਆ। ਮੀਨਾ ਟੱਪ-ਟੱਪ ਕਰਦੀਆਂ ਬੂੰਦਾਂ ਨੂੰ ਹਥੇਲੀ ਨਾਲ ਰੋਕ ਲੈਂਦੀ। ਉਸਦੇ ਚਿਹਰੇ 'ਤੇ ਮਾਸੂਮਿਯਤ ਸੀ।... ਚਹਿਕ ਰਹੀ ਸੀ।... ਪਹਾੜਾਂ ਦੀ ਅਵਾਰਾ ਹਵਾ ਜਾਪ ਰਹੀ ਸੀ। ਹਵਾ ਨਾਲ ਗੁਲਮੋਹਰ ਦੇ ਰੁੱਖ ਝੂਮ ਰਹੇ ਸਨ। ''ਵੋਹ ਦੇਖੋ ਮੈਡਮ ਕਾਂਤੀ ਪਾਗਲ ਹੋ ਗਈ।'' ਕਾਂਤੀ ਦੀਵਾਨਿਆਂ ਵਾਂਗ ਬਾਹਾਂ ਫੈਲਾਈ ਮੀਂਹ ਵਿੱਚ ਨਹਾ ਰਹੀ ਸੀ। ਘੁੰਮਣ ਘੇਰੀਆਂ ਲੈ ਰਹੀ ਸੀ।... ਉਸਨੂੰ ਨਹੀਂ ਪਤਾ ਲੱਗ ਰਿਹਾ ਉਹ ਕਿੱਥੇ ਪੈਰ ਧਰਦੀ ਤੇ ਕਿੱਥੇ ਰੱਖਿਆ ਜਾਂਦਾ।... ਉਸਦਾ ਸਾਰਾ ਜਿਸਮ ਕਿਸੇ ਸੁਰਤਾਲ 'ਤੇ ਨੱਚ ਰਿਹਾ ਸੀ। ''ਆਜਾ ਮੀਨਾ... ਬਹੁਤ ਮਜ਼ਾ ਆ ਰਹਾ ਹੈ।''

''ਮੈਡਮ ਆਪ ਚਲੋਗੇ ?'' ''ਨਹੀਂ ਮੀਨਾ ਮੈਨੂੰ ਬਰਸਾਤ ਤੋਂ ਡਰ ਲੱਗਦੈ।''

''ਤੋ ਮੈਂ ਜਾਊਂ... ਥੋੜ੍ਹੀ ਦੇਰ ਮੇਂ ਆਤੀ ਹੂੰ।'' ਕਹਿ ਕੇ ਮੀਨਾ ਵੀ ਕਾਂਤੀ ਨਾਲ ਜਾ ਰਲੀ। ਦੋਹੇਂ ਵਿਸ਼ਾਲ ਅਸਮਾਨ ਹੇਠ ਆਪਣੀ ਹੋਂਦ ਨੂੰ ਮਾਣ ਰਹੀਆਂ ਸਨ। ਪੈਰਾਂ ਹੇਠਾਂ ਪਾਣੀ ਨੂੰ ਛੱਪ-ਛੱਪ ਉਛਾਲਦੀਆਂ। ਇਕ ਪਲ ਲਈ ਮੇਰਾ ਜੀਅ ਕੀਤਾ ਮੈਂ ਵੀ ਭੱਜ ਕੇ ਉਹਨਾਂ ਨਾਲ ਬਾਰਿਸ਼ ਦਾ ਮਜ਼ਾ ਲਵਾਂ। ਮੈਨੂੰ ਪਤਾ ਨਹੀਂ ਕਿਉਂ ਡਰ ਲੱਗਦਾ ਸੀ। ਮੈਨੂੰ ਅਪਣਾ ਬਚਪਨ ਚੇਤੇ ਆ ਗਿਆ। ਮੈਂ ਸ਼ਾਇਦ ਬਾਰ੍ਹਾਂ-ਤੇਰ੍ਹਾਂ ਸਾਲਾਂ ਦੀ ਹੋਵਾਂਗੀ। ਤੇਜ਼ ਬਾਰਿਸ਼ ਵਿਚ ਲੱਕੀ ਨਿੱਕਰ ਪਾਈ ਨਹਾ ਰਿਹਾ ਸੀ। ਮੈਂ ਵੀ ਮੀਂਹ ਵਿੱਚ ਭਿੱਜਣ ਲੱਗ ਪਈ। ਅਸੀਂ ਉੱਚੀ-ਉੱਚੀ ਕਿਲਕਾਰੀਆਂ ਮਾਰਦੇ ਨਹਾ ਰਹੇ ਸੀ। ਦਾਦੀ ਨੇ ਮੈਨੂੰ ਅਵਾਜ਼ ਮਾਰੀ, ''ਕੁੜੀਏ ਚੱਲ ਅੰਦਰ।'' ''ਕਿਉਂ ?... ਮੈਂ ਨਹੀਂ ਜਾਣਾ... ਮੈਂ ਨਹਾਉਣੈ।'' ''ਮੈਂ ਕਿਹਾ ਚੱਲ ਅੰਦਰ।'' ''ਕੀ ਗੱਲ ਐ... ਮੈਂ ਨਹੀਂ ਜਾਣਾ।'' ਮੈਂ ਅਕਸਰ ਦਾਦੀ ਨਾਲ ਕਈ ਵਾਰ ਟੱਕਰ ਲੈ ਲੈਂਦੀ। ਮਾਂ ਵੀ ਆ ਗਈ। ''ਕੋਮਲ ਚੱਲ ਕੱਪੜੇ ਬਦਲ।'' ''ਕੀ ਗੱਲ ? ਲੱਕੀ ਵੀ ਤਾਂ ਨਹਾਈ ਜਾਂਦੈ... ਉਹਨੂੰ ਕਿਉਂ ਨਹੀਂ ਕੁੱਝ ਕਹਿੰਦੇ।'' ''ਲੱਕੀ ਨੂੰ ਨਹਾਉਣ ਦੇ... ਕੁੜੀਆਂ ਨਹੀਂ ਇੰਝ ਨਹਾਉਂਦੀਆਂ।'' ਦਾਦੀ ਨੇ ਘੂਰ ਕੇ ਕਿਹਾ। ''ਮੈਂ ਤਾਂ ਕੱਪੜੇ ਵੀ ਪਾਏ ਹੋਏ ਨੇ।'' ਕਹਿ ਕੇ ਮੈਂ ਫੇਰ ਪਾਣੀ ਵਿੱਚ ਛੱਪ-ਛੱਪ ਪੈਰ ਮਾਰਨ ਲੱਗੀ। ''ਪਾਏ ਨਾ ਪਾਏ ਇੱਕ ਬਰਾਬਰ... ਵੇਖ ਕਿਵੇਂ ਕਮੀਜ਼ ਪਿੰਡੇ ਨਾਲ ਚੁੰਬੜ ਗਈ... ਭੈੜੀ ਲੱਗਦੀ ਏ।'' ਦਾਦੀ ਨੇ ਫੇਰ ਕਿਹਾ, ''ਕੋਮਲ ਤੇਰੇ ਬਾਊ ਜੀ ਝਿੜਕਣਗੇ... ਚੱਲ ਮੇਰੀ ਸਿਆਣੀ ਧੀ... ਗੱਲ ਮੰਨ ਲੈ।'' ਮਾਂ ਨੇ ਜਦੋਂ ਕਿਹਾ ਤਾਂ ਮੇਰਾ ਰੋਣ ਨਿਕਲ ਗਿਆ। ਮੈਂ ਉਸ ਉਮਰੇ ਅੰਦਰੋਂ ਜਿਵੇਂ ਸੁੰਗੜ ਗਈ... ਜਿਉਂ ਜਿਉਂ ਵੱਡੀ ਹੁੰਦੀ ਗਈ, ਹੋਰ ਸੁੰਗੜਦੀ ਗਈ।

●●●

ਕਾਂਤੀ ਕੱਪੜੇ ਲੈਣ ਆਈ ਸੀ। ਗੂੜ੍ਹੀ ਗੁਲਾਬੀ ਸਾੜੀ, ਕਲਿੱਪ ਲਾ ਕੇ ਵਾਲ ਖੁੱਲ੍ਹੇ ਛੱਡੇ ਹੋਏ। ਅੱਜ ਸੰਧੂਰ ਦੀ ਲਕੀਰ ਪਹਿਲਾਂ ਨਾਲੋਂ ਵੀ ਗੂੜ੍ਹੀ ਸੀ। ਕੰਨਾਂ ਵਿੱਚ ਓਹੀ ਫਿਰੋਜ਼ੀ ਬੁੰਦੇ ਪਾਏ ਹੋਏ। ਮੱਥੇ 'ਤੇ ਵੱਡੀ ਸਾਰੀ ਬਿੰਦੀ। ਉਹ ਗੱਲ ਕਰਦੀ ਤਾਂ ਗਰਦਨ ਜ਼ਿਆਦਾ ਮਟਕਾਉਂਦੀ... ਲੰਮੇ-ਲੰਮੇ ਬੁੰਦਿਆਂ ਨੂੰ ਜ਼ਿਆਦਾ ਹਿਲਾਉਂਦੀ... ਨਜ਼ਾਕਤ ਨਾਲ ਗੱਲ ਕਰਦੀ ਤੇ ਸ਼ਰਮਾਉਂਦੀ।

''ਕੈਸੀ ਹੋ ?'' ਮੀਨਾ ਨੇ ਸ਼ਰਾਰਤ ਨਾਲ ਉਸਦੇ ਕੰਨੀਂ ਪਾਏ ਬੁੰਦੇ ਨੂੰ ਠੁਮਣਾ ਦਿੰਦਿਆਂ ਕਿਹਾ।

''ਕਿਆ ਬਤਾਊਂ... ਯੇ ਕਿਸ਼ੋਰੀ... ਹਰਾਮੀ... ਸਾਰੀ ਰਾਤ ਉਲਟੀਆਂ ਕਰਤਾ ਰਹਾ... ਗੰਦੀ ਦਾਰੂ ਚੜ੍ਹਾ ਕੇ ਆਇਆ ਥਾ... ਕੋਈ ਹੋਸ਼ ਨਹੀਂ ਉਸੇ।... ਮਰੇ ਕੁੱਤੇ ਕੀ ਤਰ੍ਹਾਂ ਪੜਾ ਹੈ। ਦੇਖ ਮੀਨਾ ਮੇਰੀ ਤੋਂ ਬਾਜੂ ਭੀ ਫੂਲੀ ਪੜੀ ਹੈ। ਪਰ ਆਜ ਮੈਂ ਕੱਪੜੇ ਪਰੈਸ ਨਹੀਂ ਕਰੂੰਗੀ।''

''ਫਿਰ ਕਿਆ ਕਰੋਗੀ ?'' ''ਮੈਨੇ ਆਜ ਜਾਨਾ ਹੈ। ਤੂੰ ਸੰਭਾਲ ਲੈਨਾ... ਬੋਲਨਾ ਤੇਰੀ ਉਲਟੀ ਕੀ ਦਵਾਈ ਲੇਨੇ ਗਈ ਹੈ।''

''ਕਿਆ ਸੱਚੀ ਮੇਂ ਦਵਾਈ ਲੇਨੇ ਜਾਏਗੀ।'' ''ਹਾਂ ਲਾਉਂਗੀ ਦੋ ਚਾਰ ਪੁੜੀਆਂ ਚੂਰਨ ਕੀ... ਔਰ ਕਿਆ।'' ਕਹਿ ਕੇ ਕਾਂਤੀ ਮੁਸਕਰਾ ਪਈ। ਸਿਰ ਉਪਰ ਦੋ ਗੱਠੜੀਆਂ ਚੁੱਕੀ ਉਹ ਤੁਰ ਪਈ। ਮੈਂ ਉਸਨੂੰ ਜਾਂਦੀ ਨੂੰ ਤੱਕਦੀ ਰਹੀ। ਉਹ ਪੂਰੇ ਸੰਤੁਲਨ ਵਿੱਚ... ਗੱਠੜੀਆਂ ਨੂੰ ਬਿਨਾਂ ਹੱਥ ਪਾਈ ਸਿਧੀ ਤੁਰੀ ਜਾ ਰਹੀ ਸੀ... ਬਿਲਕੁਲ ਨਟਨੀ ਵਾਂਗ। ਜੀਵਨ ਡੋਰ 'ਤੇ ਬੋਚ-ਬੋਚ ਕੇ ਪੱਬ ਧਰਦੀ ਹੋਈ।

●●●

ਬਾਰਿਸ਼ ਬੰਦ ਹੋ ਗਈ। ਮੌਸਮ ਬਹੁਤ ਸੋਹਣਾ ਸੀ। ਮੀਨਾ ਨੇ ਕਿਹਾ, ''ਮੈਡਮ ਚਲੋ ਮਾਰਕਿਟ ਚਲੇਂ... ਮੇਰੇ ਕੋ ਸਬਜ਼ੀ ਲੇਨੇ ਜਾਨਾ ਹੈ।''

''ਠੀਕ ਹੈ ਮੀਨਾ ਮੈਂ ਵੀ ਘਰ ਬੈਠੀ ਬੈਠੀ ਬੋਰ ਹੋ ਗਈ।''

ਮੀਨਾ ਨਿੱਕੇ-ਨਿੱਕੇ ਕਦਮ ਪੁੱਟਦੀ ਮੇਰੇ ਨਾਲ ਤੁਰੀ ਜਾ ਰਹੀ ਸੀ। ਥੋੜ੍ਹੀ ਦੂਰ ਜਾ ਕੇ ਪੀ. ਸੀ. ਓ. ਵੱਲ ਇਸ਼ਾਰਾ ਕੀਤਾ, ''ਮੈਡਮ ਮੈਂ ਫੋਨ ਕਰਲੂੰ?''

''ਹਾਂ, ਮੈਂ ਪਾਰਕ ਵਿੱਚ ਬੈਠਾਂਗੀ।'' ਮੀਨਾ ਕਰੀਬ ਅੱਧੇ ਘੰਟੇ ਬਾਅਦ ਆਈ। ''ਮੈਡਮ ਸੌਰੀ, ਆਪ ਕੋ ਅਕੇਲੀ ਛੋੜ ਗਈ।''

''ਕੋਈ ਗੱਲ ਨਹੀਂ ਮੀਨਾ... ਮੈਨੂੰ ਪਾਰਕ ਵਿੱਚ ਬੈਠਣਾ ਬੜਾ ਚੰਗਾ ਲੱਗਿਆ... ਪਤਾ ਨਹੀਂ ਕਿੰਨੇ ਚਿਰਾਂ ਬਾਅਦ ਮੈਂ ਬਾਹਰਲੀ ਦੁਨੀਆਂ ਦੇ ਰੰਗ ਵੇਖੇ। ਪਰ ਤੂੰ ਕਾਫ਼ੀ ਟਾਈਮ ਲਗਾ ਆਈ ?''

''ਹਾਂ ਜੀ... ਕੇਸ਼ਵ ਸੇ ਬਾਤ ਕਰਨੀ ਥੀ... ਕਰੀਬ ਮਹੀਨਾ ਹੋ ਗਿਆ ਥਾ ਬਾਤ ਹੂਏ।''

''ਕੇਸ਼ਵ ਕੌਣ ?'' ਮੀਨਾ ਮੇਰੇ ਸਵਾਲ 'ਤੇ ਮੁਸਕਰਾ ਪਈ। ''ਮੈਂ ਸ਼ਾਦੀ ਸੇ ਪਹਿਲੇ ਕੇਸ਼ਵ ਸੇ ਪਿਆਰ ਕਰਤੀ ਥੀ... ਦੇਖੋ ਮੈਡਮ, ਉਸਨੇ ਅਭੀ ਤੱਕ ਸ਼ਾਦੀ ਨਹੀਂ ਕੀ... ਉਸੇ ਅਭ ਭੀ ਮੇਰਾ ਇੰਤਜਾਰ ਹੈ।''

''ਕੇਸ਼ਵ ਤੈਨੂੰ ਹੁਣ ਵੀ ਪਿਆਰ ਕਰਦੈ ?''

''ਹਾਂ ਮੈਡਮ, ਵੋਹ ਸਭ ਜਾਨਤਾ ਹੈ ਕਿ ਮੇਰੀ ਸ਼ਾਦੀ ਕੈਸੇ ਹੂਈ। ਰਾਮਾ ਤੋ ਏਕ ਵਸਤੂ ਕੀ ਤਰ੍ਹਾਂ ਮੁਝੇ ਖਰੀਦ ਕੇ ਲਾਇਆ ਥਾ... ਔਰ ਵਸਤੂ ਕੀ ਤਰ੍ਹਾਂ ਇਸਤੇਮਾਲ ਕੀਆ। ਇਸੀ ਲੀਏ ਮੈਨੇ ਭੀ ਉਸੇ ਵਸਤੂ ਸਮਝ ਕਰ ਛੋੜ ਦਿਆ।''

''ਮੀਨਾ ਤੂੰ ਏਨ੍ਹੀ ਪਿਆਰੀ ਕੁੜੀ... ਕੋਈ ਵੇਚਣ ਖਰੀਦਣ ਵਾਲੀ ਵਸਤੂ ਤਾਂ ਨਹੀਂ।''

''ਗਰੀਬੀ ਬਹੁਤ ਬੁਰੀ ਚੀਜ਼ ਹੈ ਮੈਡਮ। ਮਾਂ ਬਾਪ ਤੋ ਮੇਰੇ ਹੈ ਨਹੀਂ। ਬੜਾ ਭਾਈ ਔਰ ਭਾਬੀ ਹੈਂ। ਭਾਈ ਦਿਹਾੜੀਦਾਰ... ਦਿਹਾੜੀ ਲਗੀ ਤੋਂ ਦਾਲ ਚਾਵਲ ਬਨ ਗਏ... ਨਹੀਂ ਲਗੀ ਤੋਂ ਭੁੱਖੇ ਪੇਟ ਸੋ ਜਾਓ। ਐਸੇ ਹੀ ਜ਼ਿੰਦਗੀ ਕਟਤੀ ਥੀ। ਕੇਸ਼ਵ ਅਪਨੇ ਮਾਮਾ ਕੀ ਚਾਏ ਕੀ ਦੁਕਾਨ ਪਰ ਬੈਠਤਾ ਥਾ। ਆਤੇ ਜਾਤੇ ਅਕਸਰ ਹਮ ਏਕ ਦੂਸਰੇ ਕੋ ਦੇਖਤੇ... ਫਿਰ ਏਕ ਦੂਸਰੇ ਕੋ ਚਾਹਨੇ ਲਗੇ... ਬਹੁਤ ਅੱਛਾ ਲੜਕਾ ਹੈ ਕੇਸ਼ਵ... ਨਾ ਕੋਈ ਨਸ਼ੇ ਕੀ ਲਤ... ਏਕ ਦਮ ਮੇਹਨਤੀ ਲੜਕਾ। ਹਮ ਸ਼ਾਦੀ ਕਰਨਾ ਚਾਹਤੇ ਥੇ... ਪਰ।''

''ਪਰ ਕੀ ਮੀਨਾ?''

''ਮੈਡਮ ਔਰਤ ਹੀ ਔਰਤ ਕੀ ਸਭ ਸੇ ਬੜੀ ਦੁਸ਼ਮਨ ਬਣ ਜਾਤੀ ਹੈ। ਏਕ ਦਿਨ ਭਾਬੀ ਨੇ ਮੁਝੇ ਕੇਸ਼ਵ ਕੇ ਸਾਥ ਦੇਖ ਲਿਆ... ਬੱਸ ਉਸਨੇ ਭਾਈ ਨੇ ਕਾਨ ਭਰ ਦੀਏ... ਭਾਈ ਨੇ ਮੇਰੀ ਖੂਬ ਪਿਟਾਈ ਕੀ... ਬਹੁਤ ਗਾਲ੍ਹੀਆਂ ਬਕੀ। ਮੈਂ ਕਈ ਦਿਨ ਗੁੱਸਾ ਮਨ ਮੇ ਲੀਏ ਭੁੱਖੀ ਪਿਆਸੀ ਰਹੀ। ਏਕ ਦਿਨ ਭਾਬੀ ਦੂਧ ਲੇ ਕੇ ਆਈ, ਬੋਲੀ ''ਪੀ ਲੇ... ਹਮਾਰੇ ਸਰ ਚੜ੍ਹ ਕੇ ਮਰੇਗੀ ਕਿਆ ?... ਬੇਇੱਜ਼ਤ ਕਰਵਾਏਗੀ ਹਮੇਂ ?''

''ਮੈਂ ਨਹੀਂ ਪੀਉਂਗੀ... ਤੇਰੇ ਮਨਸਾ ਰਾਮ ਕੇ ਹਾਤੇ ਕਾ ਦੂਧ।'' ਭਾਬੀ ਕੇ ਤੋ ਮਾਨੋ ਹੋਸ਼ ਉਡ ਗਏ। ਉਸ ਕਾ ਰਾਜ ਮੇਰੇ ਦਿਲ ਮੇ ਦਬਾ ਥਾ, ਗੁੱਸੇ ਮੇ ਮੇਰੀ ਜ਼ੁਬਾਨ ਪਰ ਆ ਗਿਆ। ਭਾਬੀ ਚੁੱਪ ਹੋ ਗਈ... ਆਤੇ ਜਾਤੇ ਮੁਝੇ ਘੂਰਤੀ... ਉਸਕੀ ਆਂਖੋਂ ਮੇਂ ਜੈਸੇ ਆਗ ਬਰਸਤੀ ਥੀ। ਮੁਝੇ ਪਤਾ ਥਾ ਭਾਬੀ ਅਕਸਰ ਮਨਸਾ ਰਾਮ ਕੇ ਬਾਗੋਂ ਮੇਂ ਜਾਤੀ ਥੀ... ਵੋਹ ਮਨਸਾ ਰਾਮ ਠਹਿਰਾ ਜ਼ਮੀਨੋਂ ਔਰ ਬਾਗੋਂ ਕਾ ਮਾਲਿਕ... ਔਰਤੋਂ ਕਾ ਰਸੀਆ ਥਾ। ਮੁਝੇ ਬਹੁਤ ਦੁੱਖ ਥਾ... ਭਾਬੀ ਕਹਾਂ ਫਸ ਗਈ, ਪਰ ਫਿਰ ਵਹੀ ਗਰੀਬੀ ਔਰ ਭੂਖ.. ਕਿਆ ਕਿਆ ਨਹੀਂ ਕਰਵਾਤੀ। ਜਬ ਘਰ ਮੇਂ ਖਾਨੇ ਕੋ ਨਾ ਹੋਤਾ ਤੋ ਭਾਬੀ ਮਨਸਾ ਰਾਮ ਕੇ ਯਹਾਂ ਸੇ ਚਾਵਲ ਲੇ ਆਤੀ... ਕਭੀ ਗੜਵਾ ਭਰ ਕੇ ਦੂਧ। ਜਬ ਪੇਟ ਭਰ ਜਾਤਾ ਤੋ ਮੇਰੀ ਜ਼ੁਬਾਨ ਭੀ ਬੰਦ ਹੋ ਜਾਤੀ। ਮੇਰਾ ਭਾਈ ਤੋ ਏਕ ਨੰਬਰ ਕਾ ਨਿਕੰਮਾ... ਮੁਝੇ ਭਾਬੀ ਪਰ ਤਰਸ ਆਤਾ ਥਾ। ਜਿਸ ਦਿਨ ਮੈਨੇ ਮਨਸਾ ਰਾਮ ਕਾ ਨਾਮ ਮੂੰਹ ਸੇ ਨਿਕਾਲਾ, ਉਸ ਦਿਨ ਸੇ ਵੋਹ ਮੇਰੀ ਦੁਸ਼ਮਣ ਬਣ ਗਈ। ਏਕ ਦਿਨ ਦੋਨੋਂ ਮੁਝੇ ਬੂਆ ਕੇ ਗਾਂਵ ਲੈ ਆਏ।।। ਏਕ ਹੀ ਦਿਨ ਮੇਂ ਰਾਮਾ ਕੇ ਸਾਥ ਮੇਰੀ ਸ਼ਾਦੀ ਕਰ ਦੀ... ਅਸਲ ਮੇਂ ਮੁਝੇ ਮੇਰੇ ਭਾਈ ਨੇ ਦੱਸ ਹਜ਼ਾਰ ਮੇਂ ਬੇਚ ਦਿਆ ਥਾ।'' ਮੀਨਾ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ''ਸ਼ਾਦੀ ਸੇ ਅਗਲੇ ਦਿਨ ਮੈਂ ਰਾਮਾ ਕੇ ਸਾਥ ਦਿੱਲੀ ਆ ਗਈ... ਚਾਰ ਸਾਲ ਹੋ ਗਏ ਫਿਰ ਵਾਪਿਸ ਨਹੀਂ ਗਈ।'' ਉਸਨੇ ਅੱਖਾਂ ਪੂੰਝਦਿਆਂ ਕਿਹਾ।

''ਮੀਨਾ ਜੀ ਨਹੀਂ ਕਰਦਾ ਜਾਣ ਨੂੰ ?''

''ਨਹੀਂ... ਅਬ ਨਹੀਂ ਜਾਉਂਗੀ... ਬਿਕੀ ਹੁਈ ਚੀਜ਼ ਵਾਪਿਸ ਨਹੀਂ ਹੋਤੀ... ਜੋ ਬਿਕ ਗਿਆ ਸੋ ਬਿਕ ਗਿਆ। ਅਬ ਕੇਸ਼ਵ ਮੇਰੇ ਸਾਥ ਸ਼ਾਦੀ ਕਰਨਾ ਚਾਹਤਾ ਹੈ... ਮੁਝੇ ਵਾਪਿਸ ਬੁਲਾ ਰਹਾ ਹੈ। ਮੈਨੇ ਸਾਫ਼-ਸਾਫ਼ ਕਹ ਦਿਆ... ਮੇਰੇ ਸੰਗ ਰਹਨਾ ਹੈ ਤੋ ਦਿੱਲੀ ਆ ਜਾ... ਚਾਏ ਕੇ ਖੋਖੇ ਸੇ ਤੋ ਜ਼ਿਆਦਾ ਹੀ ਕਮਾ ਲੇਗਾ।''

''ਫੇਰ ਕੇਸ਼ਵ ਕੀ ਕਹਿੰਦਾ ?''

''ਆਜ ਹੀ ਬਾਤ ਹੂਈ, ਵੋਹ ਬੀਸ ਦਿਨ ਬਾਅਦ ਆ ਰਹਾ ਹੈ।'' ਕਹਿ ਕੇ ਉਹ ਮੁਸਕਰਾ ਪਈ।

•••

ਸ਼ਾਮ ਨੂੰ ਕਰਨ ਤੇ ਚੇਤਨਾ ਇਕੱਠੇ ਆ ਗਏ। ਦੋਹੇਂ ਬਹੁਤ ਖੁਸ਼। ਚੇਤਨਾ ਨੇ ਮੈਨੂੰ ਜੱਫੀ ਵਿੱਚ ਲੈ ਲਿਆ।

''ਕੋਮਲ... ਮੇਰਾ ਪ੍ਰੋਜੈਕਟ ਪਾਸ ਹੋ ਗਿਆ... ਪਾਸ ਨਹੀਂ ਬਲਕਿ ਐਕਸੇਲੈਂਟ ਸੀ।''

''ਵੈਰੀ ਗੁੱਡ।'' ਮੈਂ ਉਸਨੂੰ ਥਾਪੀ ਦਿੱਤੀ।

''ਆਈ ਐਮ ਰੀਅਲੀ ਸੈਟੇਸਫਾਈਡ।'' ਚੇਤਨਾ ਦੋਹੇਂ ਬਾਹਾਂ ਫੈਲਾ ਕੇ ਸੋਫੇ 'ਤੇ ਡਿੱਗ ਪਈ। ਕਰਨ ਹੱਸ ਪਿਆ। ''ਠੀਕ ਐ ਮੈਡਮ... ਮੇਰਾ ਕੋਈ ਰੋਲ ਨਹੀਂ ?'' ਚੇਤਨਾ ਫੇਰ ਉੱਠੀ। ਕਰਨ ਨੂੰ ਜੱਫੀ ਪਾ ਲਈ, ''ਕਰਨ ਤੇਰੇ ਬਿਨਾਂ ਤਾਂ ਇਹ ਪਾਸੀਬਲ ਹੀ ਨਹੀਂ ਸੀ।'' ਕਰਨ ਨੇ ਚੇਤਨਾ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ। ''ਨਹੀਂ ਚੇਤਨਾ... ਤੂੰ ਆਪ ਹੀ ਬਹੁਤ ਇੰਟੈਲੀਜੈਂਟ ਹੈ... ਆਈ ਰੀਅਲੀ ਐਪਰੀਸ਼ੀਏਟ ਯੂ।'' ''ਥੈਂਕ ਯੂ ਸਰ।'' ਚੇਤਨਾ ਨੇ ਸਿਰ ਝੁਕਾ ਕੇ ਕਿਹਾ। ਚੇਤਨਾ ਤਿਆਰ ਹੋ ਕੇ ਕਰਨ ਨਾਲ ਚੱਲੀ ਸੀ। ਅੱਜ ਕਰਨ ਦੇ ਫਲੈਟ 'ਤੇ ਪਾਰਟੀ ਰੱਖੀ ਹੋਈ ਹੈ। ਉਹ ਕਹਿੰਦੀ, ''ਜਦੋਂ ਅਸੀਂ ਕੋਈ ਵੱਡਾ ਕੰਮ ਨੇਪਰੇ ਚਾੜ੍ਹਦੇ ਹਾਂ... ਤਾਂ ਇਸੇ ਤਰ੍ਹਾਂ ਸੈਲੀਬਰੇਟ ਕਰਦੇ ਹਾਂ। ਮੈਂ ਤੈਨੂੰ ਕੱਲ੍ਹ ਮਿਲਾਂਗੀ।'' ਕਹਿ ਕੇ ਉਹ ਕਰਨ ਨਾਲ ਚਲੀ ਗਈ।

•••

ਮੈਂ ਤੇ ਮੀਨਾ ਅੱਜ ਇਕੱਲੀਆਂ ਸੀ। ਮੀਨਾ ਲੌਬੀ ਵਿੱਚ ਟੀ. ਵੀ. ਦੇਖ ਰਹੀ ਸੀ ਤੇ ਮੈਂ ਕਮਰੇ ਵਿੱਚ ਇਕੱਲੇਪਣ ਨਾਲ ਖਹਿੰਦੀ ਹੋਈ। "ਮੈਡਮ ਆਪ ਕਾ ਫੋਨ।" ਮੀਨਾ ਨੇ ਮੈਨੂੰ ਅਵਾਜ਼ ਮਾਰੀ। ਨਮਰ ਦਾ ਫੋਨ ਸੀ। "ਕੋਮਲ ਤੇਰਾ ਵਾਪਸੀ ਦਾ ਕੀ ਪ੍ਰੋਗਰਾਮ ਹੈ? ਤੈਨੂੰ ਕੀ ਪਤਾ ਲੋਕ ਇੱਥੇ ਕੀ-ਕੀ ਗੱਲਾਂ ਕਰਦੇ ਨੇ... ਅਸੀਂ ਸੌ-ਸੌ ਬਹਾਨੇ ਲਾਉਂਦੇ ਹਾਂ... ਕਦੀ ਕਹੀਦੈ ਕਿ ਮਾਮੀ ਕੋਲ ਗਈ ਐ... ਕਦੀ ਕਹੀਦੈ ਕਿ ਭੂਆ ਕੋਲ... ਤੂੰ ਠੰਢੇ ਦਿਮਾਗ ਨਾਲ ਸੋਚ... ਵਾਪਿਸ ਆ ਜਾ।" ਨਮਰ ਦੀ ਗੱਲ ਸੁਣ ਕੇ ਮੈਂ ਭੜਕ ਉੱਠੀ, "ਦੀਦੀ, ਜੇ ਮੈਂ ਮੁੜ ਆਈ ਤਾਂ ਕੀ ਲੋਕਾਂ ਦੀ ਜ਼ਬਾਨ ਬੰਦ ਹੋ ਜਾਏਗੀ?... ਫੇਰ ਮੈਨੂੰ ਤੁਹਾਡੀ ਦੁਨੀਆਂ ਵੈਲਕਮ ਕਰਨ ਆਊਗੀ, ਹੱਥਾਂ ਵਿੱਚ ਗੁਲਦਸਤੇ ਫੜ੍ਹਕੇ... ਮੈਨੂੰ ਦੁਨੀਆ ਦਾ ਵਾਸਤਾ ਨਾ ਦਿਆ ਕਰੋ।" ਕਹਿ ਕੇ ਮੈਂ ਫੋਨ ਬੰਦ ਕਰ ਦਿੱਤਾ। ਤੜਪ ਉੱਠੀ ਸੀ ਮੈਂ। ਇਕ ਮੋਹ ਦੀ ਤੰਦ ਜਿਹੜੀ ਮੈਨੂੰ ਖਿੱਚਦੀ ਸੀ, ਅੱਜ ਮੈਂ ਉਹ ਵੀ ਤੋੜ ਦਿੱਤੀ। ਮੈਂ ਘਰ ਛੱਡ ਆਈ... ਕੀਹਦੇ ਆਸਰੇ... ਪਰ ਘਰ ਤਾਂ ਇਕ ਦਿਨ ਛੱਡਣਾ ਹੀ ਪੈਣਾ ਸੀ। ਉਹਨਾਂ ਖਾਤਰ ਛੱਡਦੀ ਤਾਂ ਸਭ ਨੂੰ ਚੰਗਾ ਲੱਗਦਾ... ਹੁਣ ਆਪਣੀ ਖਾਤਰ ਛੱਡਿਆ ਤਾਂ ਕੁਲ ਦੁਨੀਆ ਹੀ ਦੁਸ਼ਮਣ ਹੋ ਗਈ। ਮੈਥੋਂ ਬੇਨਾਮ ਇੱਜ਼ਤ ਨੂੰ ਢੋਹ ਕੇ ਅਣਚਾਹੀ ਜ਼ਿੰਦਗੀ ਨਹੀਂ ਜਿਊਈਂ ਜਾਂਦੀ। ਮੇਰੀਆਂ ਅੱਖਾਂ ਅੱਜ ਫੇਰ ਨਟਨੀ ਦੇ ਪੈਰਾਂ 'ਤੇ ਖਲੋ ਗਈਆਂ। ਮੈਨੂੰ ਲੱਗਿਆ ਜੇ ਰੱਸੀ ਅੱਧ ਵਿਚਕਾਰੋਂ ਟੁੱਟ ਗਈ ਤਾਂ ਉਹ ਬੁਰੀ ਤਰ੍ਹਾਂ ਡਿੱਗੇਗੀ... ਟੋਟੇ-ਟੋਟੇ ਹੋ ਜਾਏਗੀ... ਪਰ ਉਸ ਦੇ ਪੈਰਾਂ ਹੇਠਲੀ ਰੱਸੀ ਤਾਂ ਹੋਰ ਲੰਮੀ... ਹੋਰ ਲੰਮੀ ਹੁੰਦੀ ਗਈ। ਮੇਰੇ ਆਲੇ ਦੁਆਲੇ ਵਲਦੀ ਗਈ। ਮੇਰੀ ਗਰਦਨ ਤੇ ਕੱਸਦੀ ਗਈ... ਹੱਥ ਪੈਰ ਸਭ ਰੱਸੀ ਵਿਚ ਬੱਝਦੇ ਗਏ... ਮੈਨੂੰ ਸਾਹ ਨਹੀਂ ਆ ਰਿਹਾ... ਮੈਂ ਚੀਕਾਂ ਵੀ ਨਹੀਂ ਮਾਰ ਸਕਦੀ... ਭੱਜ ਵੀ ਨਹੀਂ ਸਕਦੀ। ਚੇਤਨਾ ਨੂੰ ਅਵਾਜ਼ ਮਾਰੀ ਸੀ, "ਚੇਤਨਾ ਮੈਨੂੰ ਅਜ਼ਾਦ ਕਰਦੇ... ਚੇਤਨਾ ਮੈਂ ਮਰ ਰਹੀ ਹਾਂ... ਪਰ ਚੇਤਨਾ ਆਪਣੇ ਗੁਆਚੇ... ਮੇਰੀ ਅਵਾਜ਼ ਨਹੀਂ ਸੁਣ ਰਹੀ... ਮੀਨਾ। ਮੀਨਾ... ਮੈਨੂੰ ਖੋਹਲ ਦੇ...।" "ਮੈਡਮ ਖੁਦ ਹੀ ਕੋਸ਼ਿਸ਼ ਕਰੋ।" ਕਹਿ ਕੇ ਮੀਨਾ ਵੀ ਰਸੋਈ ਵਿੱਚ ਵੜ ਗਈ। ਮੇਰੀ ਮਦਦ ਨੂੰ ਕੋਈ ਤਿਆਰ ਨਹੀਂ। ਮੈਂ ਆਪਣੇ ਅੰਦਰ ਸਾਰੀ ਸ਼ਕਤੀ ਇਕੱਠੀ ਕੀਤੀ... ਜਦੋਜਹਿਦ ਕਰਦੀ ਰਹੀ... ਹੱਥ ਪੈਰ ਮਾਰਦੀ ਰਹੀ... ਅਥਾਹ ਸ਼ਕਤੀ ਮੇਰੇ ਅੰਦਰ ਆ ਗਈ... ਬੰਧਨ ਢਿੱਲੇ ਹੋਣ ਲੱਗ ਪਏ... ਮੈਂ ਅਜ਼ਾਦ ਹੋਣ ਵਿੱਚ ਕਾਮਯਾਬ ਹੋ ਗਈ। ਮੈਂ ਭੱਜ ਕੇ ਚੇਤਨਾ ਕੋਲ ਆ ਗਈ... "ਚੇਤਨਾ ਭੱਜ ਚੱਲ... ਮੈਨੂੰ ਦੂਰ ਲੈ ਚੱਲ... ਮੈਨੂੰ ਫੇਰ ਰੱਸੀਆਂ ਵਿੱਚ ਜਕੜ ਦੇਣਗੇ... ਚੇਤਨਾ ਮੈਨੂੰ ਲੈ ਚੱਲ।" ਚੇਤਨਾ ਨੇ ਮੁਸਕਰਾਉਂਦਿਆਂ ਹੋਇਆਂ ਅੱਖਾਂ ਮੂੰਦ ਲਈਆਂ। ਮੈਨੂੰ ਇੰਜ ਜਾਪਿਆ ਜਿਵੇਂ ਮੈਂ ਉਸ ਦੀ ਆਗੋਸ਼ ਵਿੱਚ ਸਮਾਅ ਗਈ।

'ਹੁਣ' ਵਿਚੋਂ ਧੰਨਵਾਦ ਸਹਿਤ

ਕਹਾਣੀ

# ਜੀਤਾਂ ਭੈਣ

## ਰਣਬੀਰ ਜੌਹਲ

(ਰਣਬੀਰ ਜੌਹਲ ਕਨੇਡਾ ਵਿੱਚ ਜੰਮੀ ਅਤੇ ਇੱਥੇ ਹੀ ਵੱਡੀ ਹੋਈ ਹੈ। ਉਸ ਨੇ ਇੱਥੇ ਰਹਿੰਦਿਆਂ ਪੰਜਾਬੀ ਪੜ੍ਹਨੀ ਅਤੇ ਲਿਖਣੀ ਸਿੱਖੀ ਹੈ ਅਤੇ ਹੁਣ ਉਹ ਪੰਜਾਬੀ ਵਿੱਚ ਸਾਹਿਤ ਲਿਖਣ ਵੱਲ ਰੁਚਿਤ ਹੋਈ ਹੈ। ਕਨੇਡਾ ਵਿਚਲੇ ਪੰਜਾਬੀਆਂ ਦੀ ਦੂਜੀ ਪੀੜ੍ਹੀ ਵਿੱਚਲੇ ਕਿਸੇ ਵਿਅਕਤੀ ਵੱਲੋਂ ਪੰਜਾਬੀ ਵਿੱਚ ਲਿਖੀ ਗਈ ਸ਼ਾਇਦ ਇਹ ਪਹਿਲੀ ਕਹਾਣੀ ਹੈ। ਵਤਨ ਦੇ ਇਸ ਅੰਕ ਵਿੱਚ ਇਹ ਕਹਾਣੀ ਛਾਪਦਿਆਂ ਸਾਨੂੰ ਅੰਤਾਂ ਦੀ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਆਸ ਹੈ ਇਹ ਕਹਾਣੀ ਪੜ੍ਹ ਕੇ ਸਾਡੇ ਪਾਠਕ ਵੀ ਇਸ ਤਰ੍ਹਾਂ ਹੀ ਮਹਿਸੂਸ ਕਰਨਗੇ। ਕਿੱਤੇ ਵੱਜੋਂ ਰਣਬੀਰ ਕਵਾਂਟਲਨ ਪੌਲੀਟੈਕਨਿਕ ਯੂਨੀਵਰਸਿਟੀ ਵਿੱਚ ਪੰਜਾਬੀ ਦੀ ਅਧਿਆਪਕਾ ਹੈ- ਸੰਪਾਦਕ)

''ਚੱਲ, ਆ ਜਾ, ਨਿੰਮੀਏ, ਇੱਕ ਨਵੀਂ ਕਹਾਣੀ ਪੜ੍ਹਦੇ ਆਂ।''

ਸਾਰਾ ਹਫਤਾ ਮੈਨੂੰ ਸ਼ੁੱਕਰਵਾਰ ਦੀ ਉਡੀਕ ਰਹਿੰਦੀ ਸੀ - ਕਿ ਅੱਜ ਜੀਤਾਂ ਭੈਣ ਆਵੇਗੀ ਤੇ ਮੈਨੂੰ ਨਵੀਂਆਂ ਕਹਾਣੀਆਂ ਸੁਣਾਵੇਗੀ। ਅਗਲੇ ਤਿੰਨ ਦਿਨਾਂ ਲਈ ਮੈਂ ਮਸਾਂ ਘਰ ਆਉਣਾ। ਸ਼ਾਮ ਸਵੇਰ, ਮੈਂ ਤਾਂ ਬਸ ਜੀਤਾਂ ਭੈਣ ਦੇ ਨਾਲ ਨਾਲ ਹੀ ਰਹਿੰਦੀ ਸਾਂ।

ਸ਼ੁਕਰਵਾਰ ਨੂੰ ਸਕੂਲ ਤੋਂ ਆ ਕੇ, ਕੱਪੜੇ ਬਦਲਣੇ, ਰੋਟੀ ਖਾਣੀ, ਤੇ ਬਸ, ਬੈਠ ਜਾਣਾ ਘਰ ਦੀ ਮੂਹਰਲੀ ਗੱਲੀ ਵਿਚ ਡਾਹੇ ਮੰਜੇ ਉੱਤੇ। ਮੈਂ ਕਿਤਾਬ ਖੋਹਲੀ ਬੈਠੀ ਹੁੰਦੀ ਸਾਂ, ਪਰ ਜ਼ਿਆਦਾ ਧਿਆਨ ਤਾਂ ਜੀਤਾਂ ਭੈਣ ਦੀ ਅਵਾਜ਼ ਵਲ ਹੁੰਦਾ ਸੀ। ਉਹਦੀ ਅਵਾਜ਼ ਪਹਿਲਾਂ ਸੁਣਦੀ ਸੀ ਤੇ ਉਹ ਖੁਦ ਦਿਸਦੀ ਸੀ ਬਾਅਦ ਵਿੱਚ। ਹਮੇਸ਼ਾ ਹੱਸਦੀ, ਬੋਲਦੀ ਨੇ ਆਉਣਾ। ''ਸਤਿ ਸ੍ਰੀ ਅਕਾਲ ਚਾਚੀ ਜੀ, ਕੀ ਹਾਲ ਆ? ਨਿੱਕੀ ਆਹ ਤੇਰਾ ਨਵਾਂ ਸੂਟ ਪਾਇਆ ਹੋਇਆ ਹੈ? ਕਿੱਧਰ ਚੱਲੀ ਆਂ? ਵੀਰਿਆ, ਦੇਖ ਕੇ ਚਲਾ, ਮੇਰੇ ਵਿੱਚ ਵਜਣੀ ਸੀ ਹੁਣ ਤੇਰੀ ਸਾਈਕਲ।" ਤੇ ਸਾਡੇ ਘਰ ਵਲ ਮੁੜਦੀ ਨੇ ਮੈਨੂੰ ਦੇਖ ਕੇ, ਉਹ ਹੀ ਸ਼ਬਦ ਆਖਣੇ ''ਚੱਲ, ਆ ਜਾ, ਨਿੰਮੀਏ, ਇੱਕ ਨਵੀਂ ਕਹਾਣੀ ਪੜ੍ਹਦੇ ਆ।''

ਮੈਂ ਮੰਜੇ ਤੋਂ ਛਾਲ ਮਾਰ ਕੇ ਉਸ ਨੂੰ ਘੁੱਟ ਕੇ ਜੱਫੀ ਪਾਉਣੀ ਤੇ ਚੰਬੜ ਜਾਣਾ। ਮੰਮੀ, ਦਾਦੀ ਹੋਰਾਂ ਨੇ ਵੀ ਬਾਹਰ ਆ ਕੇ ਹਾਲ ਚਾਲ ਪੁੱਛਣਾ। ਸਾਰਾ ਪਿੰਡ ਉਸ ਨੂੰ ਪਿਆਰ ਕਰਦਾ ਸੀ, ਤੇ ਉਹ ਸਾਰੇ ਪਿੰਡ ਨੂੰ।

ਇੱਕ ਘਰ ਛੱਡ ਕੇ ਹੀ ਜੀਤਾਂ ਭੈਣ ਦਾ ਘਰ ਸੀ ਤੇ ਉਸਦੀ ਆਉਂਦੀ 'ਤੇ ਹੀ, ਮੈਂ ਉਸ ਨਾਲ ਉਧਰ ਚੱਲੀ ਜਾਣਾ। ਮੰਮੀ ਹਰੇਕ ਬਾਰ ਆਖਦੇ, ''ਕੁੜੇ ਇਹ ਹੱਜੇ ਹੁਣੀ ਆਈ ਆ, ਬਸ ਦੇ ਸਫਰ ਤੋਂ ਬਾਅਦ ਕਿੰਨੀ ਥੱਕੀ ਹੋਣੀ ਆ। ਉਹਨੂੰ ਅਰਾਮ ਤਾਂ ਕਰ ਲੈਣ ਦੇ!''

ਪਰ ਮੈਂ ਚੁੱਪ ਕੀਤੀ, ਭੈਣ ਦਾ ਹੱਥ ਫੜ ਕੇ, ਉਸ ਨਾਲ ਤੁਰੀ ਜਾਣਾ, ਤੇ ਭੈਣ ਹੀ ਸੀ, ਜੋ ਹੱਸ ਕੇ ਜਵਾਬ ਦਿੰਦੀ। ''ਕੋਈ ਨਾ ਚਾਚੀ। ਸਵੇਰ ਨੂੰ ਸਕੂਲ ਦੇ ਸਮੇ ਤੋਂ ਪਹਿਲਾਂ ਇਹ ਆ ਜਾਊਗੀ।"

ਜਿੰਨੇ ਦਿਨ ਜੀਤਾਂ ਭੈਣ ਨੇ ਪਿੰਡ ਵਿਚ ਹੋਣਾ, ਮੈਂ ਉਸ ਦੇ ਨਾਲ ਨਾਲ ਹੀ ਰਹਿਣਾ। ਮੇਰਾ ਤਾਂ ਸਵੇਰ ਨੂੰ ਸਕੂਲੇ ਜਾਣ ਨੂੰ ਵੀ ਜੀਅ ਨਹੀਂ ਸੀ ਕਰਦਾ, ਹਾਲਾਂਕਿ ਕਿ ਬਾਕੀ ਦੇ ਦਿਨ, ਮੈਂ ਸਭ ਤੋਂ ਪਹਿਲਾਂ ਉਥੇ ਪਹੁੰਚੀ ਹੋਣਾ।

ਉਹ ਹਰ ਇਕ ਦੂਜੀ ਵੀਕਐਂਡ ਘਰ ਆਉਂਦੀ ਸੀ। ਜਿਸ ਵੀਕਐਂਡ ਉਹ ਨਾ ਆਈ ਹੋਵੇ, ਤਾਂ ਦਿਨ ਮਸਾਂ ਲੰਘਦੇ ਸਨ। ਬਸ ਇਹ ਹੀ ਸੋਚੀ ਜਾਣਾ ਕਿ ਸ਼ਨਿਚਰਵਾਰ ਦੀ ਅੱਧੀ ਛੁਟੀ ਤੋਂ ਬਾਅਦ, ਤੇ ਐਤਵਾਰ ਦੇ ਪੂਰੇ ਦਿਨ ਮੈਂ ਕੀ ਕਰਾਂਗੀ? ਮਜ਼ਾ ਤਾਂ ਜੀਤਾਂ ਭੈਣ ਕੋਲ ਆਉਂਦਾ ਸੀ, ਜਿਸ ਦੇ ਕੋਲ ਭਾਂਤ ਭਾਂਤ ਦੀਆਂ ਕਿਤਾਬਾਂ ਸਨ, ਤੇ ਭਾਂਤ ਭਾਂਤ ਦੀਆਂ ਕਹਾਣੀਆਂ।

ਸਾਰਾ ਪਿੰਡ ਜੀਤਾਂ ਭੈਣ ਦੇ ਗੁਣ ਗਾਉਂਦਾ ਰਹਿੰਦਾ ਸੀ। ਉਹ ਨਾ ਤਾਂ ਕੇਵਲ ਪੜ੍ਹਾਈ 'ਚ ਹੁਸ਼ਿਆਰ ਸੀ, ਪਰ ਘਰ ਦੇ ਸਾਰੇ ਕੰਮਾਂ 'ਚ ਵੀ। ਜਦ ਵੀ ਪਿੰਡ ਵਿਚ ਕੋਈ ਫੰਕਸ਼ਨ ਹੁੰਦਾ, ਪਾਠ ਪੂਜਾ, ਜਾਂ ਕੋਈ ਵਿਆਹ ਜਾਂ ਤਿਉਹਾਰ, ਤਾਂ ਜੀਤਾਂ ਭੈਣ ਨੇ ਕੰਮ ਕਰਾਉਣ'ਚ ਹਮੇਸ਼ਾ ਮੂਹਰੇ ਰਹਿਣਾ।

ਉਹਦੇ ਕਰਕੇ ਤਾਂ ਮੈਨੂੰ ਆਪਣੀ ਮੰਮੀ ਤੋਂ ਗਾਹਲਾਂ ਵੀ ਬਹੁਤ ਪੈਂਦੀਆਂ ਸਨ। ਜਦ ਮੇਰੀਆਂ ਰੋਟੀਆਂ ਵਿੰਗੀਆਂ ਟੇਡੀਆਂ ਨਿਕਲਣੀਆਂ ਤਾਂ ਮੰਮੀ ਨੇ ਟੋਕਣਾ, ''ਜੀਤਾਂ ਤੇਰੀ ਉਮਰ 'ਚ ਮੱਕੀ ਦੀ ਰੋਟੀ ਵੀ ਇੰਨੀ ਸੋਹਣੀ ਬਣਾ ਲੈਂਦੀ ਸੀ ਸਾਰੇ ਟੱਬਰ ਲਈ, ਤੇ ਸਾਗ ਵੀ ਖੁਦ ਆਪ ਬਣਾਉਣਾ। ਤੈਨੂੰ ਤਾਂ ਪਤਾ ਨਹੀਂ ਕਦ ਅਕਲ ਆਉਣੀ ਆ!''

ਪਰ, ਮੇਰਾ ਮਨ ਇਹਨਾਂ ਕੰਮਾਂ 'ਚ ਨਾ ਲੱਗਦਾ, ਮੇਰੇ ਹੱਥਾਂ ਵਿਚ ਕੋਈ ਕਹਾਣੀਆਂ ਵਾਲੀ ਕਿਤਾਬ ਹੋਵੇ, ਤਾਂ ਹੀ ਖੁਸ਼ ਸੀ ਮੈਂ। ਪਰ ਸਾਡੇ ਪਿੰਡ ਵਿੱਚ ਇਹੋ ਜਹੀਆਂ ਕਿਤਾਬਾਂ ਕਿਥੋਂ ਮਿਲਦੀਆਂ? ਸਕੂਲ ਦੀਆਂ ਕਿਤਾਬਾਂ ਵਿਚ ਜੋ ਛੋਟੀਆਂ ਮੋਟੀਆਂ ਕਹਾਣੀਆਂ ਸਨ, ਉਹ ਮੈਂ ਸਾਰੀਆਂ ਪੜ੍ਹ ਲਈਆਂ ਸਨ। ਮੈਂ ਤਾਂ ਵੱਡੀਆਂ ਕੁੜੀਆਂ ਦੀਆਂ ਕਿਤਾਬਾਂ ਮੰਗ ਕੇ ਵੀ ਪੜ੍ਹ ਚੁੱਕੀ ਸਾਂ। ਤਾਂਹੀਓ ਤਾਂ ਮੈਨੂੰ ਜੀਤਾਂ ਭੈਣ ਕੋਲ ਰਹਿਣਾ ਇੰਨਾ ਵਧੀਆ ਲਗਦਾ ਸੀ। ਉਹ ਨਵੀਂਆਂ ਕਿਤਾਬਾਂ ਤੇ ਕਹਾਣੀਆਂ ਲਿਆਉਂਦੀ ਸੀ, ਤੇ ਜਦ ਉਹ ਮੁਕ ਜਾਣ, ਤਾਂ ਉਹ ਨਵੀਂਆਂ ਕਹਾਣੀਆਂ ਸੁਣਾਉਂਦੀ ਵੀ ਸੀ। ਇਸ ਕਰਕੇ ਤਾਂ ਮੈਂ ਸਾਰਾ ਦਿਨ ਉਹਦੇ ਨਾਲ ਰਹਿਣਾ, ਉਹਦੇ ਨਾਲ ਰੋਟੀਆਂ ਪਕਾਉਣੀਆਂ, ਭਾਂਡੇ ਮਾਂਜਣੇ, ਉਹ ਸਭ ਖੁਸ਼ੀ ਖੁਸ਼ੀ ਕਰਨਾ, ਜੋ ਮੰਮੀ ਮੈਨੂੰ ਵੀਹ ਪੱਚੀ ਵਾਰ ਦਬਕ ਕੇ ਹੀ ਕਰਾ ਸਕਦੇ ਸਨ।

ਕਦੀ ਕਦੀ ਮੰਮੀ ਨੇ ਖਿਝ ਕੇ ਕਹਿਣਾ, ''ਉਥੇ ਜੀਤਾਂ ਦੇ ਘਰ ਜਾ ਕੇ ਤਾਂ ਸਭ ਕੁਝ ਹੋ ਜਾਂਦਾ ਤੈਥੋਂ, ਇੱਥੇ ਤੈਥੋਂ ਕਿਉਂ ਨਹੀਂ ਹੁੰਦਾ? ਉਥੇ ਕੀ ਪਿਆ ਆ?'' ਮੰਮੀ ਨੂੰ ਮੈਂ ਕਿਸ ਤਰ੍ਹਾਂ ਸਮਝਾਉਂਦੀ ਕਿ ਉਥੇ ਇਕ ਹੋਰ ਦੁਨੀਆ ਵਸਦੀ ਸੀ। ਇਕ, ਨਹੀਂ, ਕਈ ਤਰ੍ਹਾਂ ਦੀਆਂ ਦੁਨੀਆਵਾਂ। ਕਈ ਆਦਮੀ, ਔਰਤਾਂ, ਪਰੀਆਂ, ਰਾਕਸ਼ਸ, ਛੋਟੇ ਬੱਚੇ, ਬੱਚੀਆਂ, ਮੇਰੇ ਵਾਂਗ। ਉਸ ਨੂੰ ਕਿਸ ਤਰ੍ਹਾਂ ਸਮਝਾਉਂਦੀ ਕਿ ਜੀਤਾਂ ਭੈਣ ਦੇ ਬੁਲ੍ਹਾਂ ਤੋਂ ਉੱਡ ਕੇ ਉਸ ਦਾ ਹਰੇਕ ਸ਼ਬਦ ਜੀਵਤ ਹੋ ਜਾਂਦਾ ਸੀ, ਤੇ ਉਹ ਸ਼ਬਦ ਮੈਨੂੰ ਆਪਣੇ ਨਾਲ, ਕਈ ਥਾਂਵਾਂ ਤੇ ਲੈ ਜਾਂਦੇ, ਕਈ ਪਾਤਰਾਂ ਨੂੰ ਮਿਲਾਉਂਦੇ, ਕਈ ਯੁਗਾਂ ਦੀ ਯਾਤਰਾ ਕਰਾਉਂਦੇ।

ਇਕ ਦਿਨ, ਭੈਣ ਦੀ ਉਡੀਕ ਵਿਚ, ਕਿਤਾਬਾਂ ਖੋਹਲ ਕੇ, ਮੈਂ ਆਪਣਾ ਸਕੂਲ ਦਾ ਕੰਮ ਕਰ ਰਹੀ ਸਾਂ। ਜਦ ਕਿਸੇ ਦੇ ਪੈਰਾਂ ਦੀ ਅਵਾਜ਼ ਆਈ, ਤਾਂ ਕਾਪੀ ਤੋਂ ਅੱਖਾਂ ਹਟਾ ਕੇ, ਮੈਂ ਤਾਂਹ ਨੂੰ ਦੇਖਿਆ ਤੇ ਮੇਰੀ ਨਜ਼ਰ ਭੈਣ ਤੇ ਰੁਕੀ। ਮੈਂ ਤੁਰੰਤ ਉਠ ਕੇ ਉਸ ਵਲ ਵਧੀ, ''ਭੈਣ ਮੈਨੂੰ ਤਾਂ ਪਤਾ ਵੀ ਨਹੀਂ ਲਗਾ, ਤੁਸੀਂ ਕਦ ਚੁਪ ਚਾਪ ...''

ਪਰ ਭੈਣ ਨੇ ਵਿਚੋਂ ਹੀ ਮੇਰੀ ਗੱਲ ਟੋਕ 'ਤੀ। ''ਨਿੰਮੀ ਤੂੰ ਅੱਜ ਇੱਥੇ ਹੀ ਰਹੀਂ। ਮੈਂ ਕੁਝ ਠੀਕ ਨਹੀਂ। ਮੈਂ ਬਾਅਦ ਵਿਚ ਤੈਨੂੰ ਬੁਲਾ ਲੈਂਦੀ ਆਂ, ਅੱਛਾ?'' ਤੇ ਬਿਨਾਂ ਪਿੱਛੇ ਦੇਖੇ ਉਹ ਸਿੱਧੀ ਆਪਣੇ ਘਰ ਜਾ ਕੇ, ਅੰਦਰ ਵੜ ਗਈ। ਮੈਂ ਉਹਦੇ ਵਲ ਫਿਕਰਮੰਦ ਹੋ ਕੇ ਦੇਖਦੀ ਰਹੀ - ਭੈਣ ਕਾਫੀ ਢਿੱਲੀ ਹੋ ਕੇ ਬੋਲੀ ਸੀ ਤੇ ਉਹਦਾ ਚਿਹਰਾ ਵੀ ਚਿੱਟਾ ਹੋਇਆ ਪਿਆ ਸੀ। ਏਦਾ ਤਾਂ ਪਹਿਲਾ ਕਦੀ ਨਹੀਂ ਸੀ ਹੋਇਆ ਕਿ ਉਹ ਮੈਨੂੰ ਨਾਲ ਨਾ ਲੈ ਕੇ ਗਈ ਹੋਵੇ। ਸੱਚੀ ਕਾਫੀ ਬੀਮਾਰ ਹੋਣੀ ਹੈ।

ਮੰਮੀ ਹੱਥ ਪੂੰਝਦੀ ਬਾਹਰ ਆਈ, ''ਨਿੰਮੀ, ਉਹ ਜੀਤਾਂ ਦੀ ਆਵਾਜ਼ ਸੀ? ਰੁਕੀ ਨਹੀਂ?''

''ਨਹੀਂ,'' ਮੈਂ ਨਿਰਾਸ਼ ਹੋ ਕੇ ਜਵਾਬ ਦਿਤਾ। ''ਕਹਿੰਦੀ ਬੀਮਾਰ ਆਂ।"

ਮੈਂ ਜੀਤਾਂ ਭੈਣ ਦੇ ਸੱਦੇ ਦੀ ਉਡੀਕ ਕਰਦੀ ਰਹੀ। ਮੈਂ ਕਈ ਵਾਰੀ ਖੁਦ ਉਧਰ ਨੂੰ ਜਾਣ ਲੱਗੀ, ਪਰ ਮੰਮੀ ਨੇ ਜਾਣ ਨਾ ਦਿੱਤਾ। ''ਵਿਚਾਰੀ ਖੁਦ ਕਹਿ ਕੇ ਗਈ ਆ ਕਿ ਬੀਮਾਰ ਆ।" ਉਹਨਾਂ ਨੇ ਕਿਹਾ। ''ਸਵੇਰ ਨੂੰ ਚਲੀ ਜਾਈਂ। ਕਿਉਂ ਵਿਚਾਰੀ ਨੂੰ ਤੰਗ ਕਰਦੀ ਰਹਿੰਦੀ ਆਂ? ਇੱਧਰ ਆ, ਮੇਰੇ ਨਾਲ ਇਹ ਰਜਾਈਆਂ ਰਖਾ।" ਸੋ ਬਾਕੀ ਦਾ ਸਾਰਾ ਦਿਨ ਮੈਂ ਮੰਮੀ ਤੇ ਦਾਦੀ ਨਾਲ ਘਰ ਦੇ ਕੰਮਾਂ ਵਿਚ ਰੁੱਝੀ ਰਹੀ। ਮਸਾਂ ਹੀ ਮੈਂ ਸਕੂਲ ਦਾ ਕੰਮ ਮੁਕਾਉਣ ਦਾ ਬਹਾਨਾ ਲਾ ਕੇ ਉਥੋਂ ਛੁੱਟੀ।

ਰਾਤੀਂ ਵਿਹੜੇ 'ਚ ਬੈਠ ਕੇ ਰੋਟੀ ਖਾਂਦੇ ਹੋਏ, ਅਚਾਨਕ ਇਕ ਵੱਡਾ ਖੜਕਾ ਸੁਣਿਆ, ਜਿਦਾਂ ਕੋਈ ਧੜੱਮ ਡਿਗ ਪਿਆ ਹੋਵੇ।

''ਇਹ ਕੀ ਹੋਇਆ?'' ਡੈਡੀ ਦਾ ਹੱਥ, ਜੋ ਮੂੰਹ'ਚ ਬੁਰਕੀ ਪਾਉਣ ਲੱਗਾ ਸੀ, ਉਥੇ ਹੀ ਰੁਕ ਗਿਆ।

ਫਿਰ ਇਕ ਦਮ ਇਕ ਚੀਕ ਸੁਣੀ। ''ਇਹ ਤਾਂ ਜੀਤਾਂ ਭੈਣ ਆ।" ਮੈਂ ਆਪਣੀ ਰੋਟੀ ਦੀ ਥਾਲੀ ਛੱਡ ਕੇ ਦਰ ਵਲ ਜਾਣ ਲੱਗੀ।

''ਹਾਏ, ਉਹ ਜ਼ਿਆਦਾ ਬੀਮਾਰ ਤਾਂ ਨਹੀਂ ਹੋ ਗਈ? ਨਿੰਮੀ, ਤੂੰ ਬੈਠ। ਤੇਰਾ ਡੈਡੀ ਦੇਖ ਕੇ ਆਉਂਦਾ ਆ।" ਦਾਦੀ ਨੇ ਮੈਨੂੰ ਰੋਕਿਆ।

ਇਕ ਹੋਰ ਚੀਕ, ਤੇ ਫਿਰ ਉੱਚੀ ਉੱਚੀ ਰੋਣ ਦੀ ਅਵਾਜ਼।

''ਬਸ ਵੀ ਕਰ ਮਿੰਦਰਾ! ਕੁੜੀ ਨੂੰ ਮਾਰ ਦੇਣਾ ਆ ਹੁਣ?'' ਜੀਤਾਂ ਦੀ ਦਾਦੀ ਕਹਿ ਰਹੀ ਸੀ।

''ਹੋਰ ਕਾਹਦੇ ਲਾਇਕ ਆ ਇਹ? ਮਰ ਹੀ ਜਾਵੇ ਤਾਂ ਚੰਗਾ।" ਤਾਈ ਉੱਚੀ ਉੱਚੀ ਰੋ ਰਹੀ ਸੀ।

''ਹੌਲੀ ਬੋਲੋ, ਸਾਰੇ ਗੁਆਂਢ ਨੂੰ ਕਿਉਂ ਸੁਣਾਈ ਜਾਂਦੇ ਓ?''

''ਸਾਰੇ ਗੁਆਂਢ ਨੂੰ ਵੈਸੇ ਨਹੀਂ ਪਤਾ ਲੱਗਣਾ? ਇਦਾਂ ਦੀਆਂ ਗੱਲਾਂ ਲੁਕਦੀਆਂ ਭਲਾ?''

''ਹੁਣ ਬਸ ਵੀ ਕਰੋ,'' ਜੀਤਾਂ ਦੀ ਦਾਦੀ ਤਰਲੇ ਕਰ ਰਹੀ ਸੀ।

ਮੰਮੀ ਵੀ ਹੱਥ'ਚ ਚਿਮਟਾ ਫੜੀ ਰਸੋਈ ਤੋਂ ਬਾਹਰ ਆ ਗਏ ਸਨ। ਉਹ ਤੇ ਡੈਡੀ ਚੁੱਪ ਕਰਕੇ ਇਕ ਦੂਜੇ ਵਲ ਦੇਖ ਰਹੇ ਸਨ।

''ਕੀ ਹੋਇਆ ਮੰਮੀ?'' ਮੈਂ ਪੁੱਛਿਆਂ। ''ਤਾਇਆ ਜੀ ਜੀਤਾਂ ਭੈਣ ਨੂੰ ਕੁੱਟ ਰਿਹਾ ਆ? ਕਿਉਂ ਕੁੱਟ ਰਿਹਾ ਆ?'' ਮੈਂ ਡੈਡੀ ਵਲ ਦੇਖਿਆ, ਉਹ ਅਜੇ ਵੀ ਉੱਥੇ ਹੀ ਖੜੇ ਸਨ।

''ਡੈਡੀ ਜਾਉ, ਉਹਨਾਂ ਨੂੰ ਹਟਾਓ।"

''ਬਲਜੀਤ, ਤੂੰ ਬੱਚਿਆਂ ਨੂੰ ਅੰਦਰ ਲੈ ਜਾ।" ਦਾਦੀ ਨੇ ਮੰਮੀ ਨੂੰ ਆਖਿਆ। ਉਹ ਚੁੱਪ-ਚਾਪ, ਥਾਲ ਚੁੱਕ ਕੇ, ਨਿੱਕੇ ਦਾ ਹੱਥ ਫੜ ਕੇ ਅੰਦਰ ਵਲ ਨੂੰ ਤੁਰੇ।

''ਚੱਲ ਨਿੰਮੀ, ਤੂੰ ਵੀ ਚੱਲ। ਸੌਣ ਦੀ ਤਿਆਰੀ ਕਰ।" ਪਰ ਮੈਂ ਨਹੀਂ ਗਈ।

''ਦਾਦੀ, ਕੀ ਹੋਇਆ? ਕੀ ਹੋਇਆ ਜੀਤਾਂ ਨੂੰ?''

''ਚੁੱਪ ਕਰ,'' ਮੰਮੀ ਨੇ ਪਿਛਾ ਮੁੜ ਕੇ ਜ਼ੋਰ ਨਾਲ ਦਬਕਿਆ, ''ਤੂੰ ਸੁਣਿਆ ਨਹੀਂ, ਮੈਂ ਕੀ ਕਿਹਾ?''

ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਫਿਰ ਸਵੇਰ ਨੂੰ ਸਕੂਲ ਜਾਣਾ ਸੀ। ਵਰਦੀ ਪਾ ਕੇ, ਨਿੱਕੇ ਦਾ ਹੱਥ ਫੜ ਕੇ, ਪਹਿਲਾਂ ਮੇਰਾ ਜੀਅ ਕੀਤਾ ਕਿ ਮੈਂ ਜੀਤਾਂ ਦੇ ਘਰ ਜਾ ਕੇ ਉਹਨੂੰ ਮਿਲ ਆਵਾਂ, ਪਰ ਤਾਏ ਦੇ ਰਾਤੀਂ ਕੰਨੀ ਸੁਣੇ ਗੁੱਸੇ ਕਾਰਨ, ਮੇਰੀ ਹਿੰਮਤ ਨਾ ਪਈ।

ਸਕੂਲ ਤੋਂ ਵਾਪਸ ਆ ਕੇ, ਮੈਂ ਤਾਂ ਘਰੇ ਵੀ ਨਾ ਵੜੀ, ਦਰ ਤੋਂ ਹੀ ਕਹਿ ਦਿੱਤਾ, ''ਮੰਮੀ, ਮੈਂ ਜੀਤਾਂ ਭੈਣ ਕੇ ਜਾ ਕੇ ਆਈ।''

''ਖਬਰਦਾਰ, ਇੱਥੇ ਹੀ ਮੁੜ ਆ ਹੁਣੇ ਹੀ।" ਮੰਮੀ ਦੀ ਇੰਨੀ ਕਰੜੀ ਅਵਾਜ਼ ਮੈਂ ਕਦੇ ਵੀ ਨਹੀਂ ਸੀ ਸੁਣੀ।

''ਪਰ ... ਜੀਤਾਂ ਭੈਣ ਬੀਮਾਰ ਸੀ।''

''ਚੁੱਪ ਕਰ ਕੇ ਬਹਿ ਜਾ ਇੱਥੇ। ਮੈਂ ਤੋਰਦੀ ਆਂ ਤੈਨੂੰ ਉਧਰ।"

ਮੈਨੂੰ ਸਮਝ ਨਹੀਂ ਸੀ ਆ ਰਹੀ, ਇਕ ਤਾਂ ਜੀਤਾਂ ਭੈਣ ਬੀਮਾਰ ਸੀ, ਤੇ ਫਿਰ ਤਾਏ ਨੇ ਉਸ ਨੂੰ ਕੁੱਟਿਆ ਵੀ ਸੀ ਰਾਤੀਂ। ਮੰਮੀ ਨੂੰ ਤਾਂ ਮੇਰੇ ਨਾਲ ਜਾਣਾ ਚਾਹੀਦਾ ਸੀ, ਪਰ ਉਹ ਤਾਂ ਮੈਨੂੰ ਵੀ ਨਹੀਂ ਸੀ ਜਾਣ ਦੀ ਇਜਾਜ਼ਤ ਦੇ ਰਹੇ।

ਮੈਂ ਇਕ ਹੋਰ ਵਾਰ ਬੋਲੀ ''ਜੀਤਾਂ ...''

''ਖਬਰਦਾਰ ਜੇ ਮੁੜ ਕੇ ਉਹਦਾ ਨਾਂ ਲਿਆ।'' ਡੈਡੀ ਵੀ ਜਵਾਲਾਮੁਖੀ ਵਾਂਗ ਫੁੱਟ ਪਿਆ।

''ਤੁਸੀਂ ਸਾਰੇ ਜੀਤਾਂ ਭੈਣ ਨਾਲ ਕਿਉਂ ਗੁੱਸੇ ਹੋ?'' ਮੈਂ ਹੈਰਾਨੀ ਨਾਲ ਪੁੱਛਿਆ। ''ਉਹਨੇ ਕੀ ਕੀਤਾ?''

ਠਾਹ! ਡੈਡੀ ਦਾ ਹੱਥ ਇਕ ਇੱਟ ਵਾਂਗ ਮੇਰੀ ਗੱਲ੍ਹ ਤੇ ਆ ਕੇ ਵੱਜਾ। ਮੈਂ ਇਕ ਦਮ ਰੋਣ ਲੱਗੀ। ਡੈਡੀ ਨੇ ਪਹਿਲੀ ਵਾਰ ਮੇਰੇ ਤੇ ਹੱਥ ਚੁੱਕਿਆ ਸੀ।

ਮੈਂ ਰੋਂਦੀ ਹੋਈ ਅੰਦਰ ਵੜ ਗਈ ਤੇ ਮੰਜੇ ਤੇ ਡਿੱਗ ਕੇ ਰੋਈ ਗਈ। ਮੇਰੀ ਦਾਦੀ ਨੇ ਮੈਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਮੇਰੇ ਹੰਝੂ ਨਾ ਰੁਕੇ।

''ਭੈਣ ਨੇ ਕੀਤਾ ਕੀ ਆ?''

ਘਰ ਵਿਚ ਇੰਨੀ ਸੰਘਣੀ ਚੁੱਪ ਫੈਲੀ ਹੋਈ ਸੀ, ਕਿ ਮੈਨੂੰ ਲਗਦਾ ਸੀ ਕਿ ਕਿਸੇ ਵੀ ਵਕਤ ਮੇਰਾ ਸਾਹ ਰੁਕ ਸਕਦਾ ਸੀ। ਇਸ ਕਰਕੇ ਜਦ ਨਿੱਕੇ ਨੇ ਉਪਰ ਕੋਠੇ ਤੇ ਪੈਣ ਦੀ ਜ਼ਿਦ ਕੀਤੀ, ਮੈਂ ਉਸ ਨਾਲ ਪੈ ਗਈ।

ਅੱਧੀ ਰਾਤੀਂ ਮੈਨੂੰ ਥੋੜ੍ਹੀ ਬਿੜਕ ਆਈ ਤੇ ਮੈਂ ਉੱਠ ਕੇ ਦੇਖਿਆ। ਜੀਤਾਂ ਦੇ ਘਰੋਂ ਕੋਈ ਸ਼ਾਲ ਦੀ ਬੁਕਲ ਮਾਰ ਕੇ ਨਿਕਲਿਆ ਸੀ। ਉਨੀਂਦਰੇ ਕਾਰਨ, ਮੈਨੂੰ ਬਹੁਤੀ ਸੂਰਤ ਨਹੀਂ ਸੀ ਤੇ ਮੈਂ ਦੁਬਾਰਾ ਮੰਜੇ ਤੇ ਜਾ ਕੇ ਪੈ ਗਈ। ਕੋਈ ਖੇਤਾਂ ਨੂੰ ਜਾ ਰਿਹਾ ਹੋਵੇਗਾ, ਮੈਂ ਸੋਚਿਆ। ਪਰ ਕੁਝ ਸਮੇਂ ਬਾਅਦ, ਮੇਰੀ ਜਾਗ ਦੁਬਾਰਾ ਖੁਲ੍ਹ ਗਈ। ''ਜੇ ਉਹ ਖੇਤਾਂ ਨੂੰ ਚੱਲੀ ਸੀ?'' ਮੈਂ ਸੋਚਿਆ, ''ਤਾਂ ਉਸ ਦੇ ਹੱਥ ਵਿਚ ਬਸਤਾ ਕਿਉਂ ਸੀ?''

ਸਵੇਰ ਨੂੰ ਜਦ ਅੱਖ ਖੁਲੀ ਤਾਂ ਥੱਲੇ ਵਿਹੜੇ 'ਚ ਮੰਮੀ ਤੇ ਦਾਦੀ ਕਿਸੇ ਨਾਲ ਹੌਲੀ ਹੌਲੀ ਗੱਲਾਂ ਕਰ ਰਹੇ ਸਨ। ਮੰਜੇ ਤੇ ਬੈਠੀ ਦੇ, ਕੁੱਝ ਗੱਲਾਂ ਮੇਰੇ ਕੰਨਾਂ ਤਕ ਪਹੁੰਚੀਆਂ।

''ਅੱਧੀ ਰਾਤ ਘਰੋਂ ਨਿਕਲ ਗਈ ਕਿਤੇ।''

''ਨਿਕਲੀ ਤਾਂ ਉਹ ਬਹੁਤ ਪਹਿਲਾਂ ਦੀ ਸੀ।'' ਦਾਦੀ ਨੇ ਜਵਾਬ ਦਿੱਤਾ।

''ਪਰ ਦੇਖੋ ਹੈਂ'ਹ? ਕਦੀ ਲੱਗਦਾ ਸੀ ਕਿ ਉਹ ਇਦਾ ਦੀ ਕੁੜੀ ਹਊਗੀ?''

''ਮੈਂ ਤਾਂ ਸ਼ੁਰੂ ਤੋਂ ਹੀ ਕਹਿੰਦੀ ਰਹੀ ਹਾਂ ਕਿ ਕੁੜੀਆਂ ਨੂੰ ਪੜ੍ਹਨ ਵਾਸਤੇ ਦੂਰ ਭੇਜਣਾ ਕਿਹੜੀ ਚੰਗੀ ਗੱਲ ਆ? ਇਹੀ ਕੁਝ ਖੱਟਣਾ ਸੀ। ਇਹ ਹੀ ਕੁਝ ਹੋਣਾ ਸੀ ਜੋ ਇਸ ਜੀਤਾਂ ਨੇ ਕੀਤਾ।''

''ਕੀ ਕੀਤਾ ਜੀਤਾਂ ਭੈਣ ਨੇ?'' ਪੌੜੀਆਂ ਉਤਰਦੀ ਦੇ ਮੇਰੇ ਮੂੰਹ 'ਚੋ ਦੁਬਾਰਾ ਉਹ ਹੀ ਪ੍ਰਸ਼ਨ ਨਿਕਲਿਆ।

ਮੈਨੂੰ ਦੇਖ ਕਰ, ਸਾਰੀਆਂ ਇਕ ਦਮ ਚੁੱਪ ਹੋ ਗਈਆਂ।

ਮੈਂ ਦੁਬਾਰਾ ਕੋਸ਼ਿਸ਼ ਕੀਤੀ, ''ਜੀਤਾਂ...''

ਮੰਮੀ ਦੀ ਅਵਾਜ਼ ਬਿਜਲੀ ਵਾਂਗ ਕੜਕੀ। ''ਨਿੰਮੀ, ਮੈਂ ਤੈਨੂੰ ਬਾਰ ਬਾਰ ਨਹੀਂ ਕਹਿਣਾ – ਜੇ ਤੂੰ ਕਦੀ ਜੀਤਾਂ ਦਾ ਨਾਂ ਮੁੜ ਕੇ ਲਿਆ ਤਾਂ ਮੈਂ ਤੇਰੇ ਪਾਸੇ ਭੰਨ ਸਿਟਣੇ ਆ!''

ਉਸ ਦਿਨ ਤੋਂ ਬਾਅਦ ਜੀਤਾਂ ਭੈਣ ਦਾ ਨਾਂ ਨਹੀਂ ਕਦੀ ਬੋਲਿਆ ਗਿਆ। ਨਾ ਹੀ ਸਾਡੇ ਘਰ ਤੇ ਨਾ ਹੀ ਪੂਰੇ ਪਿੰਡ 'ਚ। ਇਸ ਤਰ੍ਹਾਂ ਜਾਪਦਾ ਸੀ ਕਿ ਜਿਹੜਾ ਪਿੰਡ ''ਜੀਤਾਂ, ਜੀਤਾਂ'' ਕਰਦਾ ਨਹੀਂ ਰਜਦਾ ਸੀ, ਉਹ ਹੁਣ ਉਸ ਨੂੰ ਭੁੱਲ ਗਿਆ ਸੀ। ਪਰ ਮੈਂ ਨਹੀਂ ਸਾਂ ਭੁੱਲੀ। ਦੁਬਾਰਾ ਉਹਦਾ ਨਾਂ ਤਾਂ ਕਦੀ ਨਹੀਂ ਲਿਆ, ਪਰ ਮਨ ਹੀ ਮਨ ਵਿਚ ਉਸ ਨੂੰ ਯਾਦ ਕਰਨਾ ਤੇ ਸੋਚਣਾ ਕਿ ਜੀਤਾਂ ਤੋਂ ਕੀ ਗਲਤੀ ਹੋ ਗਈ ਜਿਸ ਕਾਰਨ ਸਾਰੇ ਉਹਨੂੰ ਪਿਆਰ ਕਰਨ ਤੋਂ ਹੱਟ ਗਏ ਤੇ ਉਹਦਾ ਨਾਂ ਇੱਕ ਗਾਹਲ ਬਣ ਕੇ ਰਹਿ ਗਿਆ।

ਉਸ ਵਕਤ ਤਾਂ ਮੈਂ ਕਾਫੀ ਛੋਟੀ ਸਾਂ ਤੇ ਭੋਲੀ ਵੀ, ਹੁਣ ਬਚਪਨਾ ਵੀ ਗਿਆ ਤੇ ਭੋਲਾਪਨ ਵੀ – ਹੁਣ ਮੈਨੂੰ ਸਮਝ ਹੈ ਕਿ ਜੀਤਾਂ ਭੈਣ ਨੇ ਕਿਸ ਤਰ੍ਹਾਂ ਦੀ ਗਲਤੀ ਕੀਤੀ ਹੋਵੇਗੀ।

ਪਰ ਇਕ ਗੱਲ ਦੀ ਸਮਝ ਅਜੇ ਵੀ ਨਹੀਂ ਆਈ – ਕਿ ਇਕ ਗਲਤੀ ਦੇ ਕਾਰਨ, ਜੀਤਾਂ ਭੈਣ ਦੇ ਬਾਕੀ ਗੁਣ ਲੋਕਾਂ ਨੇ ਕਿਉਂ ਭੁਲਾ ਦਿੱਤੇ?

ਵੀਹ ਸਾਲ ਹੋ ਗਏ ਹਨ, ਪਰ ਅੱਜ ਤਕ ਜੀਤਾਂ ਭੈਣ ਦੁਬਾਰਾ ਨਹੀਂ ਮਿਲੀ। ਮੈਨੂੰ ਦਸਵੀਂ ਤੋਂ ਬਾਅਦ ਪੜ੍ਹਨ ਦੀ ਇਜਾਜ਼ਤ ਨਾ ਮਿਲੀ। ਕੁੱਝ ਸਾਲ ਬਾਅਦ ਮੇਰਾ ਵਿਆਹ ਹੋ ਗਿਆ ਤੇ ਮੈਂ ਕਨੇਡਾ ਆ ਗਈ।

ਹੁਣ ਪਿਛੇ ਜਹੇ ਮੈਂ ਦੁਬਾਰਾ ਪਿੰਡ ਗਈ ਸਾਂ। ਆਪਣੇ ਘਰ ਦੀ ਮੁਹਰਲੀ ਗਲੀ 'ਚ ਇਕ ਮੰਜਾ ਡਾਹਿਆ ਹੋਇਆ ਸੀ। – ਕੀ ਇਹ ਉਹ ਹੀ ਮੇਰੇ ਬਚਪਨ ਵਾਲਾ ਮੰਜਾ ਸੀ? ਜਿਸ ਦੇ ਉੱਪਰ ਬੈਠ ਕੇ ਮੈਂ ਕਿਤਾਬਾਂ ਪੜਿਆ ਕਰਦੀ ਸਾਂ, ਜੀਤਾਂ ਭੈਣ ਦੀ ਉਡੀਕ ਵਿਚ? ਨਿੱਘੀ ਧੁੱਪ ਵਿੱਚ ਮੈਂ ਕਾਫੀ ਸਮਾਂ ਉਸ ਮੰਜੇ ਤੇ ਬੈਠੀ ਰਹੀ, ਸ਼ਾਇਦ ਇਸ ਆਸ ਵਿਚ, ਕਿ ਮੇਰੇ ਕੰਨਾਂ ਤੱਕ ਇਕ ਅਵਾਜ਼ ਆਏਗੀ ''ਚੱਲ, ਆ ਜਾ, ਨਿਮੀਏ, ਇੱਕ ਨਵੀਂ ਕਹਾਣੀ ਪੜ੍ਹਦੇ ਆਂ।''●

**ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 12**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇੱਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਬਾਰਵੀਂ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

**34**

ਸ਼ਾਮ ਤੱਕ ਕਾਲੀ ਦਿਨ ਦੀ ਤਲਖੀ ਭੁੱਲ ਗਿਆ। ਉਹ ਬੇਸਬਰੀ ਨਾਲ ਰਾਤ ਪੈਣ ਦੀ ਉਡੀਕ ਕਰ ਰਿਹਾ ਸੀ। ਅਜੇ ਦਿਨ ਬਾਕੀ ਹੀ ਸੀ ਕਿ ਕਾਲੀ ਨੇ ਰੋਟੀ ਪਕਾ ਲਈ। ਕਾਹਲੀ ਵਿੱਚ ਉਹਨੇ ਆਪਣੀ ਉਂਗਲੀ ਲੂਹ ਲਈ ਅਤੇ ਉਹਦੇ ਸੱਜੇ ਹੱਥ 'ਤੇ ਛਾਲਾ ਪੈ ਗਿਆ।

ਘਰ ਬੈਠਿਆਂ ਸਮਾਂ ਬਹੁਤ ਹੌਲੀ ਹੌਲੀ ਲੰਘਣ ਲੱਗਾ ਤਾਂ ਕਾਲੀ ਬਾਹਰ ਆ ਗਿਆ। ਉਹ ਚੋਅ ਦੀ ਅੱਧੀ ਸੁੱਕੀ ਅਤੇ ਅੱਧੀ ਗਿੱਲੀ ਰੇਤ 'ਤੇ ਬਹੁਤ ਦੂਰ ਤੱਕ ਤੁਰਦਾ ਗਿਆ। ਕੰਧਾਲੇ ਨੂੰ ਜਾਣ ਵਾਲੇ ਰਾਹ 'ਤੇ ਪਹੁੰਚ ਉਹ ਚੋਅ ਦੇ ਕੰਢੇ ਉੱਚੇ ਬੰਨ 'ਤੇ ਚੜ੍ਹ ਗਿਆ। ਚਾਰੀਂ ਪਾਸੀਂ ਮੱਕੀ ਦੀ ਛੋਟੀ ਛੋਟੀ ਫਸਲ ਸ਼ਾਮ ਦੀ ਧੀਮੀ ਹਵਾ ਵਿੱਚ ਲਹਿਰਾ ਰਹੀ ਸੀ। ਡੁੱਬਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਨੇ ਉਹਨੂੰ ਬਹੁਤ ਸੋਹਣਾ ਰੂਪ ਚਾੜ੍ਹ ਦਿੱਤਾ ਸੀ। ਸਾਹਮਣੇ ਕੰਧਾਲੇ ਪਿੰਡ ਦਾ ਹਲਕਾ ਹਲਕਾ ਰੌਲਾ ਸੁਣਾਈ ਦੇ ਰਿਹਾ ਸੀ। ਬਾਬਕ ਪਿੰਡ ਨੂੰ ਜਾਣ ਵਾਲੀ ਡੰਡੀ 'ਤੇ ਕੁਛ ਲੋਕ ਤੇਜ਼ ਤੇਜ਼ ਕਦਮ ਪੁੱਟਦੇ ਜਾ ਰਹੇ ਸਨ। ਚੋਅ 'ਚ ਮੱਝਾਂ ਵੱਡੇ ਵੱਡੇ ਨਿਸ਼ਾਨ ਛੱਡਦੀਆਂ ਪਿੰਡ ਵੱਲ ਜਾ ਰਹੀਆਂ ਸਨ।

ਚੋਅ ਦੇ ਪਾੜ ਦੇ ਨੇੜੇ ਟਾਹਲੀ ਦੇ ਦਰੱਖਤਾਂ ਦੀ ਝਿੜੀ ਵਿੱਚ ਪੰਛੀਆਂ ਦਾ ਉੱਚਾ ਰੌਲਾ ਸੁਣ ਕੇ ਮਹਿਸੂਸ ਹੁੰਦਾ ਸੀ ਜਿਵੇਂ ਉਹਨਾਂ ਵਿੱਚ ਬਹੁਤ ਸਖਤ ਝਗੜਾ ਹੋ ਰਿਹਾ ਹੋਵੇ। ਝਿੜੀ ਤੋਂ ਪਰ੍ਹਾਂ ਖਾਲੀ ਖੇਤਾਂ ਵਿੱਚ ਮੋਰ ਖੰਭ ਖੋਲ੍ਹ ਕੇ ਨੱਚ ਰਹੇ ਸਨ। ਅਸਮਾਨ 'ਤੇ ਛਿਪਦੀਆਂ ਕਿਰਨਾਂ ਦੀ ਬੱਸ ਲਾਲੀ ਹੀ ਰਹਿ ਗਈ ਸੀ ਜਦੋਂ ਮੰਦਿਰ ਵਿੱਚੋਂ ਸੰਖ ਦੀ ਉੱਚੀ ਅਵਾਜ਼ ਗੂੰਜੀ ਅਤੇ ਉਹਦੇ ਨਾਲ ਹੀ ਘੰਟੀਆਂ ਵੱਜਣ ਲੱਗੀਆਂ। ਇਹਤੋਂ ਬਾਅਦ ਹਨ੍ਹੇਰਾ ਧੂਏਂ ਵਾਂਗ ਫੈਲਣ ਲੱਗਾ ਤਾਂ ਕਾਲੀ ਦੇ ਮਨ ਵਿੱਚ ਇਕ ਅਜੀਬ ਜਿਹੀ ਕਾਹਲ ਉੱਠਣ ਲੱਗੀ। ਉਹ ਚਾਹੁੰਦਾ ਸੀ ਕਿ ਰਾਤ ਇਕਦਮ ਹੀ ਬਹੁਤ ਹਨ੍ਹੇਰੀ ਹੋ ਜਾਵੇ ਤਾਂ ਕਿ ਉਹ ਗਿਆਨੋ ਦੀ ਉਡੀਕ ਵਿੱਚ ਆਪਣੇ ਬੂਹੇ ਖੁਲ੍ਹੇ ਛੱਡ ਦੇਵੇ।

ਗਿਆਨੋ ਬਾਰੇ ਸੋਚ ਕੇ ਕਾਲੀ ਦੇ ਮਨ ਵਿੱਚ ਕੁਤਕੁਤੀਆਂ ਜਿਹੀਆਂ ਨਿਕਲਣ ਲੱਗੀਆਂ। ਉਹ ਸੋਚਣ ਲੱਗਾ ਕਿ ਜੇ ਗਿਆਨੋ ਉਹਨੂੰ ਮਨ੍ਹਾ ਨਾ ਕਰਦੀ ਤਾਂ ਉਹ ਪਾਦਰੀ ਤੋਂ ਪੈਸੇ ਲੈ ਕੇ ਸਵੇਰ ਦੀ ਗੱਡੀ 'ਤੇ ਪਿੰਡ ਛੱਡ ਗਿਆ ਹੁੰਦਾ। ਗਿਆਨੋ ਉਹਨੂੰ ਕਿਉਂ ਨਹੀਂ ਪਿੰਡੋਂ ਜਾਣ ਦੇਣਾ ਚਾਹੁੰਦੀ? ਇਸ ਸਵਾਲ ਦੇ ਕਈ ਜੁਆਬ ਉਹਦੇ ਮਨ ਵਿੱਚ ਆਏ ਪਰ ਉਹਦੀ ਤਸੱਲੀ ਕਿਸੇ ਨਾਲ ਵੀ ਨਾ ਹੋਈ। ਬਹੁਤ ਸੋਚਣ ਤੋਂ ਬਾਅਦ ਉਹਦੇ ਮਨ ਵਿੱਚ ਇਕ ਹੀ ਗੱਲ ਰਹਿ ਗਈ ਕਿ ਹਨ੍ਹੇਰਾ ਡੂੰਘਾ ਹੋਣ 'ਤੇ ਲੋਕ ਸੌਂ ਜਾਣਗੇ ਅਤੇ ਗਿਆਨੋ ਉਹਦੇ ਕੋਲ ਆਏਗੀ।

ਜਦੋਂ ਦਰੱਖਤਾਂ ਦੀ ਝਿੜੀ ਦਾ ਆਕਾਰ ਹਨ੍ਹੇਰੇ ਵਿੱਚ ਮਿੱਟ ਗਿਆ ਅਤੇ ਉਹਦੇ ਵਿੱਚੋਂ ਸਾਂ-ਸਾਂ ਦੀ ਅਵਾਜ਼ ਆਉਣ ਲੱਗੀ ਤਾਂ ਕਾਲੀ ਪਿੰਡ ਵੱਲ ਤੁਰ ਪਿਆ। ਉਹ ਅਜੇ ਪਿੰਡ ਤੋਂ ਦੂਰ ਹੀ ਸੀ ਕਿ ਉਹਨੂੰ ਡਾਕਟਰ ਵਿਸ਼ਨਦਾਸ ਅਤੇ ਓਮਾ ਮਿਲ ਗਏ। ਕਾਲੀ ਨੂੰ ਦੇਖ ਕੇ ਡਾਕਟਰ ਖੁਸ਼ੀ ਵਿੱਚ ਬੋਲਿਆ:

"ਸੁਣਾ, ਕਾਲੀ, ਤੂੰ ਕਿੱਥੇ ਰਹਿੰਦੈ। ਕਦੇ ਕਦੇ ਤਾਂ ਏਦਾਂ ਗਵਾਚ ਜਾਂਦਾ ਜਿਵੇਂ ਸਿਆਲਾਂ 'ਚ ਮੱਖੀਆਂ।"

"ਡਾਕਟਰ ਜੀ, ਮੈਂ ਤਾਂ ਇੱਥੇ ਈ ਆਂ, ਤੁਸੀਂ ਹੀ ਨਹੀਂ ਮਿਲਦੇ।"

"ਮੈਂ ਸੁਣਿਆ, ਚੌਧਰੀ ਹਰਨਾਮ ਸਿੰਘ ਨੇ ਤੈਨੂੰ ਬਹੁਤ ਬੁਰਾ-ਭਲਾ ਕਿਹਾ ਅਤੇ ਡਰਾਇਆ-ਧਮਕਾਇਆ।"

"ਉਹ ਪਿੰਡ ਦਾ ਚੌਧਰੀ ਅਤੇ ਮੈਂ ਹੋਇਆ ਪਿੰਡ ਦਾ ਚਮਾਰ। .... ਉਹ ਚਮਾਰਾਂ ਨੂੰ ਏਦਾਂ ਸਮਝਦਾ ਜਿੱਦਾਂ ਉਹ ਉਹਦੇ ਖ੍ਰੀਦੇ ਹੋਏ ਗੁਲਾਮ ਹੋਣ।" ਕਾਲੀ ਨੇ ਕੁਛ ਉਤੇਜਿਤ ਅਵਾਜ਼ ਵਿੱਚ ਕਿਹਾ।

"ਕਾਲੀ ਦਾਸਾ, ਦਰਅਸਲ ਸਾਰੀ ਖਰਾਬੀ ਕੈਪਟਲਿਸਟ ਸਿਸਟਮ ਯਾਨੀ ਸਰਮਾਏਦਾਰੀ ਦੀ ਹੈ। ਸਾਡੇ ਦੇਸ਼ ਵਿੱਚ ਤਾਂ ਹਾਲਤ ਹੋਰ ਵੀ ਗੰਭੀਰ ਹਨ। ਇੱਥੇ ਅਜੇ ਸਰਮਾਏਦਾਰੀ ਵੀ ਪੂਰੀ ਤਰ੍ਹਾਂ ਨਹੀਂ ਆਈ। ਦੁਨੀਆ ਸਮਾਜਵਾਦ ਵੱਲ ਵੱਧ ਰਹੀ ਹੈ ਅਤੇ ਅਸੀਂ ਅਜੇ ਤੱਕ ਜਗੀਰਦਾਰੀ ਦੇ ਚੱਕਰ ਵਿੱਚ ਫਸੇ ਹੋਏ ਹਾਂ।" ਡਾਕਟਰ ਨੇ ਦਾਰਸ਼ਨਿਕ ਅੰਦਾਜ਼ ਵਿੱਚ ਕਿਹਾ ਅਤੇ ਕੁਝ ਪਲ ਚੁੱਪ ਰਹਿ ਕੇ ਬੋਲਿਆ:

"ਕਾਲੀ, ਇਹ ਹਾਲਤ ਜ਼ਿਆਦਾ ਦੇਰ ਤੱਕ ਨਹੀਂ ਰਹਿ ਸਕਦੇ। ਇਨਕਲਾਬ ਆਊਗਾ, ਜ਼ਰੂਰ ਆਊਗਾ ਅਤੇ ਸਰਮਾਏਦਾਰਾਂ, ਜਗੀਰਦਾਰਾਂ ਅਤੇ ਉਹਨਾਂ ਦੇ ਅਜੰਟਾਂ ਨੂੰ ਖਤਮ ਕਰ ਦਊਗਾ, ਉਹਨਾਂ ਦਾ ਨਾਮ ਨਿਸ਼ਾਨ ਮਿਟਾ ਦਊਗਾ। ਫਿਰ ਹਰ ਆਦਮੀ ਅਜ਼ਾਦ ਹੋਊਗਾ। ਕੋਈ ਚੌਧਰੀ ਨਹੀਂ ਰਹੂਗਾ ਅਤੇ ਕੋਈ ਕਾਮਾ ਨਹੀਂ ਰਹੂ। ਅਮੀਰ ਅਤੇ ਗਰੀਬ ਦਾ ਫਰਕ ਮਿੱਟ ਜਾਊਗਾ। ਪੈਦਾਵਰ ਦੇ ਸਾਧਨ ਸਾਂਝੀ ਮਲਕੀਅਤ ਹੋਣਗੇ। ਹਰ ਆਦਮੀ ਆਪਣੀ ਤੌਫੀਕ ਦੇ ਮੁਤਾਬਕ ਕੰਮ ਕਰੂਗਾ ਅਤੇ ਆਪਣੇ ਖਰਚੇ ਦੇ ਮੁਤਾਬਕ ਪੈਸੇ ਲਊਗਾ।"

"ਇਨਕਲਾਬ ਕਦੋਂ ਆਊਗਾ।?" ਕਾਲੀ ਨੇ ਬਹੁਤ ਉਤਸੁਕਤਾ ਨਾਲ ਪੁੱਛਿਆ।

"ਦੇਖੋ, ਛੇਤੀ ਹੀ ਆਊਗਾ। ਕਈ ਦੇਸ਼ਾਂ 'ਚ ਆ ਚੁੱਕਿਆ, ਕਈਆਂ 'ਚ ਆ ਰਿਹਾ ਅਤੇ ਕਈਆਂ 'ਚ ਆਉਣ ਵਾਲਾ।" ਡਾਕਟਰ ਨੇ ਜੋਸ਼ ਨਾਲ ਕਿਹਾ।

ਕਾਲੀ ਨੇ ਕੋਸ਼ਿਸ਼ ਕੀਤੀ ਕਿ ਇਨਕਲਾਬ ਦੇ ਬਾਰੇ ਸੋਚੇ ਕਿ ਉਹ ਕਿਸ ਤਰ੍ਹਾਂ ਦਾ ਹੋਏਗਾ, ਕਿੱਧਰ ਦੀ ਆਏਗਾ ਅਤੇ ਕਿਸ ਤਰ੍ਹਾਂ ਆਏਗਾ। ਪਰ ਜਦੋਂ ਉਹ ਅਸਫਲ ਰਿਹਾ ਤਾਂ ਉਹਨੇ ਡਾਕਟਰ ਨੂੰ ਕਿਹਾ:

"ਡਾਕਟਰ ਜੀ, ਇਨਕਲਾਬ ਵਿੱਚ ਕੀ ਹੋਊਗਾ?"

"ਬਹੁਤ ਹੇਠਾਂ-ਉੱਤੇ ਹੋਊਗੀ। ਸਰਮਾਏਦਾਰੀ ਅਤੇ ਜਗੀਰਦਾਰੀ ਸਿਸਟਮ ਇਨਕਲਾਬ ਨੂੰ ਅਸਫਲ ਬਣਾਉਣ ਦੀ ਕੋਸ਼ਿਸ਼ ਕਰਨਗੇ। ਆਪਣੇ ਅਜੰਟਾਂ ਰਾਹੀਂ ਇਨਕਲਾਬੀ ਤਾਕਤਾਂ 'ਚ ਫੁੱਟ ਪਾਉਣਗੇ, ਉਹਨਾਂ 'ਤੇ ਹਮਲੇ ਕਰਨਗੇ, ਖ਼ੂਨ ਖਰਾਬ ਹੋਊਗਾ, ਖ਼ੂਨ ਦੀਆਂ ਨਦੀਆਂ ਵਗਣਗੀਆਂ, ਹਜ਼ਾਰਾਂ ਲੋਕ ਮਰਨਗੇ।"

ਉਹਦੀ ਗੱਲ ਸੁਣ ਕੇ ਕਾਲੀ ਉਦਾਸ ਹੋ ਗਿਆ ਅਤੇ ਸੋਚਦਾ ਹੋਇਆ ਬੋਲਿਆ:

"ਪਾਦਰੀ ਜੀ ਵੀ ਕਹਿੰਦਾ ਕਿ ਇਨਕਲਾਬ ਆ ਰਿਹੈ। ਉਹ ਕਹਿੰਦਾ ਹੈ ਕਿ ਇਨਕਲਾਬ ਸਿਰਫ ਇਕ ਆਦਮੀ ਲਿਆਇਆ ਹੈ। ਉਹ ਸਾਰੀ ਦੁਨੀਆ ਦੇ ਪਾਪ ਆਪਣੇ ਸਿਰ ਲੈ ਕੇ ਸੂਲੀ 'ਤੇ ਚੜ੍ਹ ਗਿਆ।"

"ਪਾਦਰੀ ਪਾਖੰਡੀ ਆ। ਉਹ ਧਰਮ ਦੀ ਅਫੀਮ ਪਿਲਾਉਂਦਾ। ਉਹ ਲੋਕਾਂ ਨੂੰ ਫਰਜੀ ਕਿੱਸੇ ਕਹਾਣੀਆਂ ਸੁਣਾਉਂਦਾ ਪਰ ਮੈਂ ਸਾਇੰਟਫਿਕ ਗੱਲਾਂ ਕਰਦਾਂ।" ਡਾਕਟਰ ਨੇ ਘਿਰਣਾ ਨਾਲ ਕਿਹਾ।

ਕਾਲੀ ਚੁੱਪ ਹੋ ਗਿਆ ਅਤੇ ਆਪਣੀ ਸੋਚ ਵਿੱਚ ਡੁੱਬਿਆ ਉਹਨਾਂ ਤੋਂ ਅੱਗੇ ਨਿਕਲ ਗਿਆ ਤਾਂ ਓਮਾ ਬੋਲਿਆ:

"ਕਾਲੀ, ਤੂੰ ਤਾਂ ਹਲ ਤੋਂ ਛੁੱਟੇ ਸੰਢੇ ਵਾਂਗ ਦੋੜ ਰਿਹਾਂ।" ਕਾਲੀ ਹੱਸ ਪਿਆ ਅਤੇ ਆਪਣੇ ਕਦਮਾਂ ਨੂੰ ਰੋਕ ਉਹਨਾਂ ਦੇ ਨਾਲ ਨਾਲ ਤੁਰਨ ਲੱਗਾ।

ਡਾਕਟਰ ਅਤੇ ਓਮਾ ਆਪਣੇ ਮੁਹੱਲੇ ਵੱਲ ਮੁੜ ਗਏ ਤਾਂ ਕਾਲੀ ਛਾਲਾਂ ਮਾਰਦਾ ਆਪਣੀ ਗਲੀ ਵਿੱਚ ਆ ਗਿਆ। ਉਹ ਬਹੁਤ ਖੁਸ਼ ਸੀ ਅਤੇ ਉਹਦੇ ਅੰਗ ਅੰਗ ਵਿੱਚ ਅਕੜਾਹਟ ਪੈਦਾ ਹੋ ਰਹੀ ਸੀ। ਉਹ ਕਾਹਲੀ-ਕਾਹਲੀ ਪੈਰ ਪੁੱਟਦਾ ਹੋਇਆ ਹਨ੍ਹੇਰੀ ਗਲੀ ਵੱਲ ਵਧ ਗਿਆ।

ਕਾਲੀ ਕਦੇ ਮੰਜੇ ਉੱਤੇ ਲੰਮਾ ਪੈ ਜਾਂਦਾ ਅਤੇ ਕਦੀ ਟਹਿਲਣ ਲੱਗਦਾ। ਮਾਮੂਲੀ ਜਿਹੀ ਸਰਸਰਾਹਟ ਨਾਲ ਉਹਦੇ ਕੰਨ ਖੜ੍ਹੇ ਹੋ ਜਾਂਦੇ ਅਤੇ ਉਹ ਸਾਵਧਾਨੀ ਨਾਲ ਦਰਵਾਜ਼ੇ ਵੱਲ ਵਧਦਾ। ਚੌਕੀਦਾਰ ਪਿੰਡ ਦੇ ਦੋ ਚੱਕਰ ਲਾ ਚੁੱਕਾ ਸੀ। ਕੁੱਤੇ ਭੌਂਕਦੇ ਭੌਂਕਦੇ ਥੱਕ ਕੇ ਸੌਂ ਗਏ ਸਨ ਪਰ ਗਿਆਨੋ ਅਜੇ ਤੱਕ ਨਹੀਂ ਆਈ ਸੀ{

ਜਦੋਂ ਗਿਆਨੋ ਨੇ ਦਰਵਾਜ਼ਾ ਖੜਕਾਇਆ ਤਾਂ ਉਹਦਾ ਚਾਅ ਖਤਮ ਹੋ ਚੁੱਕਾ ਸੀ। ਉਹ ਅਨਮੰਨਿਆਂ ਜਿਹਾ ਉੱਠਿਆ ਅਤੇ ਦਰਵਾਜ਼ਾ ਖੋਲ੍ਹ ਦਿੱਤਾ। ਗਿਆਨੋ ਅੰਦਰ ਆ ਗਈ ਤਾਂ ਉਹ ਉਹਦੇ ਕੋਲ ਆ ਖੜ੍ਹਾ ਹੋਇਆ। ਗਿਆਨੋ ਨੇ ਬਹੁਤ ਹੌਲੀ ਅਵਾਜ਼ ਵਿੱਚ ਕਿਹਾ:

"ਦੀਵਾ ਜਗਾ ਦੇ।"

"ਕਿਉਂ?"

"ਬਾਅਦ 'ਚ ਦੱਸੂੰ। ਪਹਿਲਾਂ ਦੀਵਾ ਜਗਾ।"

ਕਾਲੀ ਨੇ ਦੀਵਾ ਜਗਾਉਣ ਲਈ ਮਾਚਿਸ ਦੀ ਤੀਲੀ ਜਗਾਈ ਤਾਂ ਗਿਆਨੋ ਖੂੰਜੇ ਵਿੱਚ ਪਏ ਟਰੰਕ ਅਤੇ ਉਸ ਉੱਤੇ ਬੱਝੇ ਬਿਸਤਰੇ ਨੂੰ ਦੇਖ ਕੇ ਬੋਲੀ:

"ਰਹਿਣ ਦੇ ਦੀਵਾ।"

ਅਤੇ ਫਿਰ ਬਹੁਤ ਹੀ ਉਦਾਸ ਅਵਾਜ਼ 'ਚ ਬੋਲੀ:

"ਕਰ ਲਈ ਤਿਆਰੀ?"

"ਕਾਹਦੀ ਤਿਆਰੀ?"

"ਸ਼ਹਿਰ ਜਾਣ ਦੀ।"

ਕਾਲੀ ਨੇ ਕੋਈ ਜੁਆਬ ਨਾ ਦਿੱਤਾ। ਗਿਆਨੋ ਆਪਣੀ ਥਾਂ 'ਤੇ ਖੜੀ ਹਿਚਕੀਆਂ ਲੈਂਦੀ ਰੋਣ ਲੱਗੀ। ਕਾਲੀ ਕੁਝ ਸਮਾਂ ਤਾਂ ਚੁੱਪਚਾਪ ਖੜ੍ਹਾ ਰਿਹਾ ਫਿਰ ਉਹਦੇ ਕੋਲ ਆ ਕੇ ਉਹਦਾ ਸਿਰ ਥਾਪੜਨ ਲੱਗਾ। ਗਿਆਨੋ ਉਹਦਾ ਹੱਥ ਝਟਕਦੀ ਹੋਈ ਦਰਵਾਜ਼ੇ ਵੱਲ ਹੋ ਗਈ। ਕਾਲੀ ਨੇ ਉਹਦਾ ਰਸਤਾ ਰੋਕ ਲਿਆ ਤਾਂ ਉਹ ਰੋਂਦੀ ਹੋਈ ਬੋਲੀ:

"ਆਪ ਤਾਂ ਸ਼ਹਿਰ ਚੱਲਿਆਂ, ਮੇਰਾ ਰਾਹ ਕਿਉਂ ਰੋਕਦਾਂ?"

"ਨਹੀਂ ਚੱਲਿਆ, ਨਹੀਂ ਜਾਊਂਗਾ।" ਕਾਲੀ ਨੇ ਭਰੀ ਹੋਈ ਅਵਾਜ਼ ਵਿੱਚ ਕਿਹਾ।

"ਆਪਣੀ ਮਰਜ਼ੀ ਨਾਲ ਜਾ ਰਿਹੈਂ, ਜਾਂ ਚੌਧਰੀ ਦੇ ਕਹਿਣ 'ਤੇ?" ਗਿਆਨੋ ਨੇ ਪੁੱਛਿਆ।

"ਰੋਜ਼ ਦੀ ਬਕ-ਬਕ ਤੋਂ ਤੰਗ ਆ ਕੇ ਸੋਚਿਆ ਸੀ ਕਿ ਪਿੰਡ ਛੱਡ ਦਿਆਂ। ਚੌਧਰੀ ਨੇ ਤਾਂ ਇਹ ਕਿਹਾ ਸੀ ਕਿ ਪਿੰਡ 'ਚ ਰਹਿਣਾ ਆ ਤਾਂ ਸ਼ਰੀਫਾਂ ਵਾਂਗ ਰਹਿ।"

"ਹੋਰ ਕੀ ਕਿਹਾ ਉਹਨੇ?"

"ਵਥੇਰਾ ਕੁਛ ਕਿਹਾ ਸੀ। ਸਾਰਾ ਕੁਛ ਯਾਦ ਨਹੀਂ ਰਿਹਾ।..."

"ਹੂੰ।" ਗਿਆਨੋ ਨੇ ਲੰਮਾ ਸਾਹ ਛੱਡਿਆ ਅਤੇ ਫਿਰ ਤਿੱਖੀ ਅਵਾਜ਼ ਵਿੱਚ ਬੋਲੀ:

"ਤੇ ਤੂੰ ਪਿੰਡ ਛੱਡਣ ਦਾ ਫੈਸਲਾ ਕਰ ਲਿਆ। ਅਤੇ ਇਹਦੇ ਲਈ ਪਾਦਰੀ ਕੋਲੋਂ ਪੈਸੇ ਮੰਗਣ ਚਲਾ ਗਿਆ।"

ਕਾਲੀ ਚੁੱਪ ਰਿਹਾ ਤਾਂ ਗਿਆਨੋ ਕਹਿਣ ਲੱਗੀ:

"ਬੋਲਦਾ ਕਿਉਂ ਨਹੀਂ?"

ਕਾਲੀ ਫਿਰ ਵੀ ਚੁੱਪ ਰਿਹਾ ਤਾਂ ਉਹ ਗੁੱਸੇ ਨਾਲ ਬੋਲੀ:

"ਮੈਂ ਤਾਂ ਸਮਝਦੀ ਸੀ ਕਿ ਤੂੰ ਜਿਗਰੇ ਵਾਲਾ ਆਦਮੀ ਆਂ। ਤੂੰ ਅਸਾਨੀ ਨਾਲ ਦੱਬ ਹੋਣ ਵਾਲਾ ਨਹੀਂ। ਤੇਰੇ ਨਾਲੋਂ ਤਾਂ ਗਲੀ ਦੇ ਕੁੱਤੇ ਚੰਗੇ ਆ, ਜਿਹੜੇ ਮਾਰਨ ਤੇ ਅਗਿਉਂ ਘੂਰਦੇ ਆ।"

ਗਿਆਨੋ ਫੁੱਟ ਫੁੱਟ ਕੇ ਰੋਣ ਲੱਗੀ। ਕਾਲੀ ਸ਼ਰਮਿੰਦਾ ਹੋਇਆ ਉਹਦੇ ਸਾਹਮਣੇ ਖੜ੍ਹਾ ਰਿਹਾ। ਜਦੋਂ ਰੋ ਰੋ ਕੇ ਗਿਆਨੋ ਦਾ ਮਨ ਹਲਕਾ ਹੋ ਗਿਆ ਤਾਂ ਉਹ ਨੇ ਕਾਲੀ ਨੂੰ ਕਿਹਾ:

"ਸੁਣਿਆ ਮਰਦ ਤਾਂ ਮਿੱਟੀ ਦਾ ਵੀ ਜ਼ੋਰਾਵਰ ਹੁੰਦਾ। ਤੂੰ ਤਾਂ ਤੱਕੜਾਂ।"

ਕਾਲੀ ਸ਼ਰਮ ਨਾਲ ਜ਼ਮੀਨ 'ਚ ਗਰਕਨ ਲੱਗਾ। ਗਿਆਨੋ ਉਹਨੂੰ ਬਾਂਹ ਤੋਂ ਫੜ ਕੇ ਝੰਜੋੜਨ ਲੱਗੀ ਤਾਂ ਉਹਦੀ ਹੌਲੀ ਜਿਹੀ ਚੀਕ ਨਿਕਲ ਗਈ।

"ਕੀ ਹੋਇਆ।" ਗਿਆਨੋ ਘਬਰਾਈ ਜਿਹੀ ਬੋਲੀ।

"ਬਾਂਹ ਸੜ ਗਈ ਆ, ਛਾਲਾ ਪੈ ਗਿਆ ਹੈ।"

"ਕਿੱਦਾਂ?"

"ਰੋਟੀ ਪਕਾਉਂਦਿਆਂ।"

"ਹੂੰ।" ਗਿਆਨੋ ਨੇ ਉਹਦੀ ਬਾਂਹ ਫੜ ਕੇ ਛਾਲੇ ਨੂੰ ਛੁਹਿਆ ਅਤੇ ਫੂਕ ਮਾਰਦੀ ਹੋਈ ਬੋਲੀ:

"ਹੁਣ ਪਿੰਡ ਛੱਡ ਕੇ ਤਾਂ ਨਹੀਂ ਜਾਊਂਗਾ?"

"ਨਹੀਂ ਜਾਊਂਗਾ। ਜਦੋਂ ਤੱਕ ਤੂੰ ਪਿੰਡ 'ਚ ਆਂ, ਉਦੋਂ ਤੱਕ ਮੈਂ ਇੱਥੇ ਹੀ ਰਹੂੰ। ਜਦੋਂ ਤੂੰ ਚਲੀ ਗਈ ਤਾਂ ਫਿਰ ਸੋਚੂੰਗਾ।"

"ਖਾ ਮੇਰੀ ਸਹੁੰ।"

"ਤੇਰੀ ਸਹੁੰ।"

ਕਾਲੀ ਨੇ ਗਿਆਨੋ ਦੇ ਸਿਰ ਉੱਤੇ ਹੱਥ ਰੱਖਦਿਆਂ ਕਿਹਾ।

ਇਸ ਤੋਂ ਬਾਅਦ ਉਹ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਉਹਨਾਂ ਦੀ ਕਾਨਾਫੂਸੀ ਕਦੇ ਕਦੇ ਘੁੱਟੇ ਘੁੱਟੇ ਹਾਸੇ ਵਿੱਚ ਬਦਲ ਜਾਂਦੀ।

ਉਹ ਸਮੇਂ ਤੋਂ ਬੇਧਿਆਨ ਗੱਲਾਂ 'ਚ ਮਗਨ ਸਨ ਕਿ ਮੁਹੱਲੇ ਵਿੱਚੋਂ ਇਕ ਔਰਤ ਦੀ ਚੀਕ ਦੀ ਅਵਾਜ਼ ਆਈ। ਉਹ ਦੋਨੋਂ ਚੁੱਪ ਹੋ ਗਏ ਅਤੇ ਉਹਨਾਂ ਦਾ ਧਿਆਨ ਉਸ ਚੀਕ ਵੱਲ ਚਲਾ ਗਿਆ। ਝੱਟ ਹੀ ਇਕ ਮਰਦਾਨਾ ਅਵਾਜ਼ ਆਈ:

"ਕੀ ਹੋਇਆ?"

"ਕੁਛ ਸੁਰਕ ਸੁਰਕ ਕਰਦਾ ਸੀ। ਸ਼ਾਇਦ ਸੱਪ ਸੀ।" ਔਰਤ ਨੇ ਬਹੁਤ ਘਬਰਾਈ ਹੋਈ ਅਵਾਜ਼ ਵਿੱਚ ਕਿਹਾ।

ਗਿਆਨੋ ਘਬਰਾ ਕੇ ਉੱਠ ਖੜ੍ਹੀ ਹੋਈ।

"ਬੱਸ, ਘਬਰਾ ਗਈ?" ਕਾਲੀ ਨੇ ਹਸਦਿਆਂ ਕਿਹਾ।

"ਤੂੰ ਹੌਂਸਲਾ ਰੱਖੂੰਗਾ ਤਾਂ ਮੈਂ ਕਦੇ ਨਹੀਂ ਘਬਰਾਉਂਗੀ।"

ਮੁਹੱਲੇ ਵਿੱਚ ਸੱਪ ਨਿਕਲਨ ਦੀ ਖਬਰ ਨਾਲ ਕਈ ਲੋਕ ਜਾਗ ਪਏ। ਕਾਲੀ ਫਿਕਰ ਵਿੱਚ ਬੋਲਿਆ:

"ਹੁਣ ਘਰ ਕਿੱਦਾਂ ਜਾਊਂਗੀ?"

"ਚਲੀ ਜਾਊਂਗੀ।"

ਗਿਆਨੋ ਨੇ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਗਲੀ ਵਿੱਚ ਚਾਰੀਂ ਪਾਸੀਂ ਦੇਖ ਗਲੀ ਵਿੱਚ ਛਿਪਣ ਹੋ ਗਈ।

ਕਾਲੀ ਲਾਠੀ ਚੁੱਕ ਬੰਤੂ ਦੇ ਘਰ ਵੱਲ ਚਲਾ ਗਿਆ। ਜੱਸੋ ਨੂੰ ਦਰਵਾਜ਼ੇ ਵਿੱਚ ਖੜੀ ਦੇਖ ਗਿਆਨੋ ਬੋਲੀ:

"ਮਾਂ, ਬੰਤੂ ਦੇ ਘਰ ਵਿੱਚ ਖੜੱਪਾ ਸੱਪ ਨਿਕਲਿਆ।"

"ਤੂੰ ਸੱਪ ਤੋਂ ਪਹਿਲਾਂ ਈ ਉੱਥੇ ਪਹੁੰਚ ਗਈ ਸੀ।" ਜੱਸੋ ਨੇ ਕਿਹਾ ਅਤੇ ਗਿਆਨੋ ਸੱਪ ਦੇ ਮੁਟਾਪੇ ਅਤੇ ਲੰਬਾਈ ਦਾ ਵਰਨਣ ਬਹੁਤ ਹੀ ਡਰਾਉਣੇ ਅੰਦਾਜ਼ ਵਿੱਚ ਕਰਨ ਲੱਗੀ। ਕਾਲੀ ਇਹ ਗੱਲਾਂ ਸੁਣ ਕੇ ਮੁਸਕਰਾ ਪਿਆ ਅਤੇ ਘਰ ਆ ਕੇ ਖੁਸ਼ੀ ਵਿੱਚ ਡੁੱਬਿਆ ਹੋਇਆ ਮੰਜੇ 'ਤੇ ਉਸਲਵੱਟੇ ਲੈਣ ਲੱਗਾ।

## 35

ਹਾੜ ਦੇ ਬਾਅਦ ਸਾਉਣ ਆ ਗਿਆ ਅਤੇ ਖੇਤਾਂ ਵਿੱਚ ਹਰਿਆਲੀ ਸੰਘਣੀ ਹੋਣ ਲੱਗੀ। ਮੱਕੀ ਦੀ ਫਸਲ ਲੱਕ ਲੱਕ ਤਾਈਂ ਹੋ ਗਈ। ਉਸਦੇ ਪੱਤਿਆਂ ਉੱਤੇ ਬਾਰੀਕ ਕੰਡਿਆਂ ਵਰਗਾ ਤਿੱਖਾ ਬੂਰ ਨਿਕਲਣਾ ਸ਼ੁਰੂ ਹੋ ਗਿਆ। ਪੱਤਿਆਂ ਦੇ ਦੋਨੋਂ ਪਾਸੇ ਕ੍ਰਿਪਾਨ ਦੀ ਧਾਰ ਵਾਂਗ ਤੇਜ਼ ਹੋ ਗਏ।

ਸਾਉਣ ਦੇ ਸੱਤ ਦਿਨ ਲੰਘ ਚੁੱਕੇ ਸਨ ਪਰ ਇਕ ਵਾਰ ਵੀ ਮੀਂਹ ਨਹੀਂ ਸੀ ਪਿਆ। ਸਾਰਾ ਦਿਨ ਕੜਾਕੇ ਦੀ ਧੁੱਪ ਪੈਂਦੀ। ਚਮਾਰਲੀ ਦੇ ਨਾਲ ਖੜਾ ਪਾਣੀ ਸੜਨ ਲੱਗਾ ਅਤੇ ਉਸ ਉੱਤੇ ਵੱਡੀ ਗਿਣਤੀ ਵਿੱਚ ਮੱਛਰ ਪੈਦਾ ਹੋ ਗਏ।

ਚਮਾਰਲੀ ਦੀਆਂ ਤੀਵੀਂਆਂ ਦਿਨ ਢਲੇ ਗਰਮੀ ਘੱਟ ਹੋਣ ਉੱਤੇ ਮੁਹੱਲੇ ਵਿਚਲੀ ਬੇਰੀ ਦੇ ਹੇਠਾਂ ਆ ਬੈਠਦੀਆਂ ਅਤੇ ਚੁਗਲੀ ਨਿੰਦਾ, ਹਾਸਾ-ਠੱਠਾ, ਲੜਾਈ ਝਗੜੇ ਅਤੇ ਦੁੱਖ ਸੁੱਖ ਦੇ ਬਾਅਦ ਸਾਰੀਆਂ ਆਪਣੇ ਘਰਾਂ ਨੂੰ ਵਾਪਸ ਮੁੜ ਜਾਂਦੀਆਂ।

ਸਾਉਣ ਮਹੀਨੇ ਦੇ ਅੱਠਵੇਂ ਦਿਨ ਧੁੱਪ ਬਹੁਤ ਤੇਜ਼ ਅਤੇ ਹਵਾ ਬੰਦ ਸੀ। ਅਧੇੜ ਉਮਰ ਦੀਆਂ ਤੀਵੀਆਂ ਆਪਣੀਆਂ ਕਮੀਜ਼ਾਂ ਲਾਹ ਅਤੇ ਆਪਣੇ ਧੜ ਉੱਤੇ ਕੋਈ ਕੱਪੜਾ ਲਪੇਟ ਹੱਥ ਵਾਲੇ ਪੱਖੇ ਨਾਲ ਪਿੱਠ ਉੱਤੇ ਖਾਜ ਕਰਦੀਆਂ, ਕਦੇ ਰੱਬ ਤੋਂ ਮਿਹਰ ਦੀ ਭੀਖ ਮੰਗਦੀਆਂ ਅਤੇ ਕਦੇ ਉਹਨੂੰ ਗਾਲ੍ਹਾਂ ਦੇਣ ਲੱਗਦੀਆਂ। ਬੇਬੇ ਹੁਕਮੀ ਬਹੁਤ ਪਰੇਸ਼ਾਨ ਸੀ। ਉਹਦਾ ਸਾਰਾ ਸਰੀਰ ਪਿੱਤ ਨਾਲ ਭਰ ਗਿਆ ਸੀ ਅਤੇ ਉਹ ਮੋਟੇ ਬਾਣ ਦੀ ਬੁਣੀ ਹੋਈ ਮੰਜੀ ਨਾਲ ਪਿੱਠ ਰਗੜਦੀ ਰੱਬ ਨੂੰ ਗਾਲ੍ਹਾਂ ਕੱਢ ਰਹੀ ਸੀ। ਪ੍ਰੀਤੋ ਉਹਨੂੰ ਟੋਕਦੀ ਬੋਲੀ:

"ਬੇਬੇ, ਰੱਬ ਦਾ ਨਾਂ ਲੈ, ਕਿਉਂ ਆਪਣੀ ਜ਼ਬਾਨ ਖਰਾਬ ਕਰਦੀ ਆਂ। ਸਾਉਣ ਦੇ ਗੀਤ ਗਾ ਤਾਂ ਕਿ ਮੀਂਹ ਪਵੇ ਅਤੇ ਤੇਰੀ ਪਿੱਤ ਘਟੇ।"

"ਮੈਨੂੰ ਤਾਂ ਆਉਂਦੇ ਨਹੀਂ, ਤੂੰ ਹੀ ਸਾਉਣ ਦੇ ਗੀਤ ਗਾ।" ਬੇਬੇ ਹੁਕਮੀ ਨੇ ਸੱਜੇ ਹੱਥ ਨਾਲ ਖੱਬੀ ਬਾਂਹ ਉੱਤੇ ਖਾਜ ਕਰਦਿਆਂ ਕਿਹਾ।

"ਮੈਨੂੰ ਤਾਂ ਇਕ ਹੀ ਗੀਤ ਆਉਂਦਾ" ਕਹਿ ਕੇ ਪ੍ਰੀਤੋ ਧੀਮੀ ਅਵਾਜ਼ ਵਿੱਚ ਗਾਉਣ ਲੱਗੀ:

"ਸਾਉਣ ਦੀ ਖੀਰ ਨਾ ਖਾਧੀ
ਕਿਉਂ ਜੰਮਿਆ ਅਪਰਾਧੀ
ਘਰ ਨਾ ਹੋਵੇ ਆਪਣੇ
ਤੇ ਕਿੱਥੋਂ ਖਾਵਾਂ ਪਾਪਣੇ।"

"ਸੱਚ ਕਹਿੰਦੀ ਆਂ ਪ੍ਰੀਤੋ। ਖੀਰ ਤਾਂ ਸੁਫਨਾ ਹੋ ਗਈ ਆ। ਪਹਿਲਾਂ ਜਦੋਂ ਲੋਕ ਦੁੱਧ-ਪੁੱਤ ਨਹੀਂ ਸੀ ਵੇਚਦੇ ਤਾਂ ਚੌਧਰੀਆਂ ਦੇ ਘਰੋਂ ਗਰੀਬ-ਗੁਰਬੇ ਨੂੰ ਵੀ ਸਾਲ-ਛਿਮਾਹੀ ਪਾ-ਅੱਧ ਪਾ ਦੁੱਧ ਮਿਲ ਜਾਂਦਾ ਸੀ। ਦੁੱਧ ਨਹੀਂ ਮਿਲਦਾ ਸੀ ਤਾਂ ਖਰਬੂਜਿਆਂ, ਹਦਵਾਣਿਆਂ ਦੇ ਬੀਅ ਪੀਹ ਕੇ ਉਹਨਾਂ ਦਾ ਦੁੱਧ ਬਣਾ ਕੇ ਖੀਰ ਬਣਾ ਲੈਂਦੇ ਸੀ।"

ਬੇਬੇ ਹੁਕਮੀ ਨੇ ਅਫਸੋਸ ਭਰੀ ਅਵਾਜ਼ ਵਿੱਚ ਕਿਹਾ ਅਤੇ ਇਕ ਦਮ ਚੁੱਪ ਹੋ ਗਈ ਜਿਵੇਂ ਉਹਦੇ ਮੂੰਹ ਵਿੱਚ ਪਾਣੀ ਭਰ ਆਇਆ ਹੋਇਆ ਹੋਵੇ।

"ਚਾਚੀ ਪ੍ਰੀਤੋ, ਤੂੰ ਜਦੋਂ ਵੀ ਕੋਈ ਗੱਲ ਕਰੂੰ, ਖਾਣ ਪੀਣ ਦੀ ਹੀ ਕਰੂੰ।" ਪ੍ਰਸਿੰਨੀ ਨੇ ਹਸਦਿਆਂ ਕਿਹਾ।

"ਭੁੱਖਾ ਆਦਮੀ ਜਦੋਂ ਵੀ ਗੱਲ ਕਰੂ ਤਾਂ ਰੋਟੀਆਂ ਦੀ ਹੀ ਕਰੂ।" ਫਿਰ ਉਹ ਬੁੱਲ੍ਹਾਂ ਉੱਤੇ ਜੀਭ ਫੇਰਦੀ ਬੋਲੀ:

"ਮੇਰਾ ਜੀਅ ਕਰਦਾ ਹੈ ਕਿ ਇਕ ਵਾਰ ਕੌਲਾ ਭਰ ਕੇ ਖੀਰ ਖਾਵਾਂ।"

"ਸਰਾਧ ਆ ਰਹੇ ਆ, ਪੰਡਿਤ ਸੰਤ ਰਾਮ ਨਾਲ ਗੱਲ ਕਰ ਲੈ। ਇਕ ਵਾਰ ਉਹਦੇ ਚੁਬਾਰੇ 'ਚ ਝਾੜੂ ਲਾਇਆ, ਖੀਰ ਵੀ ਖਿਲਾਊ ਤੇ ਦੱਖਣਾ ਵੀ ਦਊ।"

"ਮੋਏ ਦੇ ਸਿਰ 'ਤੇ ਝਾੜੂ ਨਾ ਮਾਰੂੰ।"

ਪ੍ਰਸਿੰਨੀ ਦੀ ਗੱਲ ਅਤੇ ਪ੍ਰੀਤੋ ਦਾ ਜੁਆਬ ਸੁਣ ਕੇ ਸਾਰੀਆਂ ਤੀਵੀਂਆਂ ਖਿੜਖਿੜਾ ਕੇ ਹੱਸ ਪਈਆਂ।

ਪ੍ਰਸਿੰਨੀ ਪੰਡਿਤ ਸੰਤ ਰਾਮ ਅਤੇ ਬੱਗੇ ਦੀ ਮਾਂ ਰੱਖੀ ਦਾ ਕਿੱਸਾ ਚਟਖਾਰੇ ਲੈ ਲੈ ਸੁਣਾਉਣ ਲੱਗੀ ਤਾਂ ਤੀਵੀਂਆਂ ਹੱਸ ਹੱਸ ਕੇ ਲੋਟਪੋਟ ਹੋਣ ਲੱਗੀਆਂ। ਪ੍ਰਸਿੰਨੀ, ਸੰਤ ਰਾਮ ਦੀ ਸਾਂਗ ਲਾਉਂਦੀ ਹੋਈ ਬੋਲੀ:

"ਰੱਖੀਏ। ਮੇਰੇ ਚੁਬਾਰੇ ਵਿੱਚ ਝਾੜੂ ਲਾ ਦੇ ਮੈਂ ਤੈਨੂੰ ਦੋ ਆਨੇ ਦਊਂ।"

ਜਦੋਂ ਰੱਖੀ ਪੌੜੀਆਂ ਚੜ੍ਹ ਗਈ ਤਾਂ ਸੰਤ ਰਾਮ ਵੀ ਪਿੱਛੇ ਪਿੱਛੇ ਚਲਾ ਗਿਆ ਅਤੇ ਉਹਦਾ ਗੁੱਟ ਫੜ ਕੇ ਬੋਲਿਆ:

"ਰੱਖੀਏ ਤੂੰ ਮੇਰਾ ਕੰਮ ਕਰ ਦੇ ਮੈਂ ਤੈਨੂੰ ਨਵਾਂ ਸੂਟ ਲੈ ਦਊਂ ਅਤੇ ਨਾਲ ਪੈਸੇ ਵੀ ਦਊਂ।"

ਇਹ ਸੁਣ ਕੇ ਤੀਵੀਂਆਂ ਹੱਸ ਹੱਸ ਕੇ ਵੱਟ ਖਾਣ ਲੱਗੀਆਂ। ਪ੍ਰੀਤੋ ਢਿੱਡ ਨੂੰ ਘੁੱਟਦੀ ਬੋਲੀ:

"ਪ੍ਰਸਿੰਨੀਏ ਬੱਸ ਕਰ। ਮੇਰਾ ਤਾਂ ਹੱਸ ਹੱਸ ਕੇ ਸਾਹ ਘੁੱਟ ਹੋਣ ਲੱਗ ਪਿਆ।"

ਪਰ ਪ੍ਰਸਿੰਨੀ ਆਪਣੇ ਹਾਸੇ ਨੂੰ ਰੋਕਦੀ ਹੋਈ ਬੋਲੀ:

"ਰੱਖੀ, ਸੰਤ ਰਾਮ ਨੂੰ ਝਾੜੂ ਨਾਲ ਕੁੱਟਦੀ ਹੋਈ ਉਹਦੀ ਦਾੜ੍ਹੀ ਦੇ ਵਾਲ ਤੀਲਾ ਤੀਲਾ ਕਰਦੀ ਹੇਠਾਂ ਲੈ ਆਈ।"

ਪ੍ਰਸਿੰਨੀ ਇਹ ਕਹਿ ਕੇ ਪ੍ਰੀਤੋ ਨੂੰ ਕਹਿਣ ਲੱਗੀ:

"ਚਾਚੀ ਪ੍ਰੀਤੋ, ਤੂੰ ਇਕ ਵਾਰ ਫਰਮਾਇਸ਼ ਕਰਕੇ ਦੇਖ ਤਾਂ ਸਹੀ, ਉਹ ਤੇਰੇ ਲਈ ਖੀਰ ਦੀ ਬਾਲਟੀ ਲਿਆ ਦਊ। ਦੋਨੋ ਜਣੇ ਰਲ ਕੇ ਖਾਇਉ ਅਤੇ ਸਾਉਣ ਦੇ ਗੀਤ ਗਾਇਉ।"

ਇਸ ਗੱਲ ਉੱਤੇ ਫਿਰ ਬਹੁਤ ਉੱਚੇ ਅਤੇ ਲੰਮੇ ਠਹਾਕੇ ਗੂੰਜੇ। ਪ੍ਰੀਤੋ ਆਪਣਾ ਸਾਹ ਠੀਕ ਕਰਦੀ ਹੋਈ ਬੋਲੀ:

"ਮੋਏ ਦਾ ਪਖੰਡ ਦੇਖੋ। ਓਦਾਂ ਸਾਨੂੰ ਦੂਰੋਂ ਹੀ ਦੇਖ ਕੇ ਥੂ ਥੂ ਅਤੇ ਦੂਰ ਦੂਰ ਕਰਨਾ ਸੁਰੂ ਕਰ ਦਿੰਦਾ, ਅਤੇ ਉਹਦਾ ਕੰਮ...।"

ਪ੍ਰੀਤੋ ਦੀ ਬਾਕੀ ਗੱਲ ਠਹਾਕਿਆਂ ਵਿੱਚ ਦਬ ਗਈ।

"ਬੜਾ ਚਲਾਕ ਆਦਮੀ ਆ। ਉਹਦੀ ਛੂਤ ਛਾਤ ਪਾਣੀ ਅਤੇ ਰੋਟੀ ਤੱਕ ਹੀ ਹੈ। ਇਕ ਵਾਰ ਉਹਦੇ ਹੱਥ 'ਚ ਦੁੱਧ ਦੀ ਗੜਬੀ ਸੀ। ਮੇਰਾ ਜੀਅ ਕੀਤਾ ਕਿ ਦੁੱਧ ਮਿਲ ਜਾਏ ਤਾਂ ਚਾਹ ਬਣਾ ਕੇ ਪੀਵਾਂ। ਮੈਂ ਜਾਣ ਬੁੱਝ ਕੇ ਉਹਨੂੰ ਹੱਥ ਲਾ ਦਿੱਤਾ। ਉਹਨੇ ਮੈਨੂੰ ਬਹੁਤ ਬੁਰਾ ਭਲਾ ਕਿਹਾ। ਮੈਂ ਚੁੱਪ ਚਾਪ ਖੜ੍ਹੀ ਸਭ ਸੁਣਦੀ ਰਹੀ, ਇਸ ਉਮੀਦ 'ਚ ਕਿ ਉਹ ਦੁੱਧ ਸੁੱਟਣ ਲੱਗੂ ਤਾਂ ਮਿਨਤ ਕਰਕੇ ਕਹੂੰ ਕਿ ਮੈਨੂੰ ਦੇ ਦੇ। ਪਰ ਉਹਨੇ ਦੁੱਧ ਦੀ ਗੜਬੀ ਮੰਦਿਰ ਦੇ ਦਰਵਾਜ਼ੇ ਉੱਤੇ ਰੱਖ ਦਿੱਤੀ ਅਤੇ ਅੰਦਰੋਂ ਘਾਹ ਦਾ ਤਿਨਕਾ ਲਿਆ ਕੇ ਉਹਦੇ ਵਿੱਚ ਪਾ ਦਿੱਤਾ ਅਤੇ ਫਿਰ ਦੁੱਧ ਚੁੱਕ ਕੇ ਘਰ ਚਲਾ ਗਿਆ।" ਪ੍ਰਸਿੰਨੀ ਇਹ ਕਹਿ ਕੇ ਫਿਰ ਬੋਲੀ:

"ਉਹ ਘਾਹ ਦੇ ਤਿਨਕੇ ਨਾਲ ਹਰ ਚੀਜ਼ ਸ਼ੁੱਧ ਕਰ ਲੈਂਦਾ। ਤਿਨਕੇ ਨਾਲ ਨਾ ਹੋਵੇ ਤਾਂ ਮੰਤਰ ਮਾਰ ਕੇ ਸ਼ੁੱਧ ਕਰ ਲੈਂਦਾ।"

ਪ੍ਰੀਤੋ ਨੱਕ ਸੁੰਗੇੜਦੀ ਬੋਲੀ:

"ਬਦ ਨਾਲੋਂ ਬਦਨਾਮ ਬੁਰਾ। ਮੇਰੇ ਖਿਆਲ 'ਚ ਸੰਤਰਾਮ ਏਦਾਂ ਦਾ ਆਦਮੀ ਨਹੀਂ।"

"ਜੇ ਤੈਨੂੰ ਯਕੀਨ ਨਹੀਂ ਤਾਂ ਉਹਦੇ ਕੋਲ ਜਾ ਕੇ ਦੇਖ ਲੈ।"

ਪ੍ਰਸਿੰਨੀ ਨੇ ਪ੍ਰੀਤੋ ਨੂੰ ਮਖੌਲ ਕਰਦਿਆਂ ਕਿਹਾ।

"ਕਿਉਂ ਤੂੰ ਜਾ ਆਈਂ ਆਂ।"

ਪ੍ਰੀਤੋ ਨੇ ਪੁੱਛਿਆ। ਉਹ ਸਾਰੀਆਂ ਖਿੜਖਿੜਾ ਕੇ ਹੱਸਣ ਲੱਗੀਆਂ।

"ਤੂੰ ਬਹੁਤ ਬੇਸ਼ਰਮ ਆਂ।"

ਬੇਬੇ ਹੁਕਮੀ ਨੇ ਉੱਠਦਿਆਂ ਕਿਹਾ ਅਤੇ ਠਹਾਕਿਆਂ ਦੇ ਵਿੱਚ ਬਾਕੀ ਤੀਵੀਂਆਂ ਵੀ ਚਲੀਆਂ ਗਈਆਂ।

**36**

ਮੁਹੱਲੇ ਵਿੱਚ ਅਜੇ ਕਾਫੀ ਚਹਿਲ-ਪਹਿਲ ਸੀ ਅਤੇ ਚੁੱਲ੍ਹੇ ਗਰਮ ਸੀ ਜਦੋਂ ਪੁਰੇ ਦੀ ਹਵਾ ਚੱਲਣ ਲੱਗੀ ਅਤੇ ਅਸਮਾਨ ਵਿੱਚ ਗਹਿਰੇ ਕਾਲੇ ਰੰਗ ਦੀ ਘਟਾ ਉਮੜ ਆਈ। ਮੀਂਹ ਆਉਣ ਦੀ ਖੁਸ਼ੀ ਵਿੱਚ ਬੱਚੇ ਤਾੜੀਆਂ ਮਾਰਦੇ ਅਤੇ ਰੌਲਾ ਪਾਉਂਦਾ ਗੱਲੀਆਂ ਵਿੱਚ ਦੌੜਨ ਲੱਗੇ। ਔਰਤਾਂ ਛੱਤਾਂ 'ਤੇ ਜਾ ਕੇ ਚੜ੍ਹਦੀ ਘਟਾ ਨੂੰ ਦੇਖਣ ਲੱਗੀਆਂ। ਹਵਾ ਦੇ ਬੁੱਲੇ ਹਰ ਪਲ ਠੰਢੇ ਹੋਣ ਲੱਗੇ। ਥੋੜ੍ਹੇ ਚਿਰ ਵਿੱਚ ਬੱਦਲ ਸਾਰੇ ਅਸਮਾਨ 'ਤੇ ਛਾ ਗਏ ਅਤੇ ਇਕਦਮ ਹਨ੍ਹੇਰਾ ਹੋ ਗਿਆ। ਫਿਰ ਮੋਟੀਆਂ ਮੋਟੀਆਂ ਛਿੱਟਾਂ ਡਿਗਣ ਲੱਗੀਆਂ ਅਤੇ ਦੇਖਦਿਆਂ ਹੀ ਦੇਖਦਿਆਂ ਮੀਂਹ ਦਾ ਰੌਲਾ ਏਨਾ ਵੱਧ ਗਿਆ ਜਿਵੇਂ ਹੜ੍ਹ ਆ ਰਿਹਾ ਹੋਵੇ। ਗਰਮੀ ਅਤੇ ਘੁਟਣ ਦੇ ਸਤਾਏ ਲੋਕਾਂ ਨੇ ਸੁੱਖ ਦਾ ਸਾਹ ਲਿਆ ਅਤੇ ਦਰਵਾਜ਼ੇ ਖੋਲ੍ਹ ਕੇ ਮੀਂਹ ਦਾ ਨਜ਼ਾਰਾ ਲੈਂਦੇ ਸੌਂ ਗਏ।

ਸਾਰੀ ਰਾਤ ਮੀਂਹ ਪੈਂਦਾ ਰਿਹਾ। ਕਦੇ ਕਦੇ ਮੀਂਹ ਥੋੜ੍ਹੇ ਚਿਰ ਲਈ ਰੁਕ ਜਾਂਦਾ ਜਿਵੇਂ ਥਕਾਵਟ ਦੂਰ ਕਰਨ ਲਈ ਆਰਾਮ ਕਰ ਰਿਹਾ ਹੋਵੇ ਅਤੇ ਫਿਰ ਜ਼ੋਰ ਦਾ ਛਰਾਟਾ ਆਉਂਦਾ। ਸਾਰੇ ਲੋਕ ਬਹੁਤ ਦੇਰ ਤੱਕ ਮੰਜਿਆਂ 'ਤੇ ਲੰਮੇ ਪਏ ਰਹੇ ਕਿਉਂਕਿ ਬੱਦਲਾਂ ਦੀ ਗੜਗੜਾਹਟ ਅਤੇ ਮੀਂਹ ਵਿੱਚ ਕਿਸੇ ਨੂੰ ਸਮੇਂ ਦਾ ਅੰਦਾਜ਼ਾ ਨਹੀਂ ਰਿਹਾ ਸੀ। ਗਲੀ ਵਿੱਚ ਪਾਣੀ ਭਰ ਗਿਆ। ਛੂਹਣ ਨਾਲ ਹਰ ਚੀਜ਼ ਗਿੱਲੀ ਲੱਗਣ ਲੱਗੀ। ਭਿੱਜਣ ਨਾਲ ਕੱਚੇ ਮਕਾਨਾਂ ਦਾ ਰੰਗ ਬਦਲ ਗਿਆ।

ਦਿਨ ਚੜ੍ਹੇ ਜਦੋਂ ਮੀਂਹ ਥੋੜ੍ਹਾ ਰੁਕਿਆ ਤਾਂ ਸਾਰਾ ਪਿੰਡ ਖੇਤਾਂ ਵਿੱਚ ਆ ਗਿਆ। ਚੋਅ 'ਚ ਗੋਡਿਆਂ ਤੱਕ ਡੂੰਘਾ ਪਾਣੀ ਵਗ ਰਿਹਾ ਸੀ। ਨਿਆਣੇ ਵਗਦੇ ਪਾਣੀ 'ਚ ਛਾਲਾਂ ਮਾਰਦੇ ਨਹਾ ਰਹੇ ਸਨ। ਸਿਆਣੇ ਵੀ ਵਗਦੇ ਚੋਅ ਨੂੰ ਦੇਖਣ ਗਏ। ਚੋਅ ਦੇ ਪਾਣੀ ਨੂੰ ਦੇਖ ਇਕ ਨੇ ਕਿਹਾ:

"ਇਹ ਤਾਂ ਖੇਤਾਂ ਦਾ ਪਾਣੀ ਆ। ਪਹਾੜੀ ਪਾਣੀ ਦੁਪਹਿਰ ਤੱਕ ਪਹੁੰਚੂ।"

ਧੋਤੇ ਹੋਏ ਦਰੱਖਤਾਂ, ਨਹਾਤੀ ਹੋਈ ਫਸਲ ਦੀ ਤਾਜ਼ਗੀ, ਚੋਅ ਵਿੱਚ ਪਾਣੀ ਨੂੰ ਦੇਖ ਕੇ ਲੋਕਾਂ ਦੇ ਮਨ ਖਿੜ ਗਏ ਪਰ ਨਾਲ ਹੀ ਅਸਮਾਨ ਵਿੱਚ ਸੰਘਣੇ ਬੱਦਲਾਂ ਅਤੇ ਉਹਨਾਂ ਦੀ ਹਲਕੀ ਹਲਕੀ ਗਰਜ ਸੁਣ ਕੇ ਉਹਨਾਂ ਨੂੰ ਹਲਕਾ ਜਿਹਾ ਡਰ ਵੀ ਮਹਿਸੂਸ ਹੋਣ ਲੱਗਾ।

ਅੱਧਾ ਘੰਟਾ ਬੰਦ ਰਹਿਣ ਬਾਅਦ ਬਹੁਤ ਜ਼ੋਰ ਦਾ ਮੀਂਹ ਸ਼ੁਰੂ ਹੋ ਗਿਆ। ਚਮਾਰਲ੍ਹੀ ਦੀਆਂ ਗਲੀਆਂ ਵਿੱਚ, ਪਿੰਡ ਦੇ ਵੱਡੇ ਰਸਤਿਆਂ ਵਿੱਚ, ਅਤੇ ਚੋਅ ਵਿੱਚ ਪਾਣੀ ਚੜ੍ਹਨ ਲੱਗਾ। ਚਮਾਰਲ੍ਹੀ ਨੀਵੇਂ ਥਾਂ ਵੱਲ ਸੀ ਇਸ ਲਈ ਉੱਥੇ ਪਾਣੀ ਬਹੁਤ ਹੀ ਤੇਜ਼ੀ ਨਾਲ ਵਧ ਰਿਹਾ ਸੀ ਕਿਉਂਕਿ ਬਾਕੀ ਪਿੰਡ ਦਾ ਪਾਣੀ ਚੋਅ ਵਿੱਚ ਜਾਣ ਦੀ ਥਾਂ ਹੁਣ ਇੱਥੇ ਹੀ ਇਕੱਠਾ ਹੋ ਰਿਹਾ ਸੀ।

ਦੁਪਹਿਰ ਤੋਂ ਬਾਅਦ ਮੀਂਹ ਫਿਰ ਬੰਦ ਹੋ ਗਿਆ ਅਤੇ ਅਸਮਾਨ ਵਿੱਚ ਕਿਤੇ ਕਿਤੇ ਬੱਦਲ ਪਾਟ ਗਏ। ਚੋਅ ਵਿੱਚ ਪਹਾੜੀ ਪਾਣੀ ਆਉਣਾ ਸ਼ੁਰੂ ਹੋ ਗਿਆ। ਚਮਾਰਲ੍ਹੀ ਦੀਆਂ ਗਲੀਆਂ ਵਿੱਚ ਗਿੱਟਿਆਂ ਤੱਕ ਅਤੇ ਬਾਹਰ ਖੂਹ ਦੇ ਕੋਲ ਲੱਕ ਲੱਕ ਤੱਕ ਪਾਣੀ ਹੋ ਗਿਆ ਸੀ। ਸਾਰੇ ਲੋਕ ਪਾਣੀ ਵਿੱਚ ਛਪ ਛਪ ਕਰਦੇ ਚੋਅ ਦੇ ਕੰਢੇ ਇਕੱਠੇ ਹੋ ਗਏ। ਪੀਲੇ ਰੰਗ ਦਾ ਡੂੰਘਾ ਪਾਣੀ ਕਾਫੀ ਤੇਜ਼ੀ ਨਾਲ ਵੱਗ ਰਿਹਾ ਸੀ ਅਤੇ ਉਹਦੀਆਂ ਲਹਿਰਾਂ 'ਤੇ ਮਿੱਟੀ ਰੰਗੀ ਝੱਗ ਦੇ ਨਾਲ ਨਾਲ ਦਰੱਖਤਾਂ ਦੀਆਂ ਟਾਹਣੀਆਂ, ਹਦਵਾਣਿਆਂ ਦੇ ਖੱਪਰ, ਗਲੇ ਸੜੇ ਅੰਬ ਅਤੇ ਚੀਲ੍ਹ ਦੇ ਦਰੱਖਤਾਂ ਦੇ ਸੱਕ ਤਰ ਰਹੇ ਸਨ। ਚੋਅ ਵਿੱਚ ਪਾਣੀ ਹਰ ਪੱਲ ਵਧ ਰਿਹਾ ਸੀ ਅਤੇ ਪੂਰਬ ਉੱਤਰ ਵੱਲ ਸ਼ਿਵਾਲਕ ਦੀਆਂ ਪਹਾੜੀਆਂ 'ਤੇ ਅਜੇ ਵੀ ਜ਼ੋਰ ਦੀ ਮੀਂਹ ਪੈ ਰਿਹਾ ਸੀ।

ਸ਼ਾਮ ਤੱਕ ਬੱਦਲ ਫਿਰ ਸੰਘਣੇ ਹੋ ਗਏ ਅਤੇ ਜਦੋਂ ਲੋਕ ਘਰਾਂ ਨੂੰ ਪਰਤੇ ਤਾਂ ਚਮਾਰਲੀ ਦੇ ਖੂਹ ਦੇ ਕੋਲ ਪਾਣੀ ਲੱਕ ਲੱਕ ਤੋਂ ਵੀ ਉੱਚਾ ਹੋ ਗਿਆ ਸੀ ਅਤੇ ਚੋਅ ਦਾ ਮਿੱਟੀ ਰੰਗਾ ਪਾਣੀ ਪਿੰਡ ਦੇ ਪਾਣੀ ਵਿੱਚ ਰਲਣ ਲੱਗਾ ਸੀ।

ਚਮਾਰਲੀ ਵਿੱਚ ਸਾਰੇ ਲੋਕਾਂ ਨੇ ਰਾਤ ਜਾਗ ਕੇ ਕੱਟੀ ਕਿਉਂਕਿ ਗਲੀ ਦਾ ਪਾਣੀ ਘਰਾਂ ਵਿੱਚ ਭਰਨ ਲੱਗਾ ਸੀ ਅਤੇ ਉੱਪਰੋਂ ਛੱਤਾਂ ਚੋਅ ਰਹੀਆਂ ਸਨ। ਪਾਣੀ ਨੂੰ ਰੋਕਣ ਲਈ ਨਾਲੀਆਂ ਬੰਦ ਕਰ ਦਿੱਤੀਆਂ ਗਈਆਂ ਅਤੇ ਸਰਦਲਾਂ ਦੇ ਅੱਗੇ ਮਿੱਟੀ ਦੀਆਂ ਛੋਟੀਆਂ ਛੋਟੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਸਾਰੇ ਲੋਕ ਰਾਤ ਪਰ ਰੱਬ ਅਤੇ ਖਵਾਜਾ ਪੀਰ ਦੀਆਂ ਸੁੱਖਾਂ ਮੰਗਦੇ ਰਹੇ।

ਸਵੇਰੇ ਲੋਕ ਘਰਾਂ ਤੋਂ ਬਾਹਰ ਨਿਕਲੇ ਤਾਂ ਚਮਾਰਲ੍ਹੀ ਦਾ ਖੂਹ ਕਿਤੇ ਦਿਖਾਈ ਨਹੀਂ ਸੀ ਦੇ ਰਿਹਾ। ਗਲੀ ਵਿੱਚ ਖੜਾ ਪਾਣੀ ਗੋਡਿਆਂ ਤੱਕ ਚੜ੍ਹ ਗਿਆ ਸੀ ਅਤੇ ਖੂਹ ਦੇ ਆਲੇ ਦੁਆਲੇ ਛਾਤੀ ਨਾਲੋਂ ਵੀ ਉੱਚਾ ਹੋ ਗਿਆ ਸੀ। ਖੂਹ ਦੇ ਪਾਣੀ ਵਿੱਚ ਡੁੱਬ ਜਾਣ ਕਾਰਨ ਚਮਾਰਲ੍ਹੀ ਵਿੱਚ ਕੁਹਰਾਮ ਮਚ ਗਿਆ। ਸਾਰਿਆਂ ਦੇ ਸਾਹਮਣੇ ਸਵਾਲ ਸੀ ਕਿ ਪੀਣ ਦਾ ਪਾਣੀ ਕਿੱਥੋਂ ਆਊਗਾ। ਫਿਕਰਾਂ ਵਿੱਚ ਗ੍ਰਸੇ ਲੋਕ ਮੀਂਹ ਵਿੱਚ ਖੜ੍ਹੇ ਆਪਸ ਵਿੱਚ ਸਲਾਹ ਮਸ਼ਵਰਾ ਕਰਨ ਲੱਗੇ।

ਜੱਟਾਂ ਦੇ ਦੋਵੇਂ ਖੂਹ ਉੱਥੋਂ ਕਾਫੀ ਦੂਰ ਸਨ ਅਤੇ ਉੱਥੋਂ ਚਮਾਰਾਂ ਨੂੰ ਪਾਣੀ ਭਰਨ ਦੀ ਮਨਾਹੀ ਸੀ। ਮੰਦਿਰ ਦਾ ਖੂਹ ਸਭ ਤੋਂ ਨਜ਼ਦੀਕ ਸੀ ਪਰ ਉੱਥੇ ਪੰਡਿਤ ਸੰਤ ਰਾਮ ਸੀ ਜਿਹੜਾ ਕਿਸੇ ਚਮਾਰ ਨੂੰ ਖੂਹ ਦੇ ਨੇੜੇ ਸੌ ਗਜ਼ ਤੱਕ ਫਟਕਣ ਨਹੀਂ ਸੀ ਦਿੰਦਾ।

ਉਹ ਇਸ ਸੋਚ ਵਿਚਾਰ ਵਿੱਚ ਮਗਨ ਸਨ ਕਿ ਪ੍ਰੀਤੋ ਦੇ ਮੁੰਡੇ ਅਮਰੂ ਨੇ ਖਬਰ ਦਿੱਤੀ ਕਿ ਨੰਦ ਸਿੰਘ ਦੀ ਕੁੜੀ ਪਾਸ਼ੋ ਪਾਦਰੀ ਦੇ ਘਰੋਂ ਨਲਕੇ ਤੋਂ ਪਾਣੀ ਲਿਆਈ ਹੈ। ਅਮਰੂ ਆਪਣੀ ਭੈਣ ਲੱਛੋ ਨੂੰ ਨਾਲ ਲੈ ਕੇ ਪਾਦਰੀ ਦੇ ਘਰ ਵੱਲ ਦੌੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਹ ਦੋਵੇਂ ਦੋ ਘੜੇ ਭਰ ਕੇ ਲੈ ਆਏ। ਇਸ ਤੋਂ ਬਾਅਦ ਦੋ ਤਿੰਨ ਤੀਵੀਂਆਂ ਗਈਆਂ ਅਤੇ ਪਾਣੀ ਭਰ ਲਿਆਈਆਂ। ਉਹਨਾਂ ਦੀ ਦੇਖਾ ਦੇਖੀ ਪੰਜ ਛੇ ਔਰਤਾਂ ਘੜੇ ਚੁੱਕ ਕੇ ਪਾਦਰੀ ਦੇ ਘਰ ਚਲੀਆਂ ਗਈਆਂ। ਉਹ ਮੁੜ ਕੇ ਆਈਆਂ ਤਾਂ ਅੱਠ ਦੱਸ ਹੋਰ ਉੱਥੇ ਪਹੁੰਚ ਗਈਆਂ।

ਨਲਕੇ ਦੁਆਲੇ ਬਹੁਤ ਚਿੱਕੜ ਹੋ ਗਿਆ। ਚਮਾਰਲ੍ਹੀ ਦੀਆਂ ਤੀਵੀਂਆਂ ਆਪਸ ਵਿੱਚ ਲੜਦੀਆਂ ਝਗੜਦੀਆਂ ਜ਼ੋਰ ਜ਼ੋਰ ਨਾਲ ਨਲਕਾ ਗੇੜ ਰਹੀਆਂ ਸਨ। ਪਾਦਰਾਣੀ ਦਰਵਾਜ਼ੇ ਵਿੱਚ ਖੜੀ ਉਹਨਾਂ ਵੱਲ ਗੁੱਸੇ ਭਰੀਆਂ ਨਜ਼ਰਾਂ ਨਾਲ ਦੇਖਦੀ ਹੋਈ ਬੋਲੀ:

"ਹੌਲੀ ਗੇੜੋ। ਇਸ ਤਰ੍ਹਾਂ ਗੇੜਨ ਨਾਲ ਇਹਨੇ ਟੁੱਟ ਜਾਣਾ।"

ਪਰ ਤੀਵੀਂਆਂ ਉਹਦੀ ਝੰਬ-ਝਾੜ ਤੋਂ ਬੇਪਰਵਾਹ ਦੋਹਾਂ ਹੱਥਾਂ ਨਾਲ ਨਲਕੇ ਦਾ ਹੱਥਾ ਉੱਪਰ ਥੱਲੇ ਕਰੀ ਜਾ ਰਹੀਆਂ ਸਨ।

ਪਾਦਰਾਣੀ ਦਾ ਗੁੱਸਾ ਉਸ ਸਮੇਂ ਆਪਣੀਆਂ ਸਾਰੀਆਂ ਹੱਦਾਂ ਤੋੜ ਗਿਆ ਜਦੋਂ ਇਕ ਤੀਵੀਂ ਦੇ ਕੁੱਛੜ ਚੁੱਕੇ ਬੱਚੇ ਨੇ ਉੱਥੇ ਟੱਟੀ ਕਰ ਦਿੱਤੀ।

"ਇਹਨੂੰ ਸਾਫ ਕਰੋ। ਇਸ ਘਰ 'ਚ ਬੰਦੇ ਰਹਿੰਦੇ ਆ।" ਪਾਦਰਾਣੀ ਨੇ ਨੱਕ ਉੱਤੇ ਪੱਲਾ ਰੱਖਦਿਆਂ ਗੁੱਸੇ ਭਰੀ ਅਵਾਜ਼ ਵਿੱਚ ਕਿਹਾ। ਉਸ ਔਰਤ ਨੇ ਘਬਰਾ ਕੇ ਹੱਥ ਨਾਲ ਹੀ ਬੱਚੇ ਦੀ ਟੱਟੀ ਸਾਫ ਕਰ ਦਿੱਤੀ ਅਤੇ ਥਾਂ ਨੂੰ ਦੋ ਘੜੇ ਪਾਣੀ ਦੇ ਸੁੱਟ ਕੇ ਧੋ ਦਿੱਤਾ। ਪਾਣੀ ਭਰ ਕੇ ਉਹਨੇ ਬੱਚੇ ਨੂੰ ਧੋਤੇ ਬਿਨਾਂ ਹੀ ਕੁੱਛੜ ਚੁੱਕ ਲਿਆ ਅਤੇ ਚਲੇ ਗਈ।

ਤੀਵੀਂਆਂ ਪਾਣੀ ਭਰ ਕੇ ਬਾਹਰ ਨਿਕਲੀਆਂ ਤਾਂ ਪਾਦਰਾਣੀ ਅੰਦਰ ਜਾ ਕੇ ਪਾਦਰੀ ਨੂੰ ਸੱਦ ਲਿਆਈ ਅਤੇ ਉਹਨੂੰ ਨਲਕੇ ਦੇ ਆਲੇ ਦੁਆਲੇ ਚਿੱਕੜ ਦਿਖਾ ਕੇ ਬੋਲੀ:

"ਹੁਣ ਮੈਂ ਕਿਸੇ ਨੂੰ ਪਾਣੀ ਨਹੀਂ ਭਰਨ ਦੇਣਾ। ਏਨੀ ਤਮੀਜ਼ ਨਹੀਂ ਕਿ ਨਿਆਣਿਆਂ ਨੂੰ ਇੱਥੇ ਟੱਟੀ ਨਹੀਂ ਕਰਾਉਣੀ। ਪੈਰ ਸਾਫ ਕਰਕੇ ਅੰਦਰ ਆਉਣਾ ਚਾਹੀਦਾ।" ਪਾਦਰਾਣੀ ਨੇ ਝਾੜੂ ਚੁੱਕੇ ਕੇ ਉਹ ਥਾਂ ਧੋਤੀ ਅਤੇ ਅੰਦਰੋਂ ਕੁੰਡਾ ਲਾ ਕੇ ਬੋਲੀ:

"ਹੁਣ ਜੇ ਬੂਹਾ ਖੋਲ੍ਹਿਆ ਤਾਂ ਮੇਰੇ ਨਾਲੋਂ ਬੁਰਾ ਕੋਈ ਨਹੀਂ ਹੋਊ।"

"ਜੇ ਕੋਈ ਅਵਾਜ਼ ਮਾਰੂ ਤਾਂ ਮੈਂ ਦਰਵਾਜ਼ਾ ਖੋਲ੍ਹਣ ਤੋਂ ਨਾਂਹ ਨਹੀਂ ਕਰਨੀ।" ਪਾਦਰੀ ਨੇ ਜੁਆਬ ਦਿੱਤਾ।

ਪਾਦਰਾਣੀ ਨੇ ਉਹਦੀ ਵੱਲ ਬਹੁਤ ਗੁੱਸੇ ਨਾਲ ਦੇਖਿਆ ਅਤੇ ਬੈਠਕ ਦਾ ਦਰਵਾਜ਼ਾ ਖੋਲ੍ਹ ਕੇ ਡਿਉਢੀ ਦੇ ਦਰਵਾਜ਼ੇ ਉੱਤੇ ਬਾਹਰੋਂ ਤਾਲਾ ਲਾ ਦਿੱਤਾ ਅਤੇ ਬੈਠਕ ਦਾ ਦਰਵਾਜ਼ਾ ਅੰਦਰੋਂ ਬੰਦ ਕਰਕੇ ਕਹਿਣ ਲੱਗੀ:

"ਹੁਣ ਚੁੱਪਚਾਪ ਬੈਠਣਾ। ਇਹ ਉਦਾਂ ਹੀ ਗੰਦੇ ਲੋਕ ਆ, ਚਿੱਕੜ ਥਾਣੀ ਹੋ ਕੇ ਆਉਂਦੇ ਆ, ਆਪਣੇ ਨਾਲ ਪੰਜਾਹ ਬੀਮਾਰੀਆਂ ਵੀ ਲਿਆਉਂਦੇ ਹੋਣਗੇ।"

ਪਾਦਰੀ ਨੇ ਕੋਈ ਜੁਆਬ ਨਾ ਦਿੱਤਾ ਅਤੇ ਮੰਜਾ ਵਿਹੜੇ ਵਿੱਚ ਖੁਲ੍ਹਣ ਵਾਲੇ ਦਰਵਾਜ਼ੇ ਵੱਲ ਘੜੀਸ ਕੇ ਅੰਜੀਲ ਪੜ੍ਹਨ ਲੱਗਾ।

ਥੋੜ੍ਹੀ ਹੀ ਦੇਰ ਬਾਅਦ ਦਰਵਾਜ਼ੇ ਦੇ ਸਾਹਮਣੇ ਕਈ ਤੀਵੀਂਆਂ ਦੀ ਆਪਸ ਵਿੱਚ ਗੱਲਾਂ ਕਰਨ ਦੀਆਂ ਅਵਾਜ਼ਾਂ ਆਈਆਂ। ਤਾਲਾ ਦੇਖ ਕੇ ਉਹਨਾਂ ਸਾਰੀਆਂ ਦਾ ਜਿਵੇਂ ਸਾਹ ਰੁੱਕ ਗਿਆ ਸੀ। "ਹਾਇ ਹਾਇ ਇੱਥੇ ਤਾਂ ਤਾਲਾ ਲੱਗਾ ਹੋਇਆ। ਹੁਣ ਪਾਣੀ ਕਿੱਦਾਂ ਲਵਾਂਗੀਆਂ। ਮੈਂ ਤਾਂ ਘੜੇ ਵਿੱਚ ਜਿਹੜਾ ਥੋੜ੍ਹਾ ਬਹੁਤ ਪਾਣੀ ਸੀ ਉਹ ਵੀ ਡੋਲ੍ਹ ਆਈ ਆਂ।"

"ਇਹ ਗਏ ਕਿੱਥੇ?" ਇਕ ਤੀਵੀਂ ਨੇ ਤਾਲੇ ਵੱਲ ਦੇਖਦਿਆਂ ਕਿਹਾ।

"ਜਾਣਾ ਕਿੱਥੇ ਆ। ਪਾਦਰਾਣੀ ਦਾ ਦਿਮਾਗ ਤਾਂ ਸੱਤਵੇਂ ਅਸਮਾਨ 'ਤੇ ਚੜ੍ਹਿਆ ਰਹਿੰਦਾ। ਬਾਹਰੋਂ ਤਾਲਾ ਲਾ ਕੇ ਅੰਦਰ ਬੈਠੀ ਹੋਣੀ ਆ।"

ਇਹ ਗੱਲਾਂ ਸੁਣ ਕੇ ਪਾਦਰੀ ਹੋਰ ਵੀ ਜ਼ਿਆਦਾ ਧਿਆਨ ਨਾਲ ਅੰਜੀਲ ਪੜ੍ਹਨ ਲੱਗਾ। ਪਾਦਰਾਣੀ ਉਹਦੇ ਸਿਰ 'ਤੇ ਖੜ੍ਹੀ ਸੀ। ਕੁਝ ਦੇਰ ਬਾਅਦ ਤੀਵੀਂਆਂ ਨਿਰਾਸ਼ ਅਤੇ ਉਦਾਸ ਜਿਹੀਆਂ ਖਾਲੀ ਘੜੇ ਲੈ ਕੇ ਵਾਪਸ ਚਲੀਆਂ ਗਈਆਂ।

ਪਾਦਰੀ ਅਤੇ ਪਾਦਰਾਣੀ ਦੀ ਇਸ ਹਰਕਤ ਨਾਲ ਚਮਾਰਲ੍ਹੀ ਵਿੱਚ ਬਹੁਤ ਬੇਚੈਨੀ ਫੈਲ ਗਈ। ਲੋਕ ਆਪਣੀ ਬੇਵਸੀ 'ਤੇ ਗੁੱਸੇ ਹੋਏ ਉਹਨਾਂ ਨੂੰ ਜੀ ਭਰ ਕੇ ਗਾਲ੍ਹਾਂ ਕੱਢਦੇ ਰਹੇ ਅਤੇ ਜਦੋਂ ਮਨ ਕੁਝ ਸ਼ਾਂਤ ਹੋ ਗਿਆ ਤਾਂ ਉਹਨਾਂ ਦਾ ਧਿਆਨ ਫਿਰ ਇਸ ਸਵਾਲ ਵੱਲ ਗਿਆ ਕਿ ਪੀਣ ਦਾ ਪਾਣੀ ਕਿੱਥੋਂ ਲੈਣਗੇ। ਉਹਨਾਂ ਨੇ ਸੋਚਿਆ ਕਿ ਚੌਧਰੀਆਂ ਦੀ ਮਿਨਤ ਕਰਕੇ ਉਹਨਾਂ ਨੂੰ ਕਹਿਣ ਕਿ ਜਾਂ ਤਾਂ ਉਹ ਖੂਹ ਤੋਂ ਉਹਨਾਂ ਨੂੰ ਪਾਣੀ ਭਰਨ ਦੇਣ ਜਾਂ ਆਪਣੇ ਆਪ ਪਾਣੀ ਭਰ ਦੇਣ। ਇਹ ਮਸ਼ਵਰਾ ਕਈ ਤੀਵੀਂਆਂ ਨੇ ਦਿੱਤਾ ਪਰ ਚੌਧਰੀਆਂ ਨੂੰ ਇਸ ਤਰ੍ਹਾਂ ਕਹਿਣ ਦਾ ਹੀਆਂ ਕਿਸੇ ਦਾ ਨਹੀਂ ਸੀ ਪੈ ਰਿਹਾ।

ਬਹੁਤ ਸੋਚ ਵਿਚਾਰ ਤੋਂ ਬਾਅਦ ਉਹਨਾਂ ਨੇ ਫੈਸਲਾ ਕੀਤਾ ਕਿ ਪੰਡਿਤ ਸੰਤ ਰਾਮ ਦੀ ਮਿੰਨਤ ਕੀਤੀ ਜਾਵੇ। ਜ਼ੋਰ ਦੇ ਮੀਂਹ ਦੇ ਬਾਵਜੂਦ ਕਈ ਤੀਵੀਂਆਂ ਘੜੇ ਚੁੱਕ ਕੇ ਮੰਦਿਰ ਵੱਲ ਚਲੀਆਂ ਗਈਆਂ। ਮੰਦਿਰ ਦੀ ਚਾਰਦੀਵਾਰੀ ਬਹੁਤ ਉੱਚੀ ਸੀ। ਉਹਦੇ ਵਿੱਚ ਇਕ ਵੱਡਾ ਅਤੇ ਉੱਚਾ ਸਦਰ ਦਰਵਾਜ਼ਾ ਸੀ। ਸਾਹਮਣੇ ਦੀ ਕੰਧ ਦੇ ਪਿੱਛੇ ਇਕ ਹੋਰ ਕੰਧ ਸੀ। ਇਸ ਕੰਧ ਵਿੱਚ ਇਕ ਛੋਟਾ ਦਰਵਾਜ਼ਾ ਸੀ ਜਿਹੜਾ ਦੋ ਉੱਚੇ ਉੱਚੇ ਮੰਦਿਰਾਂ ਦੇ ਵਿਹੜੇ ਵਿੱਚ ਖੁਲ੍ਹਦਾ ਸੀ। ਮੰਦਿਰ ਦਾ ਥੜਾ ਵਿਹੜੇ ਦੇ ਮੁਕਾਬਲੇ ਬਹੁਤ ਉੱਚਾ ਸੀ।

ਮੰਦਿਰ ਦੀਆਂ ਦੋਵੇਂ ਕੰਧਾਂ ਦੇ ਵਿਚਕਾਰ ਕਾਫੀ ਖੁੱਲ੍ਹੀ ਥਾਂ ਸੀ ਜਿਸ ਵਿੱਚ ਖੱਬੇ ਪਾਸੇ ਕੰਧ ਦੇ ਕੋਲ ਖੂਹ ਸੀ। ਖੱਬੇ ਪਾਸੇ ਇਕ ਦਲਾਨ ਅਤੇ ਪਿੱਛੇ ਦੋ ਕੋਠੜੀਆਂ ਸਨ ਜੋ ਕਦੇ ਕਦੇ ਜੰਞ ਘਰ ਲਈ ਅਤੇ ਆਮ ਤੌਰ ਉੱਤੇ ਸੰਤ ਰਾਮ ਦੀਆਂ ਗਾਂਵਾਂ ਬੰਨਣ ਅਤੇ ਚਾਰਾ ਰੱਖਣ ਦੇ ਕੰਮ ਆਉਂਦੀਆਂ ਸਨ। ਉਹਦੇ ਨਾਲ ਹੀ ਖੱਬੇ ਪਾਸੇ ਵੱਲ ਸੰਤ ਰਾਮ ਦਾ ਘਰ ਸੀ। ਉਹ ਬਾਹਰਲੇ ਦਰਵਾਜ਼ੇ 'ਤੇ ਰੁਕ ਗਈਆਂ ਅਤੇ ਪੰਡਿਤ ਸੰਤ ਰਾਮ ਨੂੰ ਅਵਾਜ਼ਾਂ ਮਾਰੀਆਂ ਤਾਂ ਉਹ ਬਾਹਰ ਆ ਗਿਆ। ਮੰਦਿਰ ਦੇ ਦਰਵਾਜੇ 'ਤੇ ਭੀੜ ਦੇਖ ਕੇ ਉਹਨੇ ਆਪਣਾ ਜਨੇਊ ਕੰਨ ਉੱਤੇ ਲਪੇਟ ਲਿਆ ਅਤੇ ਰੁੱਖੇਪਣ ਨਾਲ ਬੋਲਿਆ:

"ਇੱਥੇ ਕਿਉਂ ਆਈਆਂ?"

"ਪੰਡਿਤ ਜੀ ਸਾਡਾ ਖੂਹ ਪਾਣੀ 'ਚ ਡੁੱਬ ਗਿਆ ਹੈ। ਸਾਡੇ ਕੋਲ ਪੀਣ ਲਈ ਪਾਣੀ ਦੀ ਇਕ ਤਿਪ ਨਹੀਂ।" ਇਕ ਬਜ਼ੁਰਗ ਤੀਵੀਂ ਨੇ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ।

"ਤਾਂ ਤੁਸੀਂ ਮੰਦਿਰ ਦੇ ਖੂਹ 'ਤੇ ਚੜ੍ਹਨਾ ਚਾਹੁੰਦੀਆਂ?" ਪੰਡਿਤ ਸੰਤ ਰਾਮ ਨੇ ਬਹੁਤ ਤਲਖ ਲਹਿਜੇ ਵਿੱਚ ਪੁੱਛਿਆ।

"ਨਹੀਂ ਪੰਡਿਤ ਜੀ।" ਉਸ ਤੀਵੀਂ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ।

"ਤੁਸੀਂ ਪ੍ਰਕਾਸ਼ ਝੀਰ ਨੂੰ ਕਹਿ ਦਿਓ ਕਿ ਉਹ ਖੂਹ ਵਿੱਚੋਂ ਪਾਣੀ ਖਿੱਚ ਕੇ ਸਾਡੇ ਘੜੇ ਭਰ ਦੇਵੇ।"

"ਉਹ ਤੁਹਾਡੇ ਪੇ ਦਾ ਨੌਕਰ ਲੱਗਾ ਹੋਇਆ? ਜਾਂ ਉਹ ਤੁਹਾਡਾ ਸੇਪੀ ਆ?"

"ਪੰਡਿਤ ਜੀ ਤਾਂ ਤੁਸੀਂ ਭਰ ਦਿਓ।" ਪ੍ਰਸਿੰਨੀ ਨੇ ਕਿਹਾ।

"ਮੈਂ ਤੁਹਾਡਾ ਪਾਣੀ ਭਰਾਂ?" ਪੰਡਿਤ ਸੰਤ ਰਾਮ ਗੁੱਸੇ ਵਿੱਚ ਲਾਲ-ਪੀਲਾ ਹੋ ਗਿਆ ਅਤੇ ਡੰਡਾ ਚੁੱਕ ਕੇ ਉਹਨਾਂ ਦੇ ਪਿੱਛੇ ਦੌੜਿਆ।

ਤੀਵੀਂਆਂ ਡਰ ਮਾਰੇ ਦੌੜ ਪਈਆਂ। ਇਸ ਭਗਦੜ ਵਿੱਚ ਕਈ ਹੇਠਾਂ ਡਿੱਗ ਪਈਆਂ ਅਤੇ ਉਹਨਾਂ ਦੇ ਕੱਚੇ ਘੜੇ ਟੁੱਟ ਗਏ। ਪੰਡਿਤ ਸੰਤ ਰਾਮ ਗਾਲ੍ਹਾਂ ਕੱਢਦਾ ਚਮਾਰਲੀ ਵੱਲ ਮੁੜਦੇ ਰਾਹ ਤੱਕ ਉਹਨਾਂ ਦੇ ਪਿੱਛੇ ਆਇਆ।

ਆਪਣੇ ਮੁਹੱਲੇ ਦੇ ਨੇੜੇ ਪਹੁੰਚ ਕੇ ਉਹਨਾਂ ਨੇ ਸਾਹ ਲਿਆ। ਉਹਨਾਂ ਦੇ ਸਾਹ ਏਨੇ ਫੁੱਲੇ ਹੋਏ ਸਨ ਕਿ ਉਹਨਾਂ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ। ਗੁੱਸੇ ਅਤੇ ਬੇਵਸੀ ਨਾਲ ਕਈ ਤੀਵੀਂਆਂ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲ ਆਏ। ਉਹਨਾਂ ਨੇ ਆਪਣੇ ਹੀ ਪਰਨਾਲਿਆਂ ਤੋਂ ਘੜੇ ਭਰੇ ਅਤੇ ਘਰ ਚਲੀਆਂ ਗਈਆਂ।

ਦੁਪਹਿਰ ਤੱਕ ਚੋਅ ਵਿੱਚ ਪਾਣੀ ਹੋਰ ਵੀ ਚੜ੍ਹ ਗਿਆ। ਪਿੰਡ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਵੱਡੇ ਰਾਹ ਉੱਤੇ ਪਾਣੀ ਸਕੂਲ ਤੱਕ ਜਾ ਪਹੁੰਚਿਆ। ਤਕੀਆ ਚੋਅ ਦਾ ਇਕ ਹਿੱਸਾ ਬਣ ਗਿਆ ਅਤੇ ਉੱਥੇ ਵੀ ਪਾਣੀ ਦੀਆਂ ਲਹਿਰਾਂ ਉੱਠਣ ਲੱਗੀਆਂ। ਤਕੀਏ ਦੇ ਕੋਠੇ ਦੀ ਛੱਤ ਪਹਿਲਾਂ ਹੀ ਢੱਠ ਚੁੱਕੀ ਸੀ। ਚੋਅ ਨੇ ਹੁਣ ਇਕ ਕੰਧ ਵੀ ਢਾਹ ਦਿੱਤੀ। ਵਗਦੇ ਪਾਣੀ ਦਾ ਸ਼ੋਰ ਪਿੰਡ ਦੇ ਦੂਸਰੇ ਸਿਰੇ 'ਤੇ ਵੀ ਸੁਣਾਈ ਦੇ ਰਿਹਾ ਸੀ।

ਦਿਨ ਢਲੇ ਸਾਰਾ ਪਿੰਡ ਫਿਰ ਚੋਅ ਦੇ ਕੰਢੇ 'ਤੇ ਜਮ੍ਹਾਂ ਸੀ। ਪਾਣੀ ਵਿੱਚ ਲੱਕੜ ਦਾ ਇਕ ਸੁਹਾਗਾ, ਕਈ ਰੱਸੇ, ਮਿੱਟੀ ਦਾ ਘੜਾ ਅਤੇ ਇਕ ਪੰਜਾਲੀ ਰੁੜਦੇ ਜਾ ਰਹੇ ਸਨ।

ਚੌਧਰੀ ਮੁਨਸ਼ੀ ਇਹਨਾਂ ਚੀਜ਼ਾਂ ਨੂੰ ਬਹੁਤ ਧਿਆਨ ਨਾਲ ਦੇਖ ਕੇ ਬੋਲਿਆ:

"ਕਿਸੇ ਦੀ ਹਵੇਲੀ ਚੋਅ-ਬੁਰਦ ਹੋ ਗਈ ਹੈ।"

ਲਾਲੂ ਭਲਵਾਨ ਨੇ ਚਿੰਤਾ ਭਰੀ 'ਹੂੰ' 'ਚ ਜੁਆਬ ਦਿੱਤਾ ਅਤੇ ਬੁਝੀ ਹੋਈ ਅਵਾਜ਼ ਵਿੱਚ ਬੋਲਿਆ:

"ਜੇ ਪਾਣੀ ਇਸ ਤਰ੍ਹਾਂ ਚੜ੍ਹਦਾ ਰਿਹਾ ਤਾਂ ਪਿੰਡ ਦਾ ਕੀ ਬਣੂ?"

ਇਹਦਾ ਜੁਆਬ ਸਾਰਿਆਂ ਨੂੰ ਪਤਾ ਸੀ ਪਰ ਕੋਈ ਵੀ ਹੋਠਾਂ 'ਤੇ ਨਹੀਂ ਲਿਆਉਣਾ ਚਾਹੁੰਦਾ ਸੀ। "ਖਵਾਜਾ ਪੀਰ ਦੀ ਬਲੀ ਦੇਣ ਨਾਲ ਸ਼ਾਇਦ ਪਾਣੀ ਰੁਕ ਜਾਵੇ" ਲਾਲੂ ਭਲਵਾਨ ਨੇ ਸੁਝਾਅ ਦਿੱਤਾ।

ਚੌਧਰੀ ਮੁਨਸ਼ੀ, ਬੇਲਾ ਸਿੰਘ ਅਤੇ ਉੱਥੇ ਖੜ੍ਹੇ ਸਾਰੇ ਲੋਕਾਂ ਨੇ ਇਸ ਸੁਝਾਅ ਦੀ ਪੁਸ਼ਟੀ ਕਰ ਦਿੱਤੀ। ਫਿਰ ਸਵਾਲ ਪੈਦਾ ਹੋਇਆ ਕਿ ਬੱਕਰਾ ਕਿਹਤੋਂ ਲਿਆ ਜਾਵੇ। ਕਈ ਲੋਕਾਂ ਨੇ ਸੁਝਾਅ ਦਿੱਤਾ ਕਿ ਹਰ ਘਰ ਤੋਂ ਚੰਦਾ ਇਕੱਠਾ ਕਰ ਕੇ ਬੱਕਰਾ ਖ੍ਰੀਦ ਲਿਆ ਜਾਵੇ।

"ਪਰ ਇਸ ਨਾਲ ਫਿਰ ਬਖੇੜੇ ਖੜੇ ਹੋਣਗੇ ਕਿ ਚੰਦਾ ਜ਼ਮੀਨ ਦੀ ਢੇਰੀ ਦੇ ਮੁਤਾਬਕ ਹੋਵੇ ਜਾਂ ਆਦਮੀਆਂ ਦੀ ਗਿਣਤੀ ਮੁਤਾਬਕ।" ਲਾਲੂ ਭਲਵਾਨ ਨੇ ਕਿਹਾ।

"ਇਹ ਗੱਲ ਵੀ ਸਹੀ ਆ।" ਚੌਧਰੀ ਮੁਨਸ਼ੀ ਨੇ ਕਿਹਾ।

ਬੇਲਾ ਸਿੰਘ ਕੋਲ ਦੋ ਬੱਕਰੀਆਂ ਸਨ। ਉਹ ਇਕ ਕਦਮ ਅੱਗੇ ਵੱਧ ਕੇ ਬੋਲਿਆ:

"ਜੇ ਮੇਰੀ ਗੱਲ ਮੰਨੋ ਤਾਂ ਮੈਂ ਇਕ ਬੱਕਰੀ ਦੇ ਦਿੰਦਾ।"

"ਤੂੰ ਇਕੱਲਾ ਕਿਉਂ ਦੇਵੇਂ। ਚੋਅ ਨਾਲ ਨੁਕਸਾਨ ਸਿਰਫ ਤੇਰਾ ਨਹੀਂ ਹੋਣਾ। ਤੇਰਾ ਘਰ ਤਾਂ ਉੱਚੀ ਜਗਹ ਉੱਤੇ ਆ। ਨੁਕਸਾਨ ਸਾਰੇ ਪਿੰਡ ਦਾ ਹੋਊਗਾ।"

"ਮੈਂ ਵੀ ਪਿੰਡ 'ਚ ਹੀ ਰਹਿੰਦਾ।" ਬੇਲਾ ਸਿੰਘ ਨੇ ਤਿੱਖੀ ਅਵਾਜ਼ ਵਿੱਚ ਕਿਹਾ। ਬੇਲਾ ਸਿੰਘ ਦੇ ਜ਼ੋਰ ਪਾਉਣ 'ਤੇ ਉਹਦੀ ਗੱਲ ਮੰਨ ਲਈ ਗਈ।

ਬਲੀ ਦੀ ਤਿਆਰੀ ਸ਼ੁਰੂ ਹੋ ਗਈ। ਬੇਲਾ ਸਿੰਘ ਦਾ ਮੁੰਡਾ ਪਾਲਾ ਬੱਕਰੀ ਖੋਲ੍ਹ ਲਿਆਇਆ। ਉਹਦੇ ਮੱਥੇ 'ਤੇ ਸੰਧੂਰ ਦਾ ਟਿੱਕਾ ਲਾਇਆ ਗਿਆ। ਦਿਲਸੁੱਖ ਆਪਣੀ ਕਿਰਪਾਨ ਚੁੱਕ ਲਿਆਇਆ। ਹੁਣ ਸਵਾਲ ਖੜ੍ਹਾ ਹੋ ਗਿਆ ਕਿ ਬੱਕਰੀ ਨੂੰ ਚੋਅ ਦੀ ਧਾਰ ਵਿੱਚ ਕਿਵੇਂ ਸੁੱਟਿਆ ਜਾਵੇ। ਬਹੁਤ ਸੋਚ ਵਿਚਾਰ ਦੇ ਬਾਅਦ ਉਹ ਇਸ ਫੈਸਲੇ 'ਤੇ ਪਹੁੰਚੇ ਕਿ ਗੁੜ ਕੱਢਣ ਵਾਲਾ ਵੱਡਾ ਕੜਾਹਾ ਲਿਆਂਦਾ ਜਾਵੇ ਅਤੇ ਉਹਦੇ ਦੋਨੋਂ ਕੁੰਡਿਆਂ ਨਾਲ ਰੱਸੇ ਬੰਨ ਕੇ ਉਸ ਵਿੱਚ ਇਕ ਆਦਮੀ ਬੈਠ ਜਾਵੇ। ਕੜਾਹੇ ਨੂੰ ਚੋਅ ਵਿੱਚ ਰੇੜ ਦਿੱਤਾ ਜਾਵੇ। ਲਾਲੂ ਭਲਵਾਨ ਹਵੇਲੀ ਵਿੱਚੋਂ ਕੜਾਹਾ ਅਤੇ ਰੱਸੇ ਲੈ ਆਇਆ।

ਸਾਰੀ ਤਿਆਰੀ ਹੋ ਗਈ ਤਾਂ ਉਹ ਬੱਕਰੀ ਨੂੰ ਇਕ ਪਾਸੇ ਲੈ ਗਏ। ਬੱਕਰੀ ਬਹੁਤ ਡਰਾਉਣੀ ਅਵਾਜ਼ ਵਿੱਚ ਮਿਆਂਕਣ ਲੱਗੀ। ਲਾਲੂ ਭਲਵਾਨ ਨੇ ਹੱਥ ਜੋੜ, ਅੱਖਾਂ ਮੀਟ ਅਤੇ ਅਸਮਾਨ ਵੱਲ ਮੂੰਹ ਕਰਦਿਆਂ ਖਵਾਜ਼ਾ ਪੀਰ ਤੋਂ ਮੰਨਤ ਮੰਗੀ ਕਿ ਉਹ ਉਹਨਾਂ ਦੀ ਭੁੱਲ-ਚੁੱਕ ਬਖਸ਼ ਦੇਵੇ ਅਤੇ ਆਪਣੇ ਕਹਿਰ ਅਤੇ ਗੁੱਸੇ ਨੂੰ ਰੋਕ ਦੇਵੇ। ਬਾਅਦ ਵਿੱਚ ਉਹਨੇ ਦਿਲਸੁੱਖ ਨੂੰ ਇਸ਼ਾਰਾ ਕੀਤਾ। ਬੇਲਾ ਸਿੰਘ ਦੇ ਮੁੰਡੇ ਨੇ ਬੱਕਰੀ ਦੇ ਗੱਲ ਵਿੱਚ ਪਾਈ ਰੱਸੀ ਫੜੀ ਹੋਈ ਸੀ ਅਤੇ ਚੋਧਰੀ ਮੁਨਸ਼ੀ ਉਹਦੀਆਂ ਲੱਤਾਂ ਫੜੀ ਬੈਠਾ ਸੀ। ਦਿਲਸੁੱਖ ਨੇ ਬੱਕਰੀ ਦੀ ਗਰਦਨ ਦਾ ਨਿਸ਼ਾਨਾ ਸੇਧ ਕੇ ਕਿਰਪਾਨ ਚਲਾਈ ਪਰ ਉਹਦਾ ਸਿਰ ਧੜ ਤੋਂ ਵੱਖ ਨਾ ਹੋਇਆ ਸਗੋਂ ਲਟਕ ਗਿਆ।

"ਹਟ ਜਾ ਪਰ੍ਹੇ, ਮਾਂ ਨੇ ਤੈਨੂੰ ਵੀ ਪੁੱਤ ਜੰਮਿਆ ਸੀ।" ਬੇਲਾ ਸਿੰਘ ਨੇ ਉਹਦੇ ਹੱਥੋਂ ਕਿਰਪਾਨ ਲੈਂਦਿਆਂ ਕਿਹਾ ਅਤੇ ਇਕ ਵਾਰ ਨਾਲ ਬੱਕਰੀ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ।

"ਅਸਲ 'ਚ ਬੱਕਰੀ ਹਿੱਲ ਗਈ ਸੀ।" ਦਿਲਸੁੱਖ ਨੇ ਖਸਿਆਨੀ ਹਾਸੀ ਹੱਸਦਿਆਂ ਕਿਹਾ।

ਤੜਫਦੀ ਬੱਕਰੀ ਨੂੰ ਬੋਰੀ ਵਿੱਚ ਪਾ ਕੇ ਕੜਾਹੇ ਵਿੱਚ ਰੱਖ ਦਿੱਤਾ ਗਿਆ। ਦਿਲਸੁੱਖ ਬੋਲਿਆ:

"ਮੈਂ ਜਾਂਦਾਂ।"

"ਰਹਿਣ ਦੇ। ਬੱਕਰੀ ਸਿੱਟਦਿਆਂ ਸਿੱਟਦਿਆਂ ਕਿਤੇ ਆਪ ਵੀ ਨਾ ਡਿਗ ਪਈਂ।"

ਬੇਲਾ ਸਿੰਘ ਆਪਣੇ ਮੁੰਡੇ ਨੂੰ ਸੰਬੋਧਿਤ ਹੁੰਦਾ ਬੋਲਿਆ:

"ਚੱਲ ਪੁੱਤ ਤੂੰ ਸਿੱਟ ਆ। ਨਾਲ ਬੱਗੇ ਨੂੰ ਲੈ ਲਾ। ਦੋ ਜਣੇ ਹੋਣ ਨਾਲ ਕੜਾਹਾ ਡੋਲੂਗਾ ਨਹੀਂ।"

ਬੱਗਾ ਅਤੇ ਪਾਲਾ* ਕੜਾਹੇ ਵੱਲ ਵਧੇ ਤਾਂ ਦੋਨੋਂ ਇਕ ਦੂਸਰੇ ਵੱਲ ਦੇਖ ਕੇ ਮੁਸਕਰਾ ਪਏ। ਪਿਛਲੇ ਦਿਨੀਂ ਲੜਾਈ ਕਾਰਨ ਦੋਨਾਂ ਵਿੱਚ ਬੋਲ-ਚਾਲ ਬੰਦ ਸੀ।

ਕਈ ਲੋਕਾਂ ਨੇ ਰਲ ਕੇ ਕੜਾਹਾ ਪਾਣੀ ਵਿੱਚ ਲਾਹ ਦਿੱਤਾ। ਇਕ ਰੱਸਾ ਦਿਲਸੁੱਖ ਅਤੇ ਬੇਲਾ ਸਿੰਘ ਨੇ ਫੜ ਲਿਆ ਅਤੇ ਦੂਜਾ ਰੱਸਾ ਲਾਲੂ ਭਲਵਾਨ ਅਤੇ ਚੌਧਰੀ ਮੁਨਸ਼ੀ ਨੇ ਫੜ ਲਿਆ। ਉਹ ਹੌਲੀ ਹੌਲੀ ਰੱਸਾ ਛੱਡ ਰਹੇ ਸਨ ਅਤੇ ਬੱਗਾ ਅਤੇ ਪਾਲਾ ਲਾਠੀਆਂ ਨਾਲ ਚੋਅ ਵਿੱਚ ਪਾਣੀ ਦੀ ਡੂੰਘਾਈ ਨਾਪਦੇ ਕੜਾਹੇ ਨੂੰ ਚੋਅ ਦੇ ਪਾਟ ਵੱਲ ਲਿਜਾਣ ਲੱਗੇ। ਜਦੋਂ ਉਹ ਪਾਟ ਦੇ ਨੇੜੇ ਪਹੁੰਚੇ ਤਾਂ ਉਸ ਵਿੱਚ ਊਂ ਊਂ ਅਤੇ ਛਰਰ-ਛਰਰ ਦੀਆਂ ਅਵਾਜ਼ਾਂ ਪੈਦਾ ਕਰਦੀ ਹੋਈ ਇਕ ਲਹਿਰ ਉੱਠੀ ਅਤੇ ਕੜਾਹਾ ਡੋਲਣ ਲੱਗਾ। ਇਹ ਦੇਖ ਕੇ ਦੋਨਾਂ ਦੇ ਦਿਲ ਦਹਿਲ ਗਏ। ਉੱਥੇ ਪਾਣੀ ਕਾਫੀ ਡੂੰਘਾ ਸੀ ਕਿਉਂਕਿ ਦੋਨਾਂ ਦੀਆਂ ਲਾਠੀਆਂ ਮੋਢਿਆਂ ਦੇ ਬਰਾਬਰ ਉੱਚੀਆਂ ਰਹਿ ਗਈਆਂ ਸਨ। ਲਾਲੂ ਭਲਵਾਨ ਨੇ ਰੱਸਾ ਖਿੱਚ ਲਿਆ ਅਤੇ ਉਹਨਾਂ ਨੂੰ ਅਵਾਜ਼ ਦੇ ਕੇ ਬੋਲਿਆ:

"ਅੱਗੇ ਨਾ ਜਾਉ, ਬੋਰੀ ਦਾ ਮੂੰਹ ਖੋਲ੍ਹ ਕੇ ਪਹਿਲਾਂ ਬੱਕਰੀ ਦਾ ਸਿਰ ਅਤੇ ਬਾਅਦ ਵਿੱਚ ਧੜ ਪਾਣੀ ਵਿੱਚ ਸੁੱਟ ਦਿਉ।"

ਬੱਗਾ ਕੜਾਹੇ ਵਿੱਚ ਬੈਠ ਕੇ ਆਪਣੀ ਲਾਠੀ ਨੂੰ ਚੋਅ ਦੀ ਤਹਿ ਵਿੱਚ ਦੱਬ ਕੇ ਕੜਾਹੇ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕਰਨ ਲੱਗਾ। ਪਾਲੇ ਨੇ ਜਲਦੀ ਜਲਦੀ ਬੋਰੀ ਦਾ ਮੂੰਹ ਖੋਲ੍ਹ ਕੇ ਪਹਿਲਾਂ ਬੱਕਰੀ ਦਾ ਸਿਰ ਅਤੇ ਬਾਅਦ ਵਿੱਚ ਧੜ ਪਾਣੀ ਵਿੱਚ ਸੁੱਟ ਦਿੱਤਾ। ਉਹਨੇ ਇਸ ਕਾਰਜ ਵਿੱਚ ਆਪਣਾ ਸੰਤੁਲਨ ਗਵਾ ਦਿੱਤਾ ਅਤੇ ਡਾਂਵਾਂਡੋਲ ਹੋ ਗਿਆ। ਕੰਢੇ ਉੱਤੇ ਖੜ੍ਹੇ ਲੋਕਾਂ ਨੇ ਡਰ ਨਾਲ "ਸੰਭਲੀਂ ਸੰਭਲੀਂ" ਦੀਆਂ ਅਵਾਜ਼ਾਂ ਮਾਰੀਆਂ ਅਤੇ ਬੱਗੇ ਨੇ ਆਪਣੀ ਲਾਠੀ ਪਾਣੀ ਵਿੱਚ ਹੀ ਸੁੱਟ ਦਿੱਤੀ ਅਤੇ ਪਾਲੇ ਨੂੰ ਮਜ਼ਬੂਤੀ ਨਾਲ ਆਪਣੀਆਂ ਬਾਹਾਂ 'ਚ ਲੈ ਲਿਆ। ਕੜਾਹਾ ਬੁਰੀ ਤਰ੍ਹਾਂ ਡੋਲ ਰਿਹਾ ਸੀ। ਕੰਢੇ ਉੱਤੇ ਖੜੇ ਲੋਕਾਂ ਨੇ ਉਹਨੂੰ ਬਹੁਤ ਤੇਜ਼ੀ ਨਾਲ ਆਪਣੀ ਵੱਲ ਖਿੱਚ ਲਿਆ।

ਲੋਕਾਂ ਨੂੰ ਯਕੀਨ ਸੀ ਕਿ ਬਲੀ ਦੇਣ ਬਾਅਦ ਚੋਅ ਦਾ ਪਾਣੀ ਉੱਤਰ ਜਾਏਗਾ। ਸ਼ਾਮ ਤੱਕ ਚੋਅ ਦੇ ਕੰਢੇ ਲੋਕਾਂ ਦੀ ਭੀੜ ਇਸ ਉਮੀਦ ਨਾਲ ਖੜ੍ਹੀ ਰਹੀ ਕਿ ਸ਼ਾਇਦ ਪਾਣੀ ਉੱਤਰਨਾ ਸ਼ੁਰੂ ਹੋ ਜਾਵੇ ਅਤੇ ਉਹ ਇਹ ਦੇਖ ਕੇ ਹੀ ਜਾਣ। ਪਰ ਦਿਨ ਢਲੇ ਤਕੀਏ ਵਿੱਚਲਾ ਟਾਹਲੀ ਦਾ ਦਰੱਖਤ ਪਾਣੀ ਦੇ ਵਹਾ ਦੀ ਮਾਰ ਨਾ ਸਹਾਰਦਾ ਹੋਇਆ ਧੜਾਮ ਦੇਣੀ ਡਿੱਗ ਪਿਆ ਤਾਂ ਲੋਕਾਂ ਦੇ ਦਿਲ ਦਹਿਲ ਗਏ।

ਦਰੱਖਤ ਡਿੱਗਣ ਨਾਲ ਹੜ ਦਾ ਰੁਖ ਚਮਾਰਲੀ ਵੱਲ ਬਦਲ ਗਿਆ। ਕੁਝ ਹੀ ਸਮੇਂ ਬਾਅਦ ਪਾਣੀ ਉਸ ਪਾਸੇ ਵੱਲ ਜ਼ਮੀਨ ਕੱਟਣ ਲੱਗਾ। ਹੌਲੀ ਹੌਲੀ ਹੜ ਨੇ ਪਾਟ ਬਣਾਉਣਾ ਸ਼ੁਰੂ ਕਰ ਦਿੱਤਾ। ਮਿੱਟੀ ਦੇ ਢੇਲੇ ਧੜਾਮ ਦੀ ਅਵਾਜ਼ ਕਰਦੇ ਡਿੱਗਦੇ ਅਤੇ ਛੋਟੇ-ਵੱਡੇ ਕਈ ਭੰਵਰ ਉੱਠਦੇ ਜਿਵੇਂ ਪਾਣੀ ਨੇ ਮਿੱਟੀ ਦੇ ਢੇਲਿਆਂ ਨੂੰ ਪਚਾ ਲਿਆ ਹੋਵੇ।

ਲੋਕਾਂ ਦੇ ਦੇਖਦਿਆਂ ਦੇਖਦਿਆਂ ਪਾਟ ਇੰਚ ਇੰਚ ਕਰਕੇ ਚਮਾਰਲ੍ਹੀ ਵੱਲ ਨੂੰ ਵਧਦਾ ਗਿਆ। ਕੁਛ ਹੀ ਘੰਟਿਆਂ ਵਿੱਚ ਪਾਣੀ ਦੀਆਂ ਲਹਿਰਾਂ ਵਿੱਚੋਂ ਉਡਣ ਵਾਲੇ ਛਿੱਟੇ ਬਾਬੇ ਫੱਤੂ ਦੇ ਕੋਠੇ ਦੇ ਪਿਛਲੀ ਕੰਧ ਉੱਤੇ ਡਿਗਣ ਲੱਗੇ। ਪਿੰਡ ਦੇ ਲੋਕ, ਖਾਸ ਕਰਕੇ ਚਮਾਰਲੀ ਦੇ ਵਾਸੀ, ਹੜ ਦੇ ਗੁੱਸੇ ਨੂੰ ਸਹਿਮੀਆਂ ਹੋਈਆਂ ਨਜ਼ਰਾਂ ਨਾਲ ਦੇਖ ਰਹੇ ਸਨ।

ਪਾਟ ਵਿੱਚ ਪਾਣੀ ਦੇ ਘੁੰਮਣਘੇਰ ਦੇਖ ਕੇ ਚੌਧਰੀ ਮੁਨਸ਼ੀ ਬੋਲਿਆ:

"ਜੇ ਚੋਅ ਇਸ ਤਰ੍ਹਾਂ ਮਿੱਟੀ ਪਾੜਦਾ ਰਿਹਾ ਤਾਂ ਰਾਤ ਤੱਕ ਅੱਧੀ ਚਮਾਰਲੀ ਖਾ ਜਾਊਗਾ।"

"ਹਾਂ ਜੇ ਚਮਾਰਲੀ ਪਾਣੀ 'ਚ ਰੁੜ ਗਈ ਤਾਂ ਬਾਕੀ ਦਾ ਪਿੰਡ ਵੀ ਨਹੀਂ ਬਚੂਗਾ।"

ਲੋਕ ਹੜ ਨਾਲ ਹੋ ਰਹੇ ਨੁਕਸਾਨ 'ਤੇ ਟਿੱਪਣੀ ਕਰ ਰਹੇ ਸਨ ਕਿ ਜ਼ਮੀਨ ਦਾ ਇਕ ਬਹੁਤ ਵੱਡਾ ਟੋਟਾ ਧਮਾਕੇ ਨਾਲ ਪਾਣੀ ਵਿੱਚ ਡਿੱਗਾ ਅਤੇ ਛਿੱਟੇ ਕੁਛ ਦੂਰ ਖੜ੍ਹੇ ਲੋਕਾਂ ਦੇ ਪੈਰਾਂ ਵਿੱਚ ਆ ਡਿੱਗੇ ਅਤੇ ਪਾਟ ਬਾਬੇ ਫੱਤੂ ਦੀ ਕੰਧ ਦੇ ਬਹੁਤ ਨੇੜੇ ਪਹੁੰਚ ਗਿਆ। ਬਾਬਾ ਫੱਤੂ ਇਹ ਦੇਖ ਕੇ ਘਬਰਾ ਗਿਆ ਅਤੇ ਉੱਥੇ ਖੜ੍ਹੇ ਚੌਧਰੀਆਂ ਦੇ ਸਾਹਮਣੇ ਹੱਥ ਜੋੜਦਾ ਹੋਇਆ ਬੋਲਿਆ:

"ਮੇਰੇ ਮਾਈ ਬਾਪ, ਮੈਂ ਮਰ ਗਿਆ। ਮੇਰਾ ਕੋਠਾ ਨਹੀਂ ਬਚਣਾ। ਮੇਰੇ ਕੋਠੇ ਨੂੰ ਬਚਾਉ।"

ਚੌਧਰੀਆਂ ਵੱਲੋਂ ਕੋਈ ਹੁੰਗਾਰਾ ਨਾ ਮਿਲਣ 'ਤੇ ਬਾਬਾ ਫੱਤੂ ਨਿਰਾਸ਼-ਜਿਹਾ ਪਾਟ ਵੱਲ ਦੇਖਣ ਲੱਗਾ ਜਿੱਥੇ ਚੋਅ ਦੀਆਂ ਲਹਿਰਾਂ ਇਕ ਨੌਜਵਾਨ ਭਲਵਾਨ ਦੀ ਤਰ੍ਹਾਂ ਛਾਤੀ ਦੇ ਜ਼ੋਰ ਨਾਲ ਉਹਦੀ ਕੰਧ ਨੂੰ ਲਲਕਾਰ ਰਹੀਆਂ ਸਨ। ਉਹ ਚੌਧਰੀਆਂ ਅੱਗੇ ਫਿਰ ਗਿੜਗਿੜਾਉਣ ਲੱਗਾ:

"ਚੌਧਰੀਓ, ਜਿੱਦਾਂ ਵੀ ਹੋ ਸਕੇ ਮੇਰਾ ਕੋਠਾ ਬਚਾਉ। ਮੇਰਾ ਕੋਠਾ ਡਿੱਗ ਪਿਆ ਤਾਂ ਮੈਤੋਂ ਦੁਬਾਰਾ ਨਹੀਂ ਬਣਨਾ ਅਤੇ ਮੇਰੇ ਕੋਲ ਸਿਰ ਲੁਕੋਣ ਨੂੰ ਵੀ ਜਗ੍ਹਾ ਨਹੀਂ ਰਹਿਣੀ।"

ਬਾਬੇ ਫੱਤੂ ਦਾ ਇਸਰਾਰ ਵਧਦਾ ਗਿਆ ਤਾਂ ਚੌਧਰੀ ਮੁਨਸ਼ੀ ਥੋੜ੍ਹੀ ਜਿਹੀ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਸਾਨੂੰ ਤਾਂ ਕੋਈ ਰਾਹ ਨਹੀਂ ਦਿਸਦਾ। ਤੂੰ ਕਹੇਂ ਤਾਂ ਹੜ ਅੱਗੇ ਬਾਂਹ ਦੇ ਦਿੰਦੇ ਹਾਂ।"

ਬਾਬਾ ਫੱਤੂ ਨਿਰਾਸ਼ ਹੋ ਕੇ ਬੁੜਬੁੜਾਉਂਦਾ ਹੋਇਆ ਪਿੱਛੇ ਹੱਟ ਗਿਆ। ਚੌਧਰੀ ਉਹਦੀ ਜ਼ਿੱਦ ਉੱਤੇ ਨੁਕਤਾਚੀਨੀ ਕਰਨ ਲੱਗੇ। ਚੌਧਰੀ ਮੁਨਸ਼ੀ ਉਹਦੇ ਕੋਠੇ ਵੱਲ ਦੇਖਦਾ ਹੋਇਆ ਬੋਲਿਆ:

"ਰੌਲਾ ਤਾਂ ਏਦਾਂ ਪਾਉਂਦਾ ਸੀ ਜਿੱਦਾਂ ਉਹਦਾ ਸੋਨੇ ਦਾ ਮਹਿਲ ਢਹਿ..."

ਅਜੇ ਉਹਨੇ ਆਪਣਾ ਵਾਕ ਵੀ ਪੂਰਾ ਨਹੀਂ ਸੀ ਕੀਤਾ ਕਿ ਤਕੀਏ ਵਿੱਚ ਟਾਹਲੀ ਦਾ ਇਕ ਹੋਰ ਦਰੱਖਤ ਤੜਾਕ ਤੜਾਕ ਦੀ ਅਵਾਜ਼ ਕਰਦਾ ਝੁਕਿਆ ਅਤੇ ਫਿਰ ਧੜਾਮ ਦੇਣੀ ਚੋਅ ਦੇ ਵਿੱਚ ਆ ਡਿੱਗਿਆ। ਹੜ ਦੇ ਵਹਾ ਵਿੱਚ ਉਹ ਖਿਸਕ ਖਿਸਕ ਕੇ ਦੂਸਰੇ ਦਰੱਖਤ ਦੇ ਨਾਲ ਆ ਲੱਗਿਆ। ਹੜ ਦਾ ਜ਼ੋਰ ਚਮਾਰਲ੍ਹੀ ਵੱਲ ਘੱਟ ਗਿਆ ਅਤੇ ਪਾਣੀ ਛੜੱਪੇ ਮਾਰਦਾ ਵੱਡੇ ਰਾਹ ਵਿੱਚ ਵਗਣ ਲੱਗਾ ਅਤੇ ਸਕੂਲ ਦੇ ਅੱਗਿਓਂ ਚੌਧਰੀ ਹਰਨਾਮ ਸਿੰਘ ਦੀ ਹਵੇਲੀ ਦੇ ਸਾਹਮਣਿਉਂ ਹੁੰਦਾ ਹੋਇਆ ਚੌਧਰੀਆਂ ਦੀਆਂ ਹਵੇਲੀਆਂ ਅਤੇ ਲਾਗਲੇ ਖੇਤਾਂ ਵਿੱਚ ਫੈਲਣ ਲੱਗਾ।

ਲੋਕਾਂ ਦੀ ਭੀੜ ਚਮਾਰਲੀ ਤੋਂ ਹੱਟ ਕੇ ਵੱਡੇ ਰਾਹ ਉੱਤੇ ਇਕੱਠੀ ਹੋ ਗਈ। ਪਾਣੀ ਦੀਆਂ ਲਹਿਰਾਂ ਅਤੇ ਛੋਟੇ ਛੋਟੇ ਭੰਵਰ ਦੇਖ ਕੇ ਚੌਧਰੀ ਡੂੰਘੀ ਸੋਚ ਵਿੱਚ ਪੈ ਗਏ।

"ਹੁਣ ਕੀ ਹੋਊ?" ਬੇਲਾ ਸਿੰਘ ਨੇ ਖੜ੍ਹੇ ਲੋਕਾਂ ਉੱਤੇ ਨਜ਼ਰ ਦੋੜਾਉਂਦਿਆਂ ਕਿਹਾ।

"ਹੋਣਾ ਕੀ ਆ? ਕੋਠੇ ਅਤੇ ਹਵੇਲੀਆਂ ਢਹਿ ਜਾਣਗੀਆਂ ਅਤੇ ਖੜੀ ਫਸਲ ਤਬਾਹ ਹੋ ਜਾਊਗੀ।" ਚੌਧਰੀ ਮੁਨਸ਼ੀ ਬੋਲਿਆ।

ਸਾਰੇ ਚੌਧਰੀ ਗੁਮਸੁੰਮ ਅਤੇ ਡਰੇ ਕੁੱਤੇ ਵਾਂਗ ਗੁਰਾਉਂਦੇ ਹੋਏ ਪਾਣੀ ਨੂੰ ਦੇਖ ਰਹੇ ਸਨ ਕਿ ਚੌਧਰੀ ਹਰਨਾਮ ਸਿੰਘ ਵੀ ਉੱਥੇ ਆ ਗਿਆ।

"ਚੌਧਰੀ ਅਨਰਥ ਹੋ ਗਿਆ। ਜੇ ਹੜ੍ਹ ਦਾ ਜ਼ੋਰ ਇਸ ਤਰ੍ਹਾਂ ਬਣਿਆ ਰਿਹਾ ਤਾਂ ਪਿੰਡ ਦਾ ਨਿਸ਼ਾਨ ਤੱਕ ਮਿੱਟ ਜਾਊਗਾ।"

ਚੌਧਰੀ ਹਰਨਾਮ ਸਿੰਘ ਸਾਹਮਣੇ ਵਧ ਰਹੇ ਪਾਣੀ ਵੱਲ ਦੇਖਣ ਲੱਗਾ। ਲਾਲੂ ਭਲਵਾਨ ਰੁਕ ਰੁਕ ਕੇ ਬੋਲਿਆ:

"ਪਿੰਡ ਜਾਂ ਫਸਲ ਵਿੱਚੋਂ ਸਿਰਫ ਇਕ ਨੂੰ ਹੀ ਬਚਾਇਆ ਜਾ ਸਕਦਾ।"

ਇਹ ਸੁਣ ਕੇ ਸਾਰੇ ਲੋਕ ਉਹਦੀ ਵੱਲ ਦੇਖਣ ਲੱਗੇ ਤਾਂ ਉਹ ਕੁਛ ਉੱਚੀ ਅਵਾਜ਼ ਵਿੱਚ ਬੋਲਿਆ:

"ਪਾਣੀ ਗਲ-ਗਲ ਤੱਕ ਆ ਗਿਆ ਹੈ। ਮੇਰੇ ਖਿਆਲ ਵਿੱਚ ਜੇ ਤਕੀਏ ਤੋਂ ਉੱਪਰ ਪਰਲੇ ਪਾਸੇ ਬੰਨ ਵੱਢ ਦਿੱਤਾ ਜਾਵੇ ਤਾਂ ਪਿੰਡ ਬੱਚ ਜਾਊਗਾ।"

ਬੰਨ ਵੱਢਣ ਦਾ ਸੁਝਾਅ ਸੁਣ ਕੇ ਕਈ ਚੌਧਰੀ ਗੁੱਸੇ ਵਿੱਚ ਬੋਲੇ:

"ਮੱਕੀ ਦੀ ਫਸਲ ਦਾ ਇਕ ਡੰਡਲ ਤੱਕ ਨਹੀਂ ਬਚੂਗਾ।"

"ਪਿੰਡ ਤਾਂ ਬੱਚ ਜਾਊ। ... ਫਸਲ ਤਾਂ ਹਰ ਦੂਜੇ-ਤੀਜੇ ਸਾਲ ਖਰਾਬ ਹੁੰਦੀ ਹੀ ਰਹਿੰਦੀ ਹੈ। ਕਦੇ ਜ਼ਿਆਦਾ ਮੀਂਹ ਨਾਲ, ਕਦੇ ਸੋਕੇ ਨਾਲ।"

ਲਾਲੂ ਭਲਵਾਨ ਦਾ ਤਰਕ ਸੁਣ ਕੇ ਸਾਰੇ ਲੋਕ ਚੁੱਪ ਤਾਂ ਹੋ ਗਏ ਪਰ ਉਹਦੇ ਨਾਲ ਸਹਿਮਤ ਨਾ ਹੋਏ। ਉਹ ਗੁੰਮਸੁੰਮ ਖੜ੍ਹੇ ਹੜ੍ਹ ਨਾਲ ਹੋ ਰੀ ਤਬਾਹੀ ਨੂੰ ਘੂਰ-ਘੂਰ ਕੇ ਦੇਖ ਰਹੇ ਸਨ ਕਿ ਸਕੂਲ ਦੀ ਪੁਰਾਣੀ ਅਤੇ ਕਮਜ਼ੋਰ ਕੰਧ ਚਿੱਕੜ ਉੱਤੇ ਤਿਲਕੇ ਬੰਦੇ ਵਾਂਗ ਜ਼ਮੀਨ ਉੱਤੇ ਵਿਛ ਗਈ ਅਤੇ ਹੜ੍ਹ ਦਾ ਪਾਣੀ ਅੱਗੇ ਵੱਧਦਾ ਸਕੂਲ ਦੇ ਵਿਹੜੇ ਵਿੱਚ ਦਾਖਲ ਹੋ ਗਿਆ।

"ਜਿੰਨਾ ਜ਼ਿਆਦਾ ਚਿਰ ਲਾਉਗੇ ਉਨਾ ਜ਼ਿਆਦਾ ਹੀ ਨੁਕਸਾਨ ਕਰਵਾਉਗੇ। ਅਜੇ ਸਕੂਲ ਦੀ ਕੰਧ ਹੀ ਡਿੱਗੀ ਆ, ਥੋੜ੍ਹੇ ਚਿਰ 'ਚ ਕਿਸੇ ਦਾ ਕੋਠਾ ਬੈਠ ਜਾਊਗਾ।"

ਲਾਲੂ ਭਲਵਾਨ ਦੇ ਇਹ ਸ਼ਬਦ ਸੁਣ ਕੇ ਲੋਕ ਚੌਂਕ ਉੱਠੇ ਅਤੇ ਬੰਨ ਵੱਢਣ ਬਾਰੇ ਸਲਾਹ ਕਰਨ ਲੱਗੇ।

ਕੁਝ ਵਿਚਾਰ ਵਟਾਂਦਰੇ ਬਾਅਦ ਉਹਨਾਂ ਨੇ ਤਕੀਏ ਤੋਂ ਪਰ੍ਹੇ ਉਸ ਥਾਂ ਤੋਂ ਬੰਨ ਵੱਢਣ ਦਾ ਫੈਸਲਾ ਕੀਤਾ ਜਿੱਥੇ ਚੋਅ ਦੀ ਚੌੜਾਈ ਦੋ-ਢਾਈ ਜਰੀਬਾਂ ਸੀ। ਪਿੰਡ ਵੱਲ ਚੋਅ ਦੇ ਕੰਢੇ ਦੇ ਨੇੜੇ ਪਾਣੀ ਵਿੱਚ ਠਹਿਰਾ ਸੀ ਅਤੇ ਹੜ੍ਹ ਦਾ ਜ਼ੋਰ ਦੂਜੇ ਕੰਢੇ ਵੱਲ ਸੀ। ਉੱਥੋਂ ਅੱਗੇ ਆ ਕੇ ਚੋਅ ਤਕੀਏ ਵੱਲ ਮੁੜ ਆਉਂਦਾ ਸੀ।

ਸਾਰੇ ਲੋਕ ਗਲੀਆਂ ਵਿੱਚੀਂ ਹੁੰਦੇ ਹੋਏ ਕੁਛ ਹੀ ਚਿਰ ਵਿੱਚ ਉਸ ਥਾਂ ਉੱਤੇ ਪਹੁੰਚ ਗਏ ਜਿੱਥੇ ਪਰਲੇ ਕੰਢੇ ਤੋਂ ਬੰਨ ਨੂੰ ਵੱਢਣ ਦਾ ਫੈਸਲਾ ਕੀਤਾ ਗਿਆ ਸੀ। ਮੰਗੂ ਚੌਧਰੀ ਹਰਨਾਮ ਸਿੰਘ ਦੀ ਹਵੇਲੀ ਤੋਂ ਕਈ ਰੱਸੇ ਅਤੇ ਤਿੰਨ ਚਾਰ ਕਹੀਆਂ ਚੁੱਕ ਲਿਆਇਆ। ਚੌਧਰੀ ਹਰਨਾਮ ਸਿੰਘ, ਲਾਲੂ ਭਲਵਾਨ, ਬੇਲਾ ਸਿੰਘ ਜੱਟ, ਚੌਧਰੀ ਮੁਨਸ਼ੀ, ਚੌਧਰੀ ਫੱਤੂ, ਮਹਾਸ਼ਾ ਤੀਰਥ ਰਾਮ ਆਦਿ ਰੱਸੇ ਛੰਡਣ ਅਤੇ ਖਿੱਚ ਕੇ ਉਹਨਾਂ ਦੀ ਮਜ਼ਬੂਤੀ ਦੇਖਣ ਲੱਗੇ। ਇਹ ਕੰਮ ਖਤਮ ਕਰਕੇ ਉਹ ਸਾਰੇ ਇਧਰਲੇ ਕੰਢੇ ਸ਼ਾਂਤ ਅਤੇ ਪਰਲੇ ਕੰਢੇ ਉੱਤੇ ਠਾਠਾਂ ਮਾਰਦੇ ਹੋਏ ਪਾਣੀ ਨੂੰ ਦੇਖਣ ਲੱਗੇ।

"ਮੇਰਾ ਖਿਆਲ ਆ ਦੋ ਆਦਮੀ ਉਧਰ ਜਾਣ।" ਚੌਧਰੀ ਹਰਨਾਮ ਸਿੰਘ ਨੇ ਕਿਹਾ।

"ਦੋ ਭੇਜ ਦਿਉ।" ਲਾਲੂ ਭਲਵਾਨ ਨੇ ਜੁਆਬ ਦਿੱਤਾ।

"ਕੌਣ ਕੌਣ ਜਾਣਗੇ?"

ਚੌਧਰੀ ਮੁਨਸ਼ੀ ਨੇ ਉੱਥੇ ਖੜ੍ਹੇ ਨੌਜਵਾਨਾਂ ਉੱਤੇ ਨਿਗ੍ਹਾ ਮਾਰਦਿਆਂ ਕਿਹਾ। ਲਾਲੂ ਭਲਵਾਨ ਨੇ ਵੀ ਨੌਜਵਾਨਾਂ ਵੱਲ ਦੇਖਿਆ ਅਤੇ ਕਾਲੀ ਅਤੇ ਹਰਦੇਵ ਨੂੰ ਕੋਲ ਸੱਦ ਕੇ ਬੋਲਿਆ:

"ਕੀ ਤੁਸੀਂ ਦੋਨੋਂ ਚੋਅ ਪਾਰ ਜਾਉਗੇ?"

"ਜ਼ਰੂਰ ਜਾਵਾਂਗੇ।" ਦੋਹਾਂ ਨੇ ਉਤਸ਼ਾਹ ਨਾਲ ਉੱਤਰ ਦਿੱਤਾ।

ਚੌਧਰੀ ਹਰਨਾਮ ਸਿੰਘ ਨੇ ਹਰਦੇਵ ਨੂੰ ਕੱਪੜ੍ਹੇ ਲਾਹੁਣ ਲਈ ਕਿਹਾ।

"ਕਿਸੇ ਨੂੰ ਭੇਜ ਕੇ ਸਰੋਂ ਦਾ ਤੇਲ ਮੰਗਵਾ ਲਉ। ਤੇਲ ਮਲ ਕੇ ਪਾਣੀ ਵਿੱਚ ਵੜੋਗੇ ਤਾਂ ਖਾਜ ਤੋਂ ਬਚੇ ਰਹੋਗੇ। ਗੰਦੇ ਪਾਣੀ 'ਚ ਖਾਜ ਹੋਣ ਦਾ ਡਰ ਰਹਿੰਦਾ।"

"ਏਨਾ ਸਮਾਂ ਕਿੱਥੇ ਆ। ਖਾਜ ਹੋਣ ਲੱਗ ਪਊ ਤਾਂ ਬਾਅਦ 'ਚ ਇਲਾਜ ਕਰਾ ਲਵਾਂਗੇ।"

ਕਾਲੀ ਅਤੇ ਹਰਦੇਵ ਚੋਅ ਦੇ ਕੰਢੇ ਆ ਗਏ। ਸਾਰਿਆਂ ਨੇ ਰਲ ਕੇ ਉਹਨਾਂ ਦਿਆਂ ਲੱਕਾਂ ਨਾਲ ਰੱਸੇ ਲਪੇਟੇ ਅਤੇ ਉਹ ਦੋਵੇਂ ਪਰਮਾਤਮਾ ਦਾ ਨਾਂ ਲੈ ਕੇ ਚੋਅ ਵਿੱਚ ਵੜ ਗਏ। ਦੋਵੇਂ ਇਕ-ਦੂਜੇ ਦਾ ਹੱਥ ਫੜੀ ਹੌਲੀ ਹੌਲੀ ਅਤੇ ਸੰਭਲ ਸੰਭਲ ਕੇ ਕਦਮ ਚੁੱਕਦੇ ਅੱਗੇ ਵੱਧ ਰਹੇ ਸੀ। ਪਾਟ ਦੇ ਨੇੜੇ ਪਹੁੰਚ ਪਾਣੀ ਉਹਨਾਂ ਦੀ ਛਾਤੀ ਛਾਤੀ ਤੱਕ ਆ ਗਿਆ।

"ਰੱਸੇ ਮਜ਼ਬੂਤੀ ਨਾਲ ਫੜ ਲਉ।"

ਲਾਲੂ ਭਲਵਾਨ ਨੇ ਸਾਰਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਅਤੇ ਧੀਮੀ ਅਵਾਜ਼ ਵਿੱਚ ਅਰਦਾਸ ਕਰਨ ਲੱਗਾ।

ਪਾਟ ਦੇ ਕੋਲ ਪਹੁੰਚਦਿਆਂ ਹੀ ਪਾਣੀ ਉਹਨਾਂ ਦੇ ਗੱਲ ਗੱਲ ਆ ਗਿਆ। ਪਾਣੀ ਦਾ ਜ਼ੋਰ ਏਨਾ ਜ਼ਿਆਦਾ ਸੀ ਕਿ ਉਹਨਾਂ ਦੇ ਪੈਰ ਜ਼ਮੀਨ 'ਤੇ ਨਹੀਂ ਟਿਕ ਰਹੇ ਸਨ। ਹਰਦੇਵ ਅਤੇ ਕਾਲੀ ਨੇ ਇਕ ਦੂਜੇ ਨੂੰ ਬਹੁਤ ਮਜ਼ਬੂਤੀ ਨਾਲ ਫੜਿਆ ਹੋਇਆ ਸੀ। ਕਈ ਵਾਰ ਵੱਡੀਆਂ ਵੱਡੀਆਂ ਛੱਲਾਂ ਦਾ ਪਾਣੀ ਉਹਨਾਂ ਦੇ ਸਿਰ ਉੱਪਰੋਂ ਲੰਘ ਜਾਂਦਾ ਅਤੇ ਉਹ ਇਕ-ਅੱਧ ਪੱਲ ਲਈ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਹੋ ਜਾਂਦੇ। ਉਹ ਪਾਣੀ ਦੇ ਵਹਾ ਦੇ ਨਾਲ-ਨਾਲ ਖਿਸਕਦੇ ਹੋਏ ਬਹੁਤ ਹੌਲੀ ਹੌਲੀ ਅੱਗੇ ਵੱਧ ਰਹੇ ਸਨ। ਕੰਢੇ 'ਤੇ ਸਾਰੇ ਲੋਕ ਸਾਹ ਰੋਕੀ ਖੜ੍ਹੇ ਆਪਣੇ ਆਪਣੇ ਢੰਗ ਨਾਲ ਪਰਮਾਤਮਾ ਅੱਗੇ ਅਰਦਾਸ ਰਹੇ ਸਨ।

ਅਚਾਨਕ ਹੀ ਕਾਲੀ ਅਤੇ ਹਰਦੇਵ ਉਹਨਾਂ ਦੀਆਂ ਅੱਖਾਂ ਤੋਂ ਉਹਲੇ ਹੋ ਗਏ। ਉਹਨਾਂ ਦਾ ਖੂਨ ਖੁਸ਼ਕ ਹੋ ਗਿਆ ਅਤੇ ਸਾਹ ਜਿਵੇਂ ਗੱਲ ਵਿੱਚ ਅਟਕ ਗਿਆ ਸੀ। ਚੌਧਰੀ ਹਰਨਾਮ ਸਿੰਘ ਘਬਰਾਹਟ ਵਿੱਚ ਇਕਦਮ ਅੱਗੇ ਵੱਧ ਗਿਆ ਪਰ ਕੁਝ ਪਲਾਂ ਬਾਅਦ ਪਹਿਲਾਂ ਕਾਲੀ ਅਤੇ ਉਹਦੇ ਨਾਲ ਹੀ ਹਰਦੇਵ ਨਜ਼ਰ ਆ ਗਿਆ। ਕਾਲੀ ਨੇ ਹੱਥ ਚੁੱਕ ਕੇ ਉਹਨਾਂ ਨੂੰ ਇਸ਼ਾਰਾ ਕੀਤਾ ਤਾਂ ਸਾਰਿਆਂ ਨੇ ਲੰਮਾ ਸਾਹ ਲਿਆ।

ਕੁਛ ਦੇਰ ਬਾਅਦ ਕਾਲੀ ਬੰਨ ਉੱਤੇ ਚੜ੍ਹ ਗਿਆ ਅਤੇ ਉਹਨੇ ਹਰਦੇਵ ਦਾ ਹੱਥ ਫੜ੍ਹ ਕੇ ਉਹਨੂੰ ਵੀ ਉੱਪਰ ਖਿੱਚ ਲਿਆ। ਦੂਸਰੇ ਬੰਨ ਉੱਤੇ ਖੜ੍ਹੇ ਲੋਕਾਂ ਨੇ ਤਾੜੀਆਂ ਵਜਾਈਆਂ। ਕੁਝ ਜੋਸ਼ ਵਿੱਚ ਆ ਕੇ ਬੱਕਰੇ ਬੁਲਾਉਣ ਲੱਗੇ।

ਚੌਧਰੀ ਹਰਨਾਮ ਸਿੰਘ ਦੇ ਪੀਲੇ ਚਿਹਰੇ ਉੱਤੇ ਇਕ ਵਾਰ ਫਿਰ ਸੁਰਖੀ ਝਲਕਣ ਲੱਗੀ। ਲਾਲੂ ਭਲਵਾਨ ਨੇ ਇਕ ਰੱਸੇ ਦੇ ਨਾਲ ਦੋ ਕਹੀਆਂ ਬੰਨ ਦਿੱਤੀਆਂ ਅਤੇ ਉਹਦੀ ਗੰਢ ਉਸ ਰੱਸੇ ਨਾਲ ਬੰਨ ਦਿੱਤੀ ਜਿਹਦਾ ਇਕ ਸਿਰਾ ਕਾਲੀ ਦੇ ਲੱਕ ਦੁਆਲੇ ਲਪੇਟਿਆ ਹੋਇਆ ਸੀ। ਕਾਲੀ ਨੇ ਦੋਵੇਂ ਕਹੀਆਂ ਚੁੱਕ ਕੇ ਕਾਲੀ ਨੂੰ ਦਿਖਾਲੀਆਂ ਅਤੇ ਪਾਣੀ ਵਿੱਚ ਸੁੱਟ ਕੇ ਕੇ ਉਹਨੂੰ ਰੱਸਾ ਖਿੱਚਣ ਦਾ ਇਸ਼ਾਰਾ ਕੀਤਾ। ਕਾਲੀ ਰੱਸਾ ਖਿੱਚ ਕੇ ਕਹੀਆਂ ਆਪਣੇ ਪਾਸੇ ਲੈ ਆਇਆ। ਉਹਨੇ ਇਕ ਕਹੀ ਆਪਣੇ ਕੋਲ ਰੱਖ ਲਈ ਅਤੇ ਦੂਜੀ ਹਰਦੇਵ ਨੂੰ ਦੇ ਦਿੱਤੀ।

ਕਾਲੀ ਕਹੀ ਚੁੱਕ ਕੇ ਦੂਜੇ ਕੰਢੇ ਵੱਲ ਦੇਖਣ ਲੱਗਾ। ਚੌਧਰੀ ਹਰਨਾਮ ਸਿੰਘ ਮੂੰਹ ਦੁਆਲੇ ਦੋਵੇਂ ਹੱਥ ਰੱਖ ਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਥੋੜ੍ਹਾ ਅੱਗੇ ਜਾ ਕੇ ਬੰਨ ਵੱਢੋ।"

ਕਾਲੀ ਕਹੀ ਲੈ ਕੇ ਉਸ ਥਾਂ ਉੱਤੇ ਜਾ ਕੇ ਰੁਕ ਗਿਆ ਅਤੇ ਦੂਜੇ ਕੰਢੇ ਵੱਲ ਦੇਖਣ ਲੱਗਾ। ਚੌਧਰੀ ਹਰਨਾਮ ਸਿੰਘ ਨੇ ਉਹਨੂੰ ਥੋੜ੍ਹਾ ਹੋਰ ਅੱਗੇ ਵਧਣ ਦਾ ਇਸ਼ਾਰਾ ਕੀਤਾ। ਫਿਰ ਦੋ ਕਦਮ ਪਿੱਛੇ ਹਟਣ ਦਾ ਇਸ਼ਾਰਾ ਕੀਤਾ। ਜਦੋਂ ਕਾਲੀ ਉੱਥੇ ਪਹੁੰਚ ਕੇ ਉਹਦੀ ਵੱਲ ਦੇਖਣ ਲੱਗਾ ਤਾਂ ਉਹਨੇ ਦੋਹਾਂ ਹੱਥਾਂ ਦੀਆਂ ਮੁੱਠੀਆਂ ਮੀਟ ਕੇ ਬੰਨ ਵੱਢਣ ਦਾ ਇਸ਼ਾਰਾ ਕੀਤਾ।

ਉਹ ਦੋਵੇਂ ਸੁਰਤ ਲਾ ਕੇ ਕਹੀਆਂ ਵਾਹੁਣ ਲੱਗੇ। ਦੂਜੇ ਬੰਨ ਉੱਤੇ ਖੜ੍ਹੇ ਲੋਕ ਉਹਨਾਂ ਦਾ ਹੌਂਸਲਾ ਵਧਾ ਰਹੇ ਸਨ। ਅੱਧੇ ਘੰਟੇ ਤੱਕ ਕਹੀਆਂ ਵਾਹੁਣ ਬਾਅਦ ਕਾਲੀ ਅਤੇ ਹਰਦੇਵ ਨੇ ਬੰਨ ਵਿੱਚ ਏਨਾ ਟੱਕ ਲਾ ਦਿੱਤਾ ਕਿ ਉਹਦੇ ਵਿੱਚ ਦੀ ਪਾਣੀ ਵਗਣ ਲੱਗਾ। ਖੇਤਾਂ ਵਿੱਚ ਡਿੱਗਦਾ ਪਾਣੀ ਬੰਨ ਦੀ ਮਿੱਟੀ ਨੂੰ ਰੋੜਨ ਲੱਗਾ। ਕਾਲੀ ਕਹੀ ਨਾਲ ਟੱਕ ਦਾ ਮੂੰਹ ਚੌੜਾ ਅਤੇ ਡੂੰਘਾ ਕਰਦਾ ਰਿਹਾ।

ਕੋਈ ਅੱਧੇ ਘੰਟੇ ਬਾਅਦ ਅੱਧਾ ਗਜ਼ ਚੌੜਾ ਟੱਕ ਤਿੰਨ ਗਜ਼ ਚੌੜਾ ਹੋ ਗਿਆ ਅਤੇ ਉਹਦੀ ਹੱਥ-ਡੇਢ ਹੱਥ ਡੂੰਘਾਈ ਬੰਨ ਦੀ ਨੀਂਹ ਤੱਕ ਜਾ ਪਹੁੰਚੀ। ਚੋਅ ਦਾ ਜ਼ਿਆਦਾ ਪਾਣੀ ਟੱਕ ਥਾਣੀ ਹੁੰਦਾ ਹੋਇਆ ਖੇਤਾਂ ਵਿੱਚ ਪੈ ਰਿਹਾ ਸੀ। ਟੱਕ ਵਿੱਚ ਮਿੱਟੀ ਦੇ ਵੱਡੇ ਵੱਡੇ ਢੇਲੇ ਡਿੱਗਦੇ ਤਾਂ ਚੌਧਰੀ ਮੂੰਹ ਦੂਜੇ ਪਾਸੇ ਕਰ ਲੈਂਦੇ। ਦੂਜੇ ਕੰਢੇ ਦੇ ਨਾਲ ਨਾਲ ਪਾਣੀ ਉਤਰ ਰਿਹਾ ਸੀ। ਤਕੀਏ ਦੇ ਕੋਲ ਵੀ ਪਾਣੀ ਦਾ ਜ਼ੋਰ ਪਹਿਲਾਂ ਨਾਲੋਂ ਘੱਟ ਗਿਆ। ਇਕ ਘੰਟੇ ਵਿੱਚ ਪਿੰਡ ਦੇ ਬਰਾਬਰ ਚੋਅ ਵਿੱਚ ਹੱਥ-ਡੇਢ ਹੱਥ ਪਾਣੀ ਉਤਰ ਗਿਆ।

ਦੂਜੇ ਕੰਢੇ ਤੋਂ ਲਾਲੂ ਭਲਵਾਨ ਨੇ ਕਾਲੀ ਨੂੰ ਅਵਾਜ਼ ਦਿੱਤੀ ਕਿ ਉਹ ਰੱਸੇ ਨਾਲ ਕਹੀਆਂ ਬੰਨ ਦੇਵੇ। ਕਾਲੀ ਵੱਲੋਂ ਅਜਿਹਾ ਕਰਨ ਬਾਅਦ ਭਲਵਾਨ ਨੇ ਰੱਸਾ ਖਿੱਚ ਲਿਆ। ਇਹਦੇ ਬਾਅਦ ਹਰਦੇਵ ਅਤੇ ਕਾਲੀ ਪਾਣੀ ਵਿੱਚ ਵੜ ਗਏ। ਪਹਿਲਾਂ ਜਿੱਥੇ ਪਾਣੀ ਵਿੱਚ ਉਹ ਨਜ਼ਰ ਨਹੀਂ ਸੀ ਆਉਂਦੇ ਉੱਥੇ ਹੁਣ ਪਾਣੀ ਉਹਨਾਂ ਦੀ ਛਾਤੀ ਤੱਕ ਰਹਿ ਗਿਆ ਸੀ। ਉਹ ਦੋਵੇਂ ਇਕ-ਦੂਜੇ ਦਾ ਹੱਥ ਫੜੀ ਅਸਾਨੀ ਨਾਲ ਚੋਅ ਪਾਰ ਕਰਕੇ ਦੂਜੇ ਕੰਢੇ ਪਹੁੰਚ ਗਏ।

ਦਿਨ ਢਲੇ ਬੱਦਲ ਪਾਟ ਗਏ। ਜਦੋਂ ਕਦੇ ਬੱਦਲਾਂ ਦੇ ਉਹਲਿਉਂ ਸੂਰਜ ਬਾਹਰ ਆਉਂਦਾ ਤਾਂ ਧੁੱਪ ਵਿੱਚ ਦਰੱਖਤਾਂ ਦੇ ਗਿੱਲੇ ਪੱਤੇ, ਗਿੱਲੇ ਮਕਾਨ, ਚਾਰੇ ਪਾਸੀਂ ਫੈਲਿਆ ਮਿੱਟੀ-ਰੰਗਾ ਪਾਣੀ ਸਾਰੇ ਚਮਕਣ ਲੱਗਦੇ। ਪੂਰਵ ਵਿੱਚ ਅਸਮਾਨ ਬਿਲਕੁਲ ਸਾਫ ਹੋ ਗਿਆ ਤਾਂ ਪੱਛਮ ਵਿੱਚ ਜਾ ਰਹੇ ਸੂਰਜ ਦੀ ਰੌਸ਼ਨੀ ਵਿੱਚ ਮੀਂਹ ਨਾਲ ਧੋਤੀਆਂ ਹੋਈਆਂ ਸ਼ਿਵਾਲਕ ਦੀਆਂ ਪਹਾੜੀਆਂ ਬਹੁਤ ਹੀ ਸੁਹਣੀਆਂ ਲੱਗਣ ਲੱਗੀਆਂ। ਏਦਾਂ ਲੱਗਦਾ ਸੀ ਕਿ ਉਹ ਵੀ ਚੋਅ ਦੇ ਪਾਣੀ ਵਿੱਚ ਰੁੜ ਕੇ ਨੇੜੇ ਖਿਸਕ ਆਈਆਂ ਹੋਣ। ਡੁੱਬਦੇ ਸੂਰਜ ਦੀਆਂ ਕਿਰਨਾਂ ਵਿੱਚ ਅਸਮਾਨ ਉੱਤੇ ਤਰਦੇ ਬੱਦਲਾਂ ਦੇ ਅਵਾਰਾ ਟੁੱਕੜੇ, ਸ਼ਿਵਾਲਕ ਦੀਆਂ ਪਹਾੜੀਆਂ, ਉਹਨਾਂ ਤੋਂ ਬਹੁਤ ਪਿੱਛੇ ਹਿਮਾਲੀਆ ਦੀਆਂ ਉੱਚੀਆਂ ਬਰਫਾਨੀ ਚੋਟੀਆਂ ਸਾਰੀਆਂ ਸੁੰਦਰ ਅਤੇ ਸੁਨਹਿਰੀ ਨਜ਼ਰ ਆ ਰਹੀਆਂ ਸਨ। ਪੰਛੀ ਤਿੰਨ ਦਿਨ ਤੱਕ ਆਪਣੇ ਆਲ੍ਹਣਿਆਂ ਵਿੱਚ ਬੰਦ ਰਹਿਣ ਦੇ ਬਾਅਦ ਚਾਰੀਂ ਪਾਸੀਂ ਉੱਡ ਰਹੇ ਸਨ। ਚਿੜੀਆਂ ਚੋਅ ਦੇ ਪਾਣੀ ਵਿੱਚ ਨਹਾ ਕੇ ਬੰਨ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਕੇ ਪਰ ਫੜਫੜਾ ਰਹੀਆਂ ਸਨ।

ਪਿੰਡ ਵਿੱਚ ਇਸ ਤਰ੍ਹਾਂ ਦਾ ਮਾਹੌਲ ਸੀ ਜਿਵੇਂ ਉਹ ਕਿਸੇ ਬਹੁਤ ਵੱਡੀ ਆਫਤ ਤੋਂ ਬੱਚ ਗਿਆ ਹੋਵੇ। ਚੋਅ ਦੇ ਪਾਰੋਂ ਆਪਣਿਆਂ ਕੋਠਿਆਂ ਵਿੱਚੋਂ ਬਾਜੀਗਰ, ਉਹਨਾਂ ਦੀਆਂ ਤੀਵੀਂਆਂ ਅਤੇ ਬੱਚੇ ਪਿੰਡ ਆਏ ਤਾਂ ਲੋਕਾਂ ਨੇ ਉਹਨਾਂ ਦਾ ਏਦਾਂ ਸਵਾਗਤ ਕੀਤਾ ਜਿਵੇਂ ਉਹ ਮੌਤ ਦੇ ਮੂੰਹ ਵਿੱਚੋਂ ਨਿਕਲ ਕੇ ਆਏ ਹੋਣ। ਜ਼ਿਆਦਾ ਚੌਧਰੀ ਚੋਅ ਦੇ ਪਾਰ ਆਪਣੀ ਫਸਲ ਦੇਖਣ ਲਈ ਖੇਤਾਂ ਵਿੱਚ ਚਲੇ ਗਏ।

ਸਾਰੇ ਲੋਕ ਮੀਂਹ ਅਤੇ ਹੜ੍ਹ ਨਾਲ ਹੋਣ ਵਾਲੇ ਨੁਕਸਾਨ ਦਾ ਲੇਖਾ-ਜੋਖਾ ਕਰਦੇ ਹੋਏ ਡੱਡੂਆਂ ਦੇ ਬਹੁਤ ਜ਼ਿਆਦਾ ਰੌਲੇ ਦੇ ਬਾਵਜੂਦ ਰਾਤ ਨੂੰ ਡੂੰਘੀ ਨੀਂਦ ਸੌਂ ਗਏ। ●

ਲੇਖ

# ਸ਼ਹੀਦ ਭਗਤ ਸਿੰਘ

## ਸਾਧੂ ਬਿਨਿੰਗ

( 21 ਮਾਰਚ 2010 ਨੂੰ ਤਰਕਸ਼ੀਲ ਸਭਾ ਵੱਲੋਂ ਸਰੀ ਵਿੱਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਯਾਦ ਵਿੱਚ ਮਨਾਏ ਦਿਵਸ ਵਿੱਚ ਪੇਸ਼ ਕੀਤੇ ਗਏ ਕੁਝ ਵਿਚਾਰ)

ਅੱਜ ਅਸੀਂ ਭਾਰਤ ਦੇ ਸਭ ਤੋਂ ਵੱਧ ਹਰਮਨ ਪਿਆਰੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ, ਰਾਜਗੁਰੂ ਤੇ ਸੁਖਦੇਵ ਹੋਰਾਂ ਦੀ ਸ਼ਹੀਦੀ ਨੂੰ ਯਾਦ ਕਰਨ ਲਈ ਇਕੱਠੇ ਹੋਏ ਹਾਂ। ਮੈਂ ਤਰਕਸ਼ੀਲ ਸਭਾ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਇਕ ਵਾਰ ਫੇਰ ਮੈਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਹੈ।

ਪਿਛਲੇ ਕੁਝ ਸਮੇਂ ਤੋਂ ਮੇਰਾ ਜ਼ਿਆਦਾ ਧਿਆਨ ਰੱਬ ਦੀ ਹੋਂਦ/ਅਣਹੋਂਦ ਦੇ ਮਸਲੇ ਬਾਰੇ ਜਾਂ ਸਿੱਧੇ ਤੌਰ ’ਤੇ ਨਾਸਤਿਕਤਾ ਬਾਰੇ ਪੜ੍ਹਨ ਵਲ ਲੱਗਾ ਰਿਹਾ ਹੈ। ਇਸ ਸਬੰਧ ਵਿਚ ਮੈਂ ਸ਼ਹੀਦ ਭਗਤ ਸਿੰਘ ਦਾ ਲੇਖ ‘ਮੈਂ ਨਾਸਤਿਕ ਕਿਉਂ ਹਾਂ?’ ਦੋ ਤਿੰਨ ਵਾਰ ਫੇਰ ਪੜ੍ਹਿਆ ਹੈ। ਤੇਈ ਸਾਲ ਦੀ ਉਮਰ ਵਿਚ, ਬਹੁਤ ਹੀ ਵੱਖਰੀ ਕਿਸਮ ਦੀਆਂ ਹਾਲਤਾਂ ਵਿਚ, ਸਾਹਮਣੇ ਖੜ੍ਹੀ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਲਿਖੇ ਭਗਤ ਸਿੰਘ ਦੇ ਇਸ ਲੇਖ ਨੇ ਮੈਨੂੰ ਹਰ ਵਾਰ ਪਹਿਲਾਂ ਨਾਲੋਂ ਜ਼ਿਆਦਾ ਹੈਰਾਨ ਤੇ ਪ੍ਰਭਾਵਿਤ ਕੀਤਾ ਹੈ। ਨਾਲ ਹੀ, ਮੈਨੂੰ ਇਸ ਗੱਲ ਦੀ ਹੈਰਾਨੀ ਤੇ ਪ੍ਰੇਸ਼ਾਨੀ ਵੀ ਹੁੰਦੀ ਹੈ ਕਿ ਇਹੋ ਜਿਹੀ ਸਾਫ ਸੁਥਰੀ ਤੇ ਤਾਕਤਵਰ ਲਿਖਤ ਵਲ ਪੰਜਾਬੀਆਂ ਵਲੋਂ ਕਿਉਂ ਬਣਦਾ ਧਿਆਨ ਨਹੀਂ ਦਿੱਤਾ ਗਿਆ। ਅੰਗਰੇਜ਼ੀ ਜ਼ੁਬਾਨ ਦੇ ਮਸ਼ਹੂਰ ਦਾਰਸ਼ਨਿਕ ਲਿਖਾਰੀ ਬਰਟਰੈਂਡ ਰੱਸਲ ਨੇ ਭਗਤ ਸਿੰਘ ਦੇ ਇਸ ਲੇਖ ਤੋਂ ਦੋ ਤਿੰਨ ਸਾਲ ਪਹਿਲਾਂ ਇੱਕ ਲੇਖ ਲਿਖਿਆ ਸੀ, ‘ਮੈਂ ਇਸਾਈ ਕਿਉਂ ਨਹੀਂ?’ – ਵ੍ਹਾਈ ਆਈ ਐਮ ਨਾਟ ਏ ਕ੍ਰਿਸਚੀਅਨ?। ਇਹ ਗੱਲ ਅਜੇ ਤੱਕ ਵੀ ਮੰਨੀ ਜਾਂਦੀ ਹੈ ਕਿ ਰੱਸਲ ਦੇ ਉਸ ਲੇਖ ਨੇ ਇਸਾਈ ਮੱਤ ਉੱਤੇ ਇਕ ਅਜਿਹੀ ਗਹਿਰੀ ਸੱਟ ਮਾਰੀ ਸੀ ਜਿਸ ਤੋਂ ਇਸਾਈ ਮੱਤ ਅਜੇ ਤੱਕ ਵੀ ਥਰ ਥਰ ਕੰਬਦਾ ਹੈ। ਇਹ ਗੱਲ ਅਸੀਂ ਭਗਤ ਸਿੰਘ ਦੇ ਲੇਖ ਬਾਰੇ ਨਹੀਂ ਕਹਿ ਸਕਦੇ। ਪੰਜਾਬੀ ਭਾਈਚਾਰੇ ਵਿਚ ਸਗੋਂ ਉਲਟ ਗੱਲ ਵਾਪਰੀ ਹੈ। ਧਾਰਮਿਕ ਤੇ ਕੁਰੱਪਟ ਸਿਆਸੀ ਲੋਕਾਂ ਨੇ ਇਸ ਲੇਖ ਦੇ ਪੈਣ ਵਾਲੇ ਅਸਰ ਨੂੰ ਇਸ ਹੱਦ ਤੱਕ ਭੁਲੇਖਿਆਂ ਥੱਲੇ ਦੱਬ ਦਿੱਤਾ ਹੈ ਕਿ ਭਗਤ ਸਿੰਘ ਦੀ ਵਿਚਾਰਧਾਰਾ ਦੀ ਕਦਰ ਕਰਨ ਵਾਲੇ ਲੋਕ ਵੀ ਇਸ ਬਾਰੇ ਚਰਚਾ ਕਰਨ ਤੋਂ ਕੰਨੀ ਕਤਰਾਉਂਦੇ ਹਨ। ਇਸ ਲੇਖ ਵਿਚ ਪੇਸ਼ ਭਗਤ ਸਿੰਘ ਦੇ ਵਿਚਾਰਾਂ ਦੇ ਉਲਟ ਨਿੱਤ ਉਸ ਦੇ ਨਾਂ ’ਤੇ ਧਾਰਮਿਕ ਪੂਜਾ ਪਾਠ ਹੁੰਦੇ ਹਨ, ਉਸ ਦੀ ਰੂਹ ਲਈ ਅਰਦਾਸਾਂ ਹੁੰਦੀਆਂ ਹਨ। ਪੰਜਾਬੀਆਂ ਦੇ ਸਭ ਤੋਂ ਰੌਸ਼ਨ ਦਿਮਾਗ ਤੇ ਸਭ ਤੋਂ ਵੱਧ ਸਤਿਕਾਰ ਵਾਲੇ ਸ਼ਹੀਦ ਭਗਤ ਸਿੰਘ ਨਾਲ ਇਸ ਤੋਂ ਵੱਡੀ ਹੋਰ ਬੇਇਨਸਾਫੀ ਕਿਆਸ ਨਹੀਂ ਕੀਤੀ ਜਾ ਸਕਦੀ। ਉਸ ਦੀ ਵਿਚਾਰਧਾਰਾ ਨਾਲ ਹੋ ਰਹੇ ਇਸ ਲਗਾਤਾਰ ਧੱਕੇ ਲਈ ਜ਼ਿੰਮੇਵਾਰ ਸਿਰਫ ਉਹ ਲੋਕ ਹੀ ਨਹੀਂ ਜੋ ਇਹ ਅਖੰਡਪਾਠ ਜਾਂ ਅਰਦਾਸਾਂ ਕਰਦੇ ਕਰਵਾਉਂਦੇ ਹਨ। ਉਹ ਤਾਂ ਸ਼ਾਇਦ ਇਹ ਗੱਲ ਅਗਿਆਨਤਾ ਵੱਸ ਹੀ ਕਰਦੇ ਹੋਣ। ਇਸ ਦੀ ਅਸਲੀ ਜਿੰਮੇਵਾਰੀ ਉਨ੍ਹਾਂ ਲੋਕਾਂ ਦੇ ਮੋਢਿਆਂ ’ਤੇ ਹੈ ਜੋ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਦੇ ਹਨ। ਸ਼ਾਇਦ ਅਸੀਂ, ਏਥੇ ਬੈਠੇ ਬਹੁਤ ਸਾਰੇ ਲੋਕ, ਹੀ ਇਸ ਬੇਇਨਸਾਫੀ ਲਈ ਸਹੀ ਅਰਥਾਂ ਵਿਚ ਕਸੂਰਵਾਰ ਹਾਂ। ਸਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ।

ਮੈਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੈ ਕਿ ਜਿਹੜੀ ਗੱਲ ਮੈਂ ਕਹਿ ਰਿਹਾ ਹਾਂ ਉਹ ਕੋਈ ਏਨੀ ਸੁਖਾਲੀ ਨਹੀਂ। ਜਿਨ੍ਹਾਂ ਲੋਕਾਂ ਵਿਚ ਤਬਦੀਲੀ ਵਾਸਤੇ ਤੁਸੀਂ ਸਿਆਸੀ ਕੰਮ ਕਰਨਾ ਹੋਵੇ ਉਨ੍ਹਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਠੇਸ ਨਹੀਂ ਪਹੁੰਚਾਈ ਜਾ ਸਕਦੀ। ਪਰ ਮੈਂ ਸਮਝਦਾ ਹਾਂ ਕਿ ਅਜੋਕੇ ਸਮੇਂ ਇਸ ਮਸਲੇ ਦਾ ਹੱਲ ਭਾਲਣਾ ਜ਼ਰੂਰੀ ਹੈ। ਨਾਲ ਹੀ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਕਰਨ ਦੀ ਲੋੜ ਕਿਉਂ ਹੈ? ਕੀ ਇਸ ਬਿਨਾਂ ਸਰਦਾ ਨਹੀਂ?

ਦੁਨੀਆਂ ਭਰ ਵਿਚ, ਭਾਰਤ ਵਿਚ ਤੇ ਖਾਸ ਕਰ ਪੰਜਾਬੀ ਭਾਈਚਾਰੇ ਵਿਚ, ਜਿਸ ਕਿਸਮ ਦਾ ਧਾਰਮਿਕ ਗਲਬਾ ਇਸ ਸਮੇਂ ਹੈ, ਉਸ ਨਾਲ ਬਹੁਤ ਜ਼ਿਆਦਾ ਸ਼ਕਤੀ, ਪੈਸਾ ਤੇ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ। ਅਸੀਂ ਦੇਖਦੇ ਸੁਣਦੇ ਹਾਂ ਕਿ ਧਰਮ ਦੇ ਨਾਂ ’ਤੇ ਹਰ ਰੋਜ਼ ਕੋਈ ਨਾ ਕੋਈ ਨਵਾਂ ਮਸਲਾ ਖੜ੍ਹਾ ਕੀਤਾ ਜਾਂਦਾ ਹੈ। ਜਿਸ ਕਿਸਮ ਦੇ ਹਾਸੋ ਹੀਣੇ ਮਸਲੇ ਖੜ੍ਹੇ ਕੀਤੇ ਜਾਂਦੇ ਹਨ ਉਨ੍ਹਾਂ ਨਾਲ ਸਮਾਜ ਦੀ ਕਿਸੇ ਤਰ੍ਹਾਂ ਵੀ ਕੋਈ ਭਲਾਈ ਨਹੀਂ ਹੋ ਸਕਦੀ। ਇਹ ਮਸਲੇ ਹਰ ਸਮੇਂ ਲੋਕਾਂ ਦੀ ਜਾਨ ਮਾਲ ਨੂੰ ਖਤਰੇ ਵਿਚ ਪਾਈ ਰੱਖਦੇ ਹਨ। ਜੇ ਅਸੀਂ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਹਾਲਤਾਂ ਵਲ ਨਿਗਾਹ ਮਾਰੀਏ ਤਾਂ ਡਰ ਲਗਣ ਲੱਗਦਾ ਹੈ ਕਿ ਧਰਮ ਦੀ ਆੜ ਵਿਚ ਜਾਤ ਪਾਤ ਵਰਗਾ ਮਸਲਾ ਕਦੇ ਵੀ ਪੰਜਾਬ ਨੂੰ ਅੱਗ ਦੀ ਲਪੇਟ ਵਿਚ ਲੈ ਸਕਦਾ ਹੈ। ਕਈ ਵਾਰੀ ਤਾਂ ਏਦਾਂ ਲੱਗਣ ਲੱਗਦਾ ਹੈ ਕਿ ਸਿਰਫ ਇਹ ਨਹੀਂ ਪਤਾ ਕਿ ਇਹ ਅੱਗ ਕਦੋਂ ਭੜਕੇਗੀ ਪਰ ਭੜਕੇਗੀ ਜ਼ਰੂਰ। ਇਹ ਸਭ ਕੁਝ ਸਾਨੂੰ ਇੱਕੀਵੀ ਸਦੀ ਵਿਚ ਅੱਗੇ ਵਧਣ ਦੀ ਬਜਾਏ ਪਿੱਛੇ ਵਲ ਨੂੰ ਮੋੜ ਰਿਹਾ ਹੈ। ਇਸ ਬਹੁਤ ਹੀ ਖਤਰਨਾਕ ਰੁਝਾਨ ਨੂੰ ਰੋਕਣ ਦੀ ਲੋੜ ਹੈ।

ਇਸ ਔਖੇ ਮਸਲੇ ਦਾ ਹੱਲ ਕਿਸ ਤਰ੍ਹਾਂ ਲੱਭਿਆ ਜਾਵੇ? ਮੇਰਾ ਸੁਝਾਅ ਹੈ ਕਿ ਅਸੀਂ ਭਗਤ ਸਿੰਘ ਤੋਂ ਹੀ ਇਸ ਬਾਰੇ ਸੇਧ ਲਈਏ। ਆਪਣੀ ਨਾਸਤਿਕਤਾ ਬਾਰੇ ਭਗਤ ਸਿੰਘ ਨੇ ਜੋ ਗੱਲਾਂ ਅਤੇ ਜਿਸ ਅੰਦਾਜ਼ ਵਿਚ ਕੀਤੀਆਂ ਹਨ ਉਨ੍ਹਾਂ ਵਿਚ ਬਹੁਤ ਕੁਝ ਇਹੋ ਜਿਹਾ ਹੈ ਜਿਹੜਾ ਸਾਨੂੰ ਇਸ ਸਮੱਸਿਆ ਨਾਲ ਜੂਝਣ ਲਈ ਸੇਧ ਦੇ ਸਕਦਾ ਹੈ। ਆਪਣੇ ਲੇਖ ਵਿਚ ਸਭ ਤੋਂ ਪਹਿਲਾਂ ਭਗਤ ਸਿੰਘ ਦੂਜਿਆਂ ਵਲੋਂ

ਲਾਏ ਇਸ ਦੋਸ਼ ਦੀ ਗੱਲ ਕਰਦਾ ਹੈ ਕਿ ਕੀ ਉਸ ਦਾ ਨਾਸਤਿਕ ਹੋਣਾ ਉਸ ਦੇ ਹੰਕਾਰੀ ਹੋਣ ਦੀ ਨਿਸ਼ਾਨੀ ਹੈ? ਭਗਤ ਸਿੰਘ ਖੁਦ ਸਵਾਲ ਕਰਦਾ ਹੈ ਕਿ *'ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆਂ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆਂ ਹਾਂ?'* ਇਸ ਸਵਾਲ ਦਾ ਜਵਾਬ ਉਹ ਵਿਗਿਆਨਕ ਨਜ਼ਰੀਏ ਨਾਲ ਦਿੰਦਾ ਹੈ ਕਿ ਹੰਕਾਰੀ ਬੰਦਾ ਨਾਸਤਿਕ ਹੋ ਹੀ ਨਹੀਂ ਸਕਦਾ। ਉਹ ਵਿਸਥਾਰ ਵਿਚ ਚਰਚਾ ਕਰਦਾ ਹੈ ਕਿਸ ਤਰ੍ਹਾਂ ਉਹ ਪਹਿਲਾਂ ਧਾਰਮਿਕ ਵਿਚਾਰਾਂ ਦੇ ਅਸਰ ਥੱਲੇ ਸੀ ਤੇ ਫਿਰ ਕਿਸ ਤਰ੍ਹਾਂ ਹੌਲੀ ਹੌਲੀ ਅਧਿਅਨ ਕਰਨ ਬਾਅਦ ਉਹਦੇ ਵਿਚਾਰ ਬਦਲੇ:

> *ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ ਏ ਵੀ ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਉਥੇ ਸਵੇਰ ਤੋਂ ਤ੍ਰਿਕਾਲ ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਸੀ। ਮੈਂ ਉਨ੍ਹਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਸਨ। ਉਨ੍ਹਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ, ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ।*

ਭਗਤ ਸਿੰਘ ਦੱਸਦਾ ਹੈ ਕਿ ਕਿਸ ਤਰ੍ਹਾਂ ਹੌਲੀ ਹੌਲੀ ਖੁਦ ਪੜ੍ਹ ਵਿਚਾਰ ਕੇ ਉਹ ਨਾਸਤਿਕ ਬਣਿਆਂ। ਉਹ ਆਪਣੇ ਆਪ ਨੂੰ ਮੁਖਤਾਬ ਹੁੰਦਾ ਹੈ:

> *ਅਧਿਅਨ ਕਰ ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ 'ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ।*

ਮੈਨੂੰ ਲਗਦਾ ਹੈ ਕਿ ਜੇ ਅਸੀਂ ਭਗਤ ਸਿੰਘ ਦੀ ਇਸ ਬਹੁਤ ਹੀ ਸਾਫ ਸੁਥਰੀ ਤੇ ਸਿੱਧੀ ਪਹੁੰਚ ਨੂੰ ਲੈ ਕੇ ਲੋਕਾਂ ਵਿਚ ਜਾਈਏ ਤੇ ਰੱਬ ਨਾਲ ਸਬੰਧਤ ਸਾਰੇ ਨੇ੍ਰੇ ਤੋਂ ਪੜ੍ਹਦਾ ਲਾਹੀਏ ਤਾਂ ਸ਼ਾਇਦ ਕੁਝ ਫਰਕ ਪੈ ਸਕੇ। ਆਪਣੇ ਆਪ ਨੂੰ ਇਸ ਯੋਗ ਬਣਾਉਣ ਲਈ ਇਸ ਸਮੇਂ ਸਾਨੂੰ ਕਿਸ ਚੀਜ਼ ਦਾ ਅਧਿਅਨ ਕਰਨ ਦੀ ਲੋੜ ਹੈ? ਮੇਰਾ ਸੁਝਾਅ ਹੈ ਕਿ ਹੋਰ ਗੱਲਾਂ ਦੇ ਨਾਲ ਨਾਲ ਵਿਸ਼ਵ ਪੱਧਰ 'ਤੇ ਨਾਸਤਿਕਤਾ ਬਾਰੇ ਚੱਲ ਰਹੇ ਵਿਚਾਰ ਵਟਾਂਦਰੇ ਬਾਰੇ ਸਾਨੂੰ ਧਿਆਨ ਨਾਲ ਪੜ੍ਹਨ ਗੁੜਨ ਦੀ ਲੋੜ ਹੈ। ਅਜੇ ਪਿਛਲੇ ਹਫਤੇ ਹੀ (ਮਾਰਚ 12-14, 2010) ਮਿੱਲਬੌਰਨ ਅਸਟ੍ਰੇਲੀਆ ਵਿਚ ਦੁਨੀਆਂ ਭਰ ਵਿੱਚੋਂ ਢਾਈ ਤਿੰਨ ਹਜ਼ਾਰ ਨਾਸਤਿਕ ਵਿਚਾਰਧਾਰਾ ਵਾਲੇ ਲੋਕਾਂ ਨੇ ਇਕ ਵੱਡੀ ਮੀਟਿੰਗ ਕੀਤੀ ਹੈ। ਉਹ ਕੀ ਵਿਚਾਰ ਵਟਾਂਦਰਾ ਕਰ ਰਹੇ ਹਨ ਸਾਨੂੰ ਜਾਨਣ ਦੀ ਕੋਸ਼ਸ਼ ਕਰਨੀ ਚਾਹੀਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੱਛਮ ਵਿਚ ਚਰਚਤ ਹੋਈਆਂ ਪੁਸਤਕਾਂ, ਜਿਵੇਂ ਰਿਚਰਡ ਡਾਕਿੰਨਜ਼ ਦੀ 'ਦਾ ਗੌਡ ਡਿਲੂਯਨ', ਸੈਮ ਹੈਰਿਸ ਦੀ 'ਦੀ ਇੰਡ ਆਫ ਫੇਥ', ਕ੍ਰਿਸਟੋਫਰ ਹਿਚਨਜ਼ ਦੀ' ਦਾ ਗੌਡ ਇਜ਼ ਨਾਟ ਗ੍ਰੇਟ' ਤੇ ਇਹੋ ਜਿਹੀਆਂ ਦਰਜਨਾਂ ਹੋਰ ਕਾਫੀ ਚਰਚਤ ਕਿਤਾਬਾਂ ਬਾਰੇ ਸਾਨੂੰ ਗਿਆਨ ਹਾਸਲ ਕਰਨਾ ਚਾਹੀਦਾ ਹੈ।

ਦੁਨੀਆਂ ਭਰ ਵਿਚ ਇਕ ਹੋਰ ਬਹੁਤ ਹੀ ਦਿਲਚਸਪ ਨਵੀਂ ਲਹਿਰ ਉੱਠ ਰਹੀ ਹੈ ਜਿਸ ਦਾ ਨਾਂ 'ਜ਼ਾਈਤਗਾਈਸਤ' ਹੈ। ਇਹ ਜਰਮਨ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਮੇਂ ਦੀ ਪ੍ਰਚਲਤ ਵਿਚਾਰਧਾਰਾ। ਉਦਾਹਰਨ ਵਜੋਂ, ਜਿਸ ਤਰ੍ਹਾਂ ਕਿਸੇ ਸਮੇਂ ਰੌਸ਼ਨ ਦਿਮਾਗ ਵੀ ਗੁਲਾਮੀ ਨੂੰ ਸਹੀ ਦਰਸਾਉਂਦੇ ਸਨ ਪਰ ਹੌਲੀ ਹੌਲੀ ਉਸ ਜ਼ਾਈਤਗਾਈਸਤ ਵਿਚ ਤਬਦੀਲੀ ਆਈ ਤੇ ਹੁਣ ਕੋਈ ਆਮ ਸੂਝ ਵਾਲਾ ਵਿਅਕਤੀ ਵੀ ਗੁਲਾਮੀ ਦੇ ਹੱਕ ਵਿਚ ਗੱਲ ਕਰਦਾ ਨਜ਼ਰ ਨਹੀਂ ਆਵੇਗਾ। ਏਸੇ ਤਰ੍ਹਾਂ ਕਿਸੇ ਸਮੇਂ ਔਰਤਾਂ ਦੀ ਬਰਾਬਤਰਤਾ ਬਾਰੇ ਵੀ ਬਹੁਤੇ ਲੋਕ ਸੋਚਣ ਲਈ ਤਿਆਰ ਨਹੀਂ ਸਨ ਪਰ ਹੁਣ ਅਸੀਂ ਦੇਖਦੇ ਹਾਂ ਕਿ ਸਥਿਤੀ, ਜਾਂ ਔਰਤਾਂ ਬਾਰੇ ਜ਼ਾਈਤਗਾਈਸਤ ਬਦਲ ਚੁੱਕੀ ਹੈ।

ਪਿਛਲੇ ਐਤਵਾਰ (ਮਾਰਚ 14) ਮੈਨੂੰ ਵੈਨਕੂਵਰ ਵਿਚ ਜ਼ਾਈਤਗਾਈਜ਼ਤ ਲਹਿਰ ਨਾਲ ਸਬੰਧਤ ਇਕ ਸਾਰੀ ਦਿਹਾੜੀ ਦੀ ਵਰਕਸ਼ਾਪ ਵਿਚ ਜਾਣ ਦਾ ਮੌਕਾ ਮਿਲਿਆ। ਇਸ ਲਹਿਰ ਵਲੋਂ ਦੋ ਮਹੱਤਵਪੂਰਨ ਪਹਿਲੂਆਂ ਬਾਰੇ ਬਹੁਤ ਹੀ ਦਿਲਚਸਪ ਤੇ ਅਸਲੋਂ ਹੀ ਨਵੇਂ ਵਿਚਾਰਾਂ ਵਾਲੀਆਂ ਕੁਝ ਡਾਕੂਮੈਂਟਰੀ ਫਿਲਮਾਂ ਦੇਖੀਆਂ ਤੇ ਲਹਿਰ ਨਾਲ ਸਬੰਧਤ ਲੋਕਾਂ ਦੇ ਵਿਚਾਰ ਸੁਣੇ। ਰੱਬ ਤੇ ਧਰਮ ਦੀ ਅਸਲੀਅਤ ਬਾਰੇ ਤੇ ਮੌਜੂਦਾ ਆਰਥਿਕ ਢਾਂਚੇ ਬਾਰੇ ਉਨ੍ਹਾਂ ਦੇ ਵਿਚਾਰ ਸਾਨੂੰ ਬਹੁਤ ਕੁਝ ਸੋਚਣ ਲਈ ਨਵਾਂ ਦੇ ਸਕਦੇ ਹਨ। ਉਹ ਇਸ ਗੱਲ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕਰ ਰਹੇ ਹਨ ਕਿ ਮੌਜੂਦਾ ਆਰਥਿਕ ਢਾਂਚੇ ਨੇ ਦੁਨੀਆਂ ਭਰ ਦੇ ਹਰ ਵਿਅਕਤੀ, ਸਮਾਜ, ਤੇ ਦੇਸ ਨੂੰ ਕਰਜ਼ੇ ਵਿਚ ਫਸਾ ਕੇ ਗੁਲਾਮ ਬਣਾਇਆ ਹੋਇਆ ਹੈ। ਇਸ ਆਰਥਿਕ ਢਾਂਚੇ ਤੋਂ ਬਹੁਤ ਥੋੜ੍ਹੇ ਲੋਕਾਂ ਨੂੰ ਫਾਇਦਾ ਹੋ ਰਿਹਾ ਹੈ ਤੇ ਦੁਨੀਆਂ ਭਰ ਦੇ ਆਮ ਲੋਕਾਂ ਨੂੰ ਸਿਰਫ ਖਪਤਕਾਰ ਬਣਾ ਕੇ ਉਨ੍ਹਾਂ ਦੇ ਜੀਵਨ ਨੂੰ ਅਤੇ ਇਸ ਧਰਤੀ ਨੂੰ ਵੀ ਇਕ ਬਹੁਤ ਹੀ ਗਲਤ ਤੇ ਵਿਨਾਸ਼ ਵਾਲੀ ਦਿਸ਼ਾ ਵਿਚ ਧੱਕਿਆ ਜਾ ਰਿਹਾ ਹੈ। ਉਹ ਸੁਝਾਅ ਦਿੰਦੇ ਹਨ ਕਿ ਸਾਨੂੰ ਨਾਈਓਮੀ ਕਲਾਈਨ ਦੀ ਪੁਸਤਕ, 'ਦਾ ਸ਼ੌਕ ਡਾਕਟ੍ਰਿਨ' ਪੜ੍ਹਨੀ ਚਾਹੀਦੀ ਹੈ। ਇਸ ਪੁਸਤਕ ਤੋਂ ਸਾਨੂੰ ਇਸ ਗੱਲ ਦਾ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਚੀਨ ਵਰਗੇ ਮੁਲਕ ਦੇ ਇਨਕਲਾਬ ਬਾਅਦ ਵੀ ਆਮ ਲੋਕ ਨਾ ਤਾਂ ਪੂਰੀ ਤਰ੍ਹਾਂ ਆਜ਼ਾਦ ਹਨ ਤੇ ਨਾ ਹੀ ਖੁਸ਼ਹਾਲ। ਸਾਊਥ ਅਫਰੀਕਾ ਦੇ ਨੈਲਸਨ ਮੰਡੇਲਾ ਦਾ ਅਸੀਂ ਜਿੰਨਾ ਮਰਜੀ ਮਾਣ ਸਤਿਕਾਰ ਕਰੀਏ ਪਰ ਅਸਲੀਅਤ ਇਹ ਹੈ ਕਿ ਉੱਥੇ ਅਪਾਰਥਾਈਡ ਖਤਮ ਹੋਣ ਦੇ ਬਾਵਜੂਦ ਆਮ ਲੋਕਾਂ ਦੇ ਜੀਵਨ ਵਿਚ ਕੋਈ ਖਾਸ ਤਬਦੀਲੀ ਨਹੀਂ

ਆਈ। ਇਹ ਬਹੁਤ ਹੀ ਮਹੱਤਵਪੂਰਨ ਕਿਤਾਬ ਹਰ ਸੂਝਵਾਨ ਪੰਜਾਬੀ ਨੂੰ ਪੜ੍ਹਨੀ ਤੇ ਸਮਝਣੀ ਚਾਹੀਦੀ ਹੈ। ਇਸ ਨਾਲ ਸਾਨੂੰ ਦੁਨੀਆਂ ਨੂੰ ਇਕ ਬਹੁਤ ਹੀ ਵੱਖਰੇ ਅੰਦਾਜ਼ ਵਿਚ ਦੇਖਣ ਲਈ ਲੋੜੀਂਦੀ ਜਾਣਕਾਰੀ ਮਿਲ ਸਕਦੀ ਹੈ। ਜ਼ਾਈਤਗਾਈਜ਼ਤ ਲਹਿਰ ਵਾਲੇ ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਤੇ ਡਾਕੂਮੈਂਟਰੀਆਂ ਦੇਖਣ ਦਾ ਸੁਝਾਅ ਦਿੰਦੇ ਹਨ। ਉਨ੍ਹਾਂ ਵਲੋਂ ਇਕ ਵੱਖਰੀ ਦੁਨੀਆਂ ਦਾ ਸੁਪਨਾ ਲਿਆ ਜਾ ਰਿਹਾ ਹੈ ਜਿਸ ਨੂੰ ਉਹ 'ਵੀਨਸ ਪ੍ਰਾਜੈਕਟ' ਦੇ ਨਾਂ ਥੱਲੇ ਪੇਸ਼ ਕਰ ਰਹੇ ਹਨ। ਇਹਦੇ ਬਾਰੇ ਜਾਣਕਾਰੀ ਇੰਟਰਨੈੱਟ ਤੋਂ ਮਿਲ ਸਕਦੀ ਹੈ।

ਏਸੇ ਤਰ੍ਹਾਂ ਦੋ ਤਿੰਨ ਸਾਲ ਪਹਿਲਾਂ ਐਨੀ ਲਿਓਨਰਡ ਵਲੋਂ ਬਣਾਈ ਇਕ ਇੱਕੀ ਮਿੰਟ ਦੀ ਡਾਕੂਮੈਂਟਰੀ ਫਿਲਮ 'ਸਟੋਰੀ ਆਫ ਦਾ ਸਟੱਫ' ਨੇ ਦੁਨੀਆਂ ਭਰ ਦੇ ਲੋਕਾਂ ਨੂੰ ਕਾਰਪੋਰੇਸ਼ਨਾਂ ਵਲੋਂ ਬੜੇ ਚਲਾਕ ਤਰੀਕੇ ਨਾਲ ਖਪਤਕਾਰੀ ਢਾਂਚੇ ਵਿਚ ਫਸਾਏ ਜਾਣ ਦੀ ਅਸਲੀਅਤ ਨੂੰ ਨੰਗਿਆਂ ਕੀਤਾ ਹੈ। ਇਸ ਡਾਕੂਮੈਂਟਰੀ ਨੂੰ ਇੰਟਰਨੈੱਟ 'ਤੇ ਯੂਟਿਊਬ ਰਾਹੀਂ ਲੱਖਾਂ ਹੀ ਲੋਕਾਂ ਨੇ ਦੇਖਿਆ ਹੈ ਤੇ ਦੇਖ ਰਹੇ ਹਨ। ਜ਼ਾਈਤਗਾਈਸਤ ਲਹਿਰ ਨਾਲ ਸਬੰਧਤ ਡਾਕੂਮੈਂਟਰੀਆਂ ਵੀ ਏਸੇ ਤਰ੍ਹਾਂ ਇੰਟਰਨੈੱਟ 'ਤੇ ਦੇਖੀਆਂ ਜਾ ਸਕਦੀਆਂ ਹਨ।

ਸੋ ਮੇਰਾ ਵਿਚਾਰ ਹੈ ਕਿ ਮੌਜੂਦਾ ਸਮੇਂ ਸੰਸਾਰ ਪੱਧਰ 'ਤੇ ਚੱਲ ਰਹੀਆਂ ਇਸ ਕਿਸਮ ਦੀਆਂ ਲਹਿਰਾਂ ਤੇ ਵਿਚਾਰ ਵਟਾਂਦਰੇ ਬਾਰੇ ਸਾਨੂੰ ਜਾਣੂੰ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਭਗਤ ਸਿੰਘ ਵਾਂਗ ਹੀ ਇਕ ਵੱਖਰੇ ਹੌਸਲੇ ਤੇ ਵਿਸ਼ਵਾਸ ਨਾਲ ਲੋਕਾਂ ਨੂੰ ਰੱਬ ਤੇ ਧਰਮ ਤੇ ਨ੍ਹੇਰੇ ਵਿੱਚੋਂ ਕੱਢਣ ਦੀ ਕੋਸ਼ਸ਼ ਕਰ ਸਕੀਏ। ਮੌਜੂਦਾ ਸਮੇਂ ਇਹ ਬਹੁਤ ਹੀ ਜ਼ਰੂਰੀ ਮਸਲਾ ਹੈ ਜਾਂ ਸਭ ਲਈ ਹੋਣਾ ਚਾਹੀਦਾ ਹੈ।

ਹਰ ਇਨਸਾਨ ਨੂੰ ਜਾਤੀ ਪੱਧਰ 'ਤੇ ਆਪਣੀ ਮਰਜ਼ੀ ਦੇ ਰੱਬ ਜਾਂ ਧਾਰਮਿਕ ਵਿਚਾਰਾਂ ਨੂੰ ਮੰਨਣ ਦੀ ਪੂਰਨ ਤੌਰ 'ਤੇ ਆਜ਼ਾਦੀ ਹੋਣੀ ਚਾਹੀਦੀ ਹੈ। ਕਿਸੇ ਵੀ ਦੂਜੇ ਬੰਦੇ ਜਾਂ ਕਿਸੇ ਸਿਆਸੀ, ਸਰਕਾਰੀ ਜਾਂ ਗੈਰ ਸਰਕਾਰੀ ਤਾਕਤ ਨੂੰ ਲੋਕਾਂ ਦੇ ਇਸ ਜਾਤੀ ਵਿਚਾਰ ਵਿਚ ਦਖਲ ਅੰਦਾਜ਼ੀ ਕਰਨ ਦਾ ਹੱਕ ਨਹੀਂ ਹੋਣਾ ਚਾਹੀਦਾ। ਪਰ ਨਾਲ ਹੀ ਜਥੇਬੰਧਕ ਧਰਮਾਂ ਨੂੰ ਵੀ ਇਹ ਹੱਕ ਨਹੀਂ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਉੱਪਰ ਆਪਣੇ ਵਿਚਾਰ ਠੋਸਣ ਜਿਸ ਤਰ੍ਹਾਂ ਕਿ ਹੁਣ ਹੈ। ਪੰਜਾਬ ਦੇ ਪਿੰਡਾਂ ਵਿਚ ਗੁਰਦਵਾਰਿਆਂ ਵਿਚ ਵੱਜਦੇ ਸਪੀਕਰਾਂ ਤੋਂ ਲੈ ਕੇ ਦੁਨੀਆਂ ਭਰ ਦੇ ਰੇਡੀਓ ਟੈਲੀਵਿਯਨ ਪ੍ਰੋਗਰਾਮਾਂ ਰਾਹੀਂ ਹਰ ਵਕਤ ਹਰ ਪਾਸੇ ਧਰਮ ਦਾ ਪ੍ਰਚਾਰ ਚੱਲ ਰਿਹਾ ਹੈ। ਚਲਾਕ ਸਿਆਸੀ ਪੂੰਜੀਵਾਦੀ ਲੋਕ ਸ਼ਰੇਆਮ ਧਰਮ ਦੀ ਵਰਤੋਂ ਕਰ ਕੇ ਆਪਣੀ ਚੌਧਰ ਕਾਇਮ ਰੱਖ ਰਹੇ ਹਨ। ਧਾਰਮਿਕ ਲੋਕਾਂ ਵਲੋਂ ਹਰ ਕਿਸਮ ਦੇ ਘਪਲੇ ਤੇ ਬੱਚਿਆਂ ਨਾਲ ਕਾਮਿਕ ਵਧੀਕਿਆਂ ਦੇ ਕਿੱਸੇ ਰੋਜ਼ ਚਰਚਾ ਵਿਚ ਰਹਿੰਦੇ ਹਨ। ਇਸ ਨਾਲ ਲੋਕਾਂ ਦਾ ਬੇਹੱਦ ਸਮਾਂ ਨਸ਼ਟ ਹੁੰਦਾ ਹੈ ਅਤੇ ਉਨ੍ਹਾਂ ਦੀ ਸੋਚ 'ਤੇ ਜਿਸ ਕਿਸਮ ਦਾ ਮਾਰੂ ਅਸਰ ਪੈਂਦਾ ਹੈ ਉਸ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ। ਕਿਸੇ ਵੀ ਜਥੇਬੰਦ ਧਰਮ ਨੂੰ ਲੋਕਾਂ ਦੇ ਜੀਵਨ ਉੱਪਰ ਇਸ ਕਿਸਮ ਦਾ ਅਸਰ ਪਾਉਣ ਦੀ ਖੁੱਲ੍ਹ ਨਹੀਂ ਹੋਣੀ ਚਾਹੀਦੀ। ਧਰਮ ਤੇ ਸਿਆਸਤ ਵਿਚ ਵੱਧ ਤੋਂ ਵੱਧ ਦੂਰੀ ਪੈਦਾ ਕਰਨ ਦੀ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਕਨੇਡਾ ਵਿਚ ਵੀ ਜਿਸ ਤਰੀਕੇ ਨਾਲ ਧਰਮ ਤੇ ਸਿਆਸਤ ਦਰਮਿਆਨ ਦੂਰੀ ਘਟਾਈ ਜਾ ਰਹੀ ਹੈ, ਇਹ ਗੱਲ ਸਾਡੇ ਲਈ ਚਿੰਤਾ ਵਾਲੀ ਹੋਣੀ ਚਾਹੀਦੀ ਹੈ। ਪ੍ਰਾਈਵੇਟ ਸਕੂਲਾਂ ਦੇ ਨਾਂਅ 'ਤੇ ਜਿਸ ਤਰ੍ਹਾਂ ਵਿਦਿਆ ਵਿਚ ਧਰਮ ਦੀ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ ਉਹ ਆਉਣ ਵਾਲੇ ਸਮੇਂ ਕਨੇਡੀਅਨ ਸਮਾਜ ਵਾਸਤੇ ਖਤਰਨਾਕ ਸਾਬਤ ਹੋ ਸਕਦੀ ਹੈ। ਇਹ ਰੁਝਾਨ ਕਨੇਡੀਅਨ ਸਮਾਜ ਨੂੰ ਵੀ ਉਸੇ ਕਿਸਮ ਦੇ ਮਾਹੌਲ ਵਿਚ ਬਦਲ ਸਕਦਾ ਹੈ ਜਿਸ ਕਿਸਮ ਦਾ ਮਾਹੌਲ ਅਸੀਂ ਦੁਨੀਆਂ ਦੇ ਉਨ੍ਹਾਂ ਮੁਲਕਾਂ ਵਿਚ ਦੇਖ ਰਹੇ ਹਾਂ ਜਿੱਥੇ ਧਰਮ ਤੇ ਸਿਆਸਤ ਵਿਚਕਾਰ ਕੋਈ ਦੂਰੀ ਨਹੀਂ ਹੈ ਅਤੇ ਜਿੱਥੇ ਬੱਚਿਆਂਦੀ ਵਿਦਿਆ ਉੱਪਰ ਧਰਮ ਦਾ ਮੁਕੰਮਲ ਕਬਜ਼ਾ ਹੈ।

ਮੈਂ ਸਮਝਦਾ ਹਾਂ ਕਿ ਸ਼ਹੀਦ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਉਹ ਹੀ ਹੋਵੇਗੀ ਜਦੋਂ ਅਸੀਂ ਉਸ ਦੇ ਵਿਚਾਰਾਂ ਨਾਲ ਹੁੰਦੀ ਬੇਇਨਸਾਫੀ ਨੂੰ ਰੋਕੀਏ ਅਤੇ ਉਹਦੇ ਕੋਲੋਂ ਸੇਧ ਲੈ ਕੇ ਵਿਗਿਆਨਕ ਪਹੁੰਚ ਨਾਲ ਸਮਾਜ ਵਿਚ ਤਰਕਸ਼ੀਲਤਾ ਨੂੰ ਵਧਾਈਏ।

ਅਖੀਰ ਵਿਚ ਮੈਂ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਮੈਨੂੰ ਇਸ ਕਿਸਮ ਦਾ ਕੋਈ ਭੁਲੇਖਾ ਨਹੀਂ ਹੈ ਕਿ ਮੈਂ ਕੋਈ ਬਹੁਤ ਨਵੀਆਂ ਗੱਲਾਂ ਕਰ ਰਿਹਾ ਹਾਂ। ਤਰਕਸ਼ੀਲ ਲਹਿਰ ਪੰਜਾਬ ਵਿਚ ਵੀ ਤੇ ਏਥੇ ਵੀ ਇਸ ਕਿਸਮ ਦੇ ਸਾਹਿਤ ਤੇ ਸੂਝ ਨੂੰ ਬਹੁਤ ਵਧੀਆ ਤਰੀਕੇ ਨਾਲ ਲੋਕਾਂ ਵਿਚ ਲਿਜਾਂਦੀ ਹੈ ਤੇ ਪ੍ਰਚਾਰਦੀ ਹੈ। ਇਹ ਅਮਲ ਹੋਰ ਵੀ ਤਿੱਖਾ ਹੋਣਾ ਚਾਹੀਦਾ ਹੈ ਤੇ ਇਸ ਵਿਚ ਥੋੜ੍ਹਾ ਜਿਹਾ ਹੋਰ ਸਵੈ ਭਰੋਸਾ ਪੈਦਾ ਕਰਨ ਦੀ ਲੋੜ ਹੈ। ਸਾਨੂੰ ਘੱਟੋ ਘੱਟ ਭਗਤ ਸਿੰਘ ਦੀ ਨਾਸਤਿਕਤਾ ਬਾਰੇ ਗੱਲ ਕਰਨ ਲੱਗਿਆਂ ਕਿਸੇ ਕਿਸਮ ਦਾ ਡਰ ਜਾਂ ਅਪਰਾਧ ਭਾਵਨਾ ਨਹੀਂ ਮਹਿਸੂਸ ਹੋਣੀ ਚਾਹੀਦੀ। ਮੌਜੂਦਾ ਸਮੇਂ ਪੰਜਾਬੀ ਸਮਾਜ ਅੰਦਰ ਜਿਸ ਤਰ੍ਹਾਂ ਨਾਸਤਿਕ ਸ਼ਬਦ ਨੂੰ ਇਕ ਗਾਲ਼ ਵਜੋਂ ਲਿਆ ਜਾਂਦਾ ਹੈ ਸਾਨੂੰ ਇਹ ਸਥਿਤੀ ਬਦਲਣ ਲਈ ਹੋਰ ਵੀ ਸ਼ਿੱਦਤ ਨਾਲ ਕੋਸ਼ਸ਼ ਕਰਨੀ ਚਾਹੀਦੀ ਹੈ।

ਬਹੁਤ ਬਹੁਤ ਧੰਨਵਾਦ!

••

**ਧਰਮ ਅਤੇ ਰੱਬ ਬਾਰੇ ਸਾਧੂ ਬਿਨਿੰਗ ਅਤੇ ਹੋਰ ਪੰਜਾਬੀ ਲੇਖਕਾਂ ਦੇ ਵਿਚਾਰ ਡਾਕਟਰ ਪ੍ਰੇਮ ਮਾਨ ਹੋਰਾਂ ਦੇ ਬਲੌਗ 'ਤੇ ਪੜ੍ਹੇ ਜਾ ਸਕਦੇ ਹਨ। ਬਲੌਗ ਦਾ ਪਤਾ ਹੈ: http://punjabiblog.com/March2009.htm**

**ਲੇਖ**

# ਮੁਕਾਬਲਾ



## ਸੁਖਦੇਵ ਸਿੱਧੂ

ਨਵੰਬਰ ਦਾ ਅਖੀਰ ਜਿਹਾ ਸੀ। 1976 ਦਾ ਸਾਲ। ਮੈਂ ਲਾਇਬ੍ਰੇਰੀ ਚੋਂ ਉੱਠ ਕੇ ਘਰ ਜਾਣ ਲਈ ਬਾਹਰ ਆ ਗਿਆ ਸਾਂ। ਪੰਜਾਬੀ ਦੇ ਪ੍ਰੋਫੈਸਰ ਵੀਰ ਸਿੰਘ ਰੰਧਾਵੇ ਨੇ 'ਵਾਜ਼ ਮਾਰ ਲਈ। ਕਿਧਰ ਨੂੰ ਚੱਲਿਆਂ: ਉਨ੍ਹਾਂ ਪੁੱਛਿਆ। ਘਰ ਨੂੰ: ਮੈਂ ਕਿਹਾ। ਲੁਧਿਆਣੇ ਨੂੰ ਜਾਹ ਆ, ਉਨ੍ਹਾਂ ਕਿਹਾ। ਪ੍ਰੋ: ਸਾਹਿਬ ਸੰਜਮ ਦਾ ਬੋਲਣ ਵਾਲੇ ਸੀ। ਬੁੱਧੀਮਾਨ ਹਸਤੀ। ਬਾਅਦ ਚ ਕਾਲਜ ਦੇ ਪ੍ਰਿੰਸੀਪਲ ਰਿਟਾਇਰ ਹੋਏ। ਓਥੇ ਕੀ ਆ ਜੀ, ਮੈਂ ਪੁੱਛਿਆ। ਐਗਰੀਕਲਚਰ ਯੂਨੀਵਰਸਿਟੀ 'ਚ ਕਵਿਤਾ ਮੁਕਾਬਲਾ। ਮੇਰੇ ਨਾਲ਼ ਦਾ ਜੋਟੀਦਾਰ ਤਾਂ ਹੈ ਨਹੀਂ ਜੀ, ਮੈਂ ਕਿਹਾ। ਤੂੰ 'ਕੱਲਾ ਹੀ ਚਲਿਆ ਜਾਹ, ਉਨ੍ਹਾਂ ਕਿਹਾ। ਅਜੇ ਮੈਂ ਜੁਆਬ ਨਹੀਂ ਸੀ ਦਿੱਤਾ ਕਿ ਓਧਰੋਂ ਚੀਮਾ ਆਉਂਦਾ ਦਿਸ ਪਿਆ। ਪ੍ਰੋ ਸਾਹਿਬ ਕਹਿੰਦੇ, ਇਹਨੂੰ ਨਾਲ਼ ਲੈ ਜਾਹ। ਪ੍ਰੋ ਸਾਹਿਬ ਵੀ ਜਾਣਦੇ ਸੀ ਕਿ ਚੀਮਾ ਕਵਿਤਾ ਤਾਂ ਪੜ੍ਹਦਾ ਨਹੀਂ ਸੀ। ਓਹ ਗ਼ੁਲਾਮ ਅਲੀ ਤੇ ਹੋਰ ਪਾਕਿਸਤਾਨੀ ਗਵੱਈਆਂ ਦੇ ਚਾਲੂ ਗੀਤ-ਗ਼ਜ਼ਲਾਂ ਸੁਣਾਉਂਦਾ ਸੀ। ਪ੍ਰੋ: ਸਾਹਿਬ ਨੇ ਭੇਤ ਖੋਲ੍ਹਿਆ ਕਿ ਓਥੇ ਪਾਕਿਸਤਾਨੀ ਕਵਿਤਾਵਾਂ ਦਾ ਮੁਕਾਬਲਾ ਹੈ। ਹੋਰ ਮੁਸ਼ਕਿਲ ਖੜੀ ਹੋ ਗਈ ਸੀ। ਮੇਰੇ ਕੋਲ਼ ਨਾ ਕੋਈ ਪਾਕਿਸਤਾਨੀ ਕਵਿਤਾ ਸੀ, ਨਾ ਕਿਤਿਓਂ ਏਡੀ ਛੇਤੀ ਮਿਲਣੀ ਸੀ। ਅਜੇ ਜੱਕੋ-ਤੱਕੀ 'ਚ ਹੀ ਸਾਂ, ਕਿ ਪ੍ਰੋ: ਕਰਮਜੀਤ ਗਿੱਲ ਆ ਗਏ। ਓਹ ਕਹਿੰਦੇ ਮੇਰੇ ਨਾਲ਼ ਚੱਲ, ਮੈਂ ਇਕੱਤੀ ਫਰਵਰੀ ਦਾ ਪਾਕਿਸਤਾਨੀ ਅੰਕ ਦਿੰਨਾਂ, ਓਹਦੇ ਚੋਂ ਕੋਈ ਪੜ੍ਹ ਦਈਂ। ਪ੍ਰੋ: ਕਰਮਜੀਤ ਗਿੱਲ ਓਦੋਂ ਅਮਰਜੀਤ ਦੀ ਚੰਦਨਵਾੜੀ 'ਚ ਕਿਰਾਏ ਤੇ ਰਹਿੰਦੇ ਸੀ। ਪ੍ਰੋ: ਸਾਹਿਬ ਸਾਈਕਲ (ਓਦੋਂ ਸਾਰੇ ਪ੍ਰੋ: ਸਿਵਾਏ ਡੀ ਪੀ ਈ, ਬਲਬੀਰ ਸਿੰਘ ਕੁਲਾਰ, ਤੋਂ ਸੈਕਲਾਂ ਤੇ ਹੀ ਹੁੰਦੇ ਸੀ) ਤੇ ਘਰ ਗਏ ਤੇ ਮੈਂ ਤੁਰ ਕੇ। ਇਕੱਤੀ ਫਰਵਰੀ ਦਾ ਅੰਕ ਲੈ ਕੇ ਮੈਂ ਬੱਸ ਅੱਡੇ ਪਹੁੰਚ ਗਿਆ। ਸਾਡੇ ਕੋਲ਼ ਟਾਇਮ ਵੀ ਪੂਰਾ ਪੂਰਾ ਹੀ ਸੀ। ਚੀਮਾ ਸਿੱਧਾ ਬੱਸ ਅੱਡੇ ਤੇ ਆ ਗਿਆ ਸੀ। ਅਸੀਂ ਲੁਧਿਆਣੇ ਵਾਲ਼ੀ ਬੱਸ ਫੜ ਲਈ।


ਏਨੀ ਕਾਹਲ਼ੀ 'ਚ ਲੁਧਿਆਣੇ ਜਾਣ ਦਾ ਵੱਡਾ ਕਾਰਨ ਇਹ ਸੀ ਕਿ ਪ੍ਰੋਫੈਸਰ ਵੀਰ ਸਿੰਘ ਰੰਧਾਵਾ ਤੇ ਸੁਰਜੀਤ ਪਾਤਰ ਗੂੜ੍ਹੇ ਮਿੱਤਰ ਸੀ। ਲੰਗੋਟੀਏ ਯਾਰ। ਇਕ ਦੂਜੇ ਦੇ ਪੋਤੜਿਆਂ ਦੇ ਜਾਣੂੰ। ਪਿੰਡਾਂ ਵਲੋਂ ਵੀ ਗੁਆਂਢੀ। ਫਿਆਲ਼ੀ ਤੇ ਪੱਤੜਾਂ ਦੀ ਜੂਹ ਰਲ਼ਦੀ ਹੈ। ਇਹ ਪੰਜਵੀਂ ਤੋਂ ਐੱਮ ਏ ਤੱਕ ਇਕੱਠੇ ਪੜ੍ਹੇ। ਚੌਥੀ ਤੱਕ ਆਪੋ ਆਪਣੇ ਪਿੰਡੀਂ। ਦਸਵੀਂ ਤਕ ਖਾਲਸਾ ਸਕੂਲ ਖਹਿਰਾ ਮੱਝਾ ਪੜੇ; ਫਿਰ ਰਣਧੀਰ ਕਾਲਜ ਕਪੂਰਥਲੇ ਤੇ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲੇ। ਇਹ ਇਕ ਦੂਜੇ ਦਾ ਕਿਹਾ ਨਹੀਂ ਸੀ ਮੋੜਦੇ। ਸਾਡੇ ਕਾਲਜ ਜਿੰਨੇ ਵੀ ਕਵੀ ਦਰਬਾਰ ਹੋਏ, ਪਾਤਰ ਨੇ ਜ਼ਰੂਰ ਪਹੁੰਚਣਾ। ਸੱਤ ਵਲ਼ ਭੰਨ ਕੇ ਵੀ। ਨਾਲ਼ ਅਮਿਤੋਜ ਹੋਣਾ। ਹੰਸਾਂ ਦੀ ਜੋੜੀ। ਪੰਜਾਬੀ ਕਵਿਤਾ ਦੇ ਭਵਿੱਖ। ਦੋਵੇਂ ਪਾਪੂਲਰ। ਹੁਣ ਪ੍ਰੋ: ਵੀਰ ਸਿੰਘ ਦੀ ਮਾਣ ਰੱਖਣ ਦੀ ਵਾਰੀ ਸੀ। ਏਸੇ ਕਰਕੇ ਸਾਡਾ ਲੁਧਿਆਣੇ ਪਹੁੰਚਣਾ ਜ਼ਰੂਰੀ ਸੀ। ਮੁਕਾਬਲਾ ਸੁਰਜੀਤ ਪਾਤਰ ਹੋਰਾਂ ਕਰਵਾਇਆ ਸੀ। ਐਗਰੀਕਲਚਰ ਯੂਨੀਵਰਸਿਟੀ 'ਚ। ਨਵੇਕਲੀ ਗੱਲ ਸੀ - ਨਵਾਂ ਤਜ਼ੁਰਬਾ ਸੀ। ਪ੍ਰੋ: ਵੀਰ ਸਿੰਘ ਦੇ ਨਕੋਦਰ ਕਾਲਜ ਦੀ ਹਾਜ਼ਰੀ ਲੱਗਣੀ ਵੀ ਜ਼ਰੂਰੀ ਸੀ। ਇਹ ਲੱਗਣੀ ਸਾਡੇ ਰਾਹੀਂ ਸੀ।

ਮੈਨੂੰ ਦੋ ਵੱਡੇ ਸੰਸੇ ਸੀ। ਇਕ ਆਵਦਾ ਸੀ ਕਿ ਪਾਕਿਸਤਾਨੀ ਕਵਿਤਾਵਾਂ ਤੇ ਮੇਰੀ ਮੁਹਾਰਤ ਨਹੀਂ ਸੀ ਤੇ ਏਨੇ ਥੋੜ੍ਹੇ ਅਰਸੇ ਵਿਚ ਇਹ ਸ਼ਾਇਦ ਸੰਭਵ ਨਹੀਂ ਸੀ। ਦੂਸਰਾ ਚੀਮਾ ਤਾਂ ਗੁਲਾਮ ਅਲੀ-ਮਸੂਦ ਰਾਣੇ ਦੇ ਪਾਕਿਸਤਾਨੀ ਗਾਣੇ ਗਾਉਂਦਾ ਸੀ - ਡੈਸਕ ਤੇ ਹੀ ਥੱਪ ਥੱਪਾ, ਢੋਲਕੀ ਵਜਾ ਕੇ। ਇਹ ਕਵਿਤਾ ਮੁਕਾਬਲੇ ਚ ਕਿੱਦਾਂ ਫਿੱਟ ਹੋਊ। ਪਰ ਹੁਣ ਮੋਹਲ਼ਿਆਂ ਤੋਂ ਡਰਨ ਦਾ ਕੋਈ ਲਾਭ ਨਹੀਂ ਸੀ ਹੋਣਾ। ਉੱਖਲ਼ੀ ਚ ਸਿਰ ਪੈ ਗਿਆ ਸੀ।

ਅਸਲ ਚ ਚੀਮਾ ਵਾਹਵਾ ਚੰਗਾ ਗਾਅ ਲੈਂਦਾ ਸੀ। ਆਵਾਜ਼ ਚ ਮਿਠਾਸ ਸੀ। ਸੁਰ ਵੀ ਠੀਕ ਸੀ। ਹੋਰ ਵੀ ਵਧੀਆ ਗਾਅ ਸਕਦਾ ਸੀ। ਇਹਨੂੰ ਫੋਕੀ ਫੂੰ ਫਾਂਅ ਦੀ ਮਾਰ ਸੀ। ਇਹਦਾ ਬਾਪ ਭਲਾ ਬੰਦਾ ਸੀ। ਰਿਟਾਇਰਡ ਫ਼ੌਜੀ। ਸਾਊ ਬੰਦਾ। ਮਹਿਤਪੁਰ ਹੀ ਪੀ ਟੀ ਮਾਸਟਰ ਲੱਗ ਗਿਆ ਸੀ। ਪੇ ਪੁੱਤ ਇੱਕੋ ਸਕੂਲੇ। ਸਮਰਾਵਾਂ ਮਹੱਲੇ ਰਹਿੰਦੇ ਸੀ। ਪਰ ਚੀਮੇ ਅੰਦਰਲ਼ਾ ਹੰਕਾਰੀ ਬੰਦਾ ਡਾਢਾ ਸੀ। ਹਰ ਵੇਲੇ ਧੌਣ

ਸਾਹਨੇ ਵਾਗੂੰ ਅਕੜਾਈ ਰੱਖਦਾ। ਲੱਤਾਂ ਠੋਕ ਠੋਕ ਕੇ ਤੁਰਦਾ। ਇਹਦਾ ਅਗਨ ਬਾਣ ਜਾਤ ਪਾਤ ਹੁੰਦਾ ਸੀ। ਗੌਣ ਤੋਂ ਬਿਨਾਂ ਬਾਕੀ ਸਾਰੇ ਕੰਮਾਂ ਚ ਵੱਤੇ ਹੀ ਸੀ। ਖੇਡਾਂ ਚ ਨਿਕੰਮਾ। ਪੜ੍ਹਾਈ 'ਚ ਵੀ ਠੀਕ ਠਾਕ ਹੀ ਸੀ। ਇਹ ਘਾਟਾਂ ਇਹ ਜਾਤ ਬਰਾਦਰੀ ਤੇ ਉਤਰ ਕੇ ਪੂਰੀਆਂ ਕਰ ਲੈਂਦਾ ਸੀ। ਆਵਦੇ ਤੋਂ ਹੁਸ਼ਿਆਰ ਮੁੰਡਿਆਂ ਤੇ ਹੋਰ ਕੋਈ ਚਾਰਾ ਨਾ ਚਲਦਾ ਤਾਂ ਝੀਰ, ਚਮਾਰ, ਚੂੜ੍ਹਾ, ਛੀਬਾ, ਗੁੱਲੀਘਾੜਾ, ਕੰਬੋ ਤੇ ਆ ਜਾਂਦਾ ਸੀ। ਪਰ ਇਹਦੇ 'ਚ ਮੂੰਹ ਤੇ ਕਿਸੇ ਨੂੰ ਕੁਛ ਕਹਿਣ ਦੀ ਹਿੰਮਤ ਨਹੀਂ ਸੀ। ਬੁੜ ਬੁੜ ਬਥੇਰੀ ਕਰ ਲੈਂਦਾ ਸੀ।

ਅਸੀਂ ਲੁਧਿਆਣੇ ਪਹੁੰਚ ਗਏ। ਮੁਕਾਬਲਾ ਸ਼ਾਮ ਜਿਹੀ ਨੂੰ ਸੀ। ਅਸੀਂ ਮਸਾਂ ਈ ਪੂਰੇ ਟਾਇਮ ਨਾਲ ਪਹੁੰਚੇ। ਪਾਤਰ ਸਾਹਿਬ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਨ੍ਹਾਂ ਸ਼ਰਨਜੀਤ ਮਣਕੂ ਨੂੰ ਸਾਡੀ ਦੇਖਭਾਲ਼ ਲਈ ਕਿਹਾ। ਇਹ ਚੀਮੇ ਦਾ ਜਾਣੂੰ ਨਿਕਲ ਆਇਆ। ਇਨ੍ਹਾਂ ਨੇ ਆਪਸ ਵਿਚ ਕੋਈ ਗਿਟ ਮਿਟ ਕੀਤੀ ਸੀ। ਓਸ ਵੇਲ਼ੇ ਮੈਨੂੰ ਇਨ੍ਹਾਂ ਦੀ ਸਾਂਝ ਦਾ ਪਤਾ ਨਾ ਲੱਗਾ।



(ਸਤਿੰਦਰ ਸਿੰਘ ਨੂਰ, ਪ੍ਰੋਫੈਸਰ ਵੀਰ ਸਿੰਘ ਰੰਧਾਵਾ, ਸੁਰਜੀਤ ਪਾਤਰ ਅਤੇ ਰਣਜੀਤ ਬਾਜਵਾ)

ਪ੍ਰੋਗਰਾਮ ਸ਼ੁਰੂ ਹੋਇਆ। ਸਟੇਜ ਤੇ ਪਾਤਰ ਅਤੇ ਅਮਿਤੋਜ ਬੈਠੇ। ਹਾਲ ਵਾਹਵਾ ਭਰਿਆ ਹੋਇਆ ਸੀ। ਹੇਠਾਂ ਮੋਹਰਲੀ ਕਤਾਰ 'ਚ ਸੇਖੋਂ, ਦੁਸਾਂਝ, ਪ੍ਰੋ ਮੋਹਨ ਸਿੰਘ ਤੇ ਹੋਰ ਕਈ। ਸੇਖੋਂ ਦੇ ਦੋਹੀਂ ਪਾਸੀਂ ਦੋ-ਦੋ ਤਿੰਨ-ਤਿੰਨ ਸੀਟਾਂ ਛੱਡਕੇ ਸਾੜੀਆਂ ਚ ਫਬੀਆਂ ਦੋ ਤਿੰਨ ਮੈਡਮਾਂ ਵੀ ਬੈਠੀਆਂ ਸੀ। ਸੇਖੋਂ ਦੀ ਨਜ਼ਰ ਮੁੜ ਮੁੜ ਕੇ ਓਧਰ ਨੂੰ ਜਾਂਦੀ ਸੀ।

ਅਮਿਤੋਜ ਨੇ ਦਾਹੜੀ ਵੀ ਆਮ ਨਾਲੋਂ ਵਾਹਵਾ ਵਧਾਈ ਹੋਈ ਸੀ। ਸੇਖੋਂ ਨੇ ਚਲਦੇ ਪ੍ਰੋਗਰਾਮ 'ਚ ਵਿਚੋਂ ਹੀ ਟੋਕ ਕੇ ਇਹਨੂੰ ਪੁੱਛਿਆ: ਓਏ, ਤੂੰ ਅਮਿਤੋਜ ਆਂ। ਮੋਹਰਿਓਂ ਅਮਿਤੋਜ ਨੇ ਸਿਰਫ਼ ਮੁਸਕਰਾ ਕੇ ਸਿਰ ਹਿਲਾ ਦਿੱਤਾ। ਪ੍ਰੋਗਰਾਮ 'ਚ ਸੇਖੋਂ ਦਾ ਜਦੋਂ ਚਿੱਤ ਕਰਦਾ ਬੋਲ ਪੈਂਦਾ ਸੀ। ਬਾਅਦ 'ਚ ਪਤਾ ਲੱਗਿਆ ਕਿ ਇਹ ਇਹਦੀ ਪੱਕੀ ਵਾਦੀ ਸੀ। ਇਹਨੇ ਇਹ ਆਪੇ ਹੀ ਇਹ ਖੁੱਲ੍ਹ ਲਈ ਹੋਈ ਸੀ। ਕੋਈ ਇਹਨੂੰ ਡੱਕਣ ਵਾਲ਼ਾ ਨਹੀਂ ਸੀ, ਨਾ ਇਹ ਕਿਸੇ ਦੇ ਰੁਕਿਆਂ ਰੁਕਦਾ ਸੀ। ਮੈਨੂੰ ਡਰ ਹੋ ਗਿਆ ਸੀ ਕਿ ਇਹ ਮੈਨੂੰ ਉਖਾੜ ਨਾ ਦੇਵੇ। ਕਈ ਵਾਰ ਉੱਖੜਿਆ ਬੰਦਾ ਮੁੜ ਕੇ ਤਾਅਬ ਨਹੀਂ ਆਉਂਦਾ।

ਬੱਸ ਚ ਬੈਠਿਆਂ ਮੈਂ ਦੋ ਕਵਿਤਾਵਾਂ ਤੇ ਟੇਕ ਲਾ ਲਾਈ ਸੀ। ਸ਼ਰੀਫ ਕੁੰਜਾਹੀ ਦੀ 'ਵੀਰਾ ਤੂੰ ਕੁੰਜਾਹ ਦਾ ਏਂ' ਤੇ ਅਤੇ ਅਹਿਮਦ ਸਲੀਮ ਦੀ 'ਮਿਆਣਾ ਗੋਂਦਲ ਦਾ ਢੋਲਾ' ਬਲਕਿ ਮਾਸੀ ਜੱਨਤੇ। ਇਕੱਤੀ ਫਰਵਰੀ ਸਤਿੰਦਰ ਸਿੰਘ ਨੂਰ ਕੱਢਦਾ ਸੀ। ਸੁਰਜੀਤ ਪਾਤਰ ਦਾ ਵੀ ਸਹਿਯੋਗ ਸੀ। ਦੋਵੇਂ ਬੇਲੀ ਵੀ ਸੀ। ਪਟਿਆਲੇ 'ਕੱਠੇ ਪੜ੍ਹਦੇ ਰਹੇ ਸੀ। ਮੈਨੂੰ ਡਰ ਸੀ ਕਿ ਮੇਰੀਆਂ ਤਿਆਰ ਕੀਤੀਆਂ ਕਵਿਤਾਵਾਂ ਮੈਥੋਂ ਪਹਿਲਾਂ ਕੋਈ ਹੋਰ ਨਾ ਪੜ੍ਹ ਦਏ। ਸੱਭ ਨੇ ਪਾਕਿਸਤਾਨੀ ਕਵਿਤਾਵਾਂ ਜਾਂ ਇਕੱਤੀ ਫਰਵਰੀ ਚੋਂ ਲੈਣੀਆਂ ਸੀ ਜਾਂ ਡਾਕਟਰ ਅਤਰ ਸਿੰਘ ਤੇ ਡਾਕਟਰ ਜਗਤਾਰ ਦੀ ਸੰਪਾਦਿਤ ਕੀਤੀ ਕਿਤਾਬ 'ਦੁੱਖ ਦਰਿਆਓਂ ਪਾਰ ਦੇ' ਚੋਂ। ਹੋਰ ਕੋਈ ਚਾਰਾ ਹੀ ਨਹੀਂ ਸੀ। ਸਾਡੀ ਵਾਰੀ ਅੱਧ ਵਿਚਲ਼ੇ ਜਿਹੇ ਆ ਗਈ। ਕੁੰਜਾਹੀ ਵਾਲ਼ੀ ਕਿਸੇ ਹੋਰ ਨੇ ਪਹਿਲਾਂ ਪੜ੍ਹ ਦਿੱਤੀ ਸੀ। ਮੇਰੇ ਕੋਲ਼ ਸਿਰਫ ਅਹਿਮਦ ਸਲੀਮ ਵਾਲ਼ੀ ਹੀ ਰਹਿ ਗਈ ਸੀ। ਮੈਨੂੰ ਡਰ ਸੀ ਕਿਤੇ ਇਹ ਵੀ ਕੋਈ ਮੈਥੋਂ ਪਹਿਲਾਂ ਹੀ ਨਾ ਪੜ੍ਹ ਦੇਵੇ। ਮੈਂ ਹੱਥਲ਼ ਹੋ ਜਾਣਾ ਸੀ। ਖ਼ੈਰ ਮਾਸੀ ਜੱਨਤੇ (ਮਿਆਣਾ ਗੋਂਦਲ ਦਾ ਢੋਲਾ) ਚੰਗੀ ਰਹੀ ਸੀ। ਬਾਵਜੂਦ ਬੋਲੀ ਦੇ ਮਮੂਲੀ ਵਖਰੇਂਵੇ ਦੇ। ਅਹਿਮਦ ਸਲੀਮ ਦੀ ਇਹ ਕਵਿਤਾ ਵਧੀਆ ਮੰਨੀ ਜਾਂਦੀ ਹੈ। ਇਹਦੇ 'ਚ ਵੱਡੇ ਰੌਲ਼ਿਆ ਵੇਲੇ ਓਧਰ ਰਹਿ ਗਈ ਸਿੱਖ ਤੀਵੀਂ ਦੀਆਂ ਮਨ ਭਰਮਾਈਆਂ ਦਾ ਬਿਆਨ ਹੈ। ਇਹ ਕਵਿਤਾ ਦੋਵੇਂ ਪਾਸੀਂ ਧੱਕੇ ਨਾਲ਼ ਚੁੱਕੀਆਂ-ਰੱਖੀਆਂ ਤੀਵੀਂਆਂ ਦਾ ਬਿਰਤਾਂਤ ਖੁਲਾਸਾ ਹੈ। ਵੱਡੇ ਨੌਢੂ ਖਾਂ ਮਰਦਾਂ, ਮੁਸਲਮਾਨੋਂ ਸਿੱਖ ਤੇ ਸਿੱਖੋਂ ਮੁਸਲਮਾਨ ਤਾਂ ਧੱਕੇ ਨਾਲ਼ ਬਣਾ ਲਈਆਂ। ਪਰ ਇਹਨਾਂ ਦਾ ਮਨ ਕਿੱਦਾਂ ਬਦਲਦੇ। ਇਨ੍ਹਾਂ ਦੇ ਅੰਦਰਲੇ ਤਾਂ ਢਿੱਡੋਂ ਜੰਮੇ ਧੀਆਂ ਪੁਤਰ ਵੀ ਨਾ ਬਦਲ ਸਕੇ; ਧੱਕੇ ਨਾਲ਼ ਖ਼ਸਮ ਬਣੇ ਮਰਦਾਂ ਨੇ ਕੀ ਕਰ ਲੈਣਾ ਸੀ। ਇਹ ਅੰਦਰੋਂ ਜਿਵੇਂ ਜੰਮੀਆਂ-ਜੁਆਨ ਹੋਈਆਂ ਸੀ, ਉਵੇਂ ਪੂਰੀਆਂ ਹੋ ਗਈਆਂ। ਮਨਾਂ ਨੂੰ ਮਾਰਨਾ ਸੌਖਾ ਨਹੀਂ ਹੁੰਦਾ:

ਮਾਸੀ ਜੱਨਤੇ ! ਲੁਕ ਲੁਕ ਕੇ ਤੂੰ ਗਰੰਥ ਦਾ ਪਾਠ ਕਰੇਂਦੀ
ਬੁੱਢੀ ਹੋ ਗਈ ਏ
ਇਹ ਹਨੇਰੀ ਕੋਠੜੀ ਤੇਰੀ ਕਬਰ ਏ ਕਿ ਗੁਰਦੁਆਰਾ
ਮਾਸੀ ! ਮੈਂ ਹਿਕ ਮੁਸਲੇ ਦੇ ਘਰ ਜੰਮਿਆ
ਆ ਤੈਂਡੀ ਪੀੜ ਲਿਖਾਂ।
''ਛੋਹਰਾ, ਇਥੇ ਹਿਕ ਗਿਰਾਂ ਗੋਬਿੰਦਪੁਰ ਵਸਦਾ ਹਾ

ਹੁਣ ਉਹ ਛੱਬੀ ਅਸਲਾਮਾ ਬਾਦ ਸਦੀਂਦਾ
ਦੋ ਕੋਹ ਨਾਲ਼ ਮਿਆਣਾ ਗੋਂਦਲ ਹਿਕ ਹੋਰ ਗਿਰਾਂ ਵਸੀਂਦਾ
ਜਿੱਥੇ ਤੈਂਡਾ ਦਾਦਾ ਖੋਜਾ ਮੀਆਂ ਫ਼ਜਲ ਕਰੀਮ ਬਜਾਜੀ ਆਲਾ ਬੀ
ਰਹਿੰਦਾ ਆਹਾ

ਉਹ ਬੜਾ ਸਾਊ ਮਰਦ ਹਾ
ਗਰੰਥ ਕੁਰਾਨ ਦੇ ਵਿਤਕਰਿਆਂ ਤੋਂ ਭੱਜਦਾ
ਪੰਜ ਵਕਤ ਨਮਾਜ਼ੀ
ਬੜਾ ਸਾਊ ਮਰਦ ਹਾ ਉਹ
ਜਿਦ ਦੇਂਹ ਤੈਂਡੇ ਦਾਦੇ ਅੱਖਾਂ ਨੂਟੀਆਂ
ਡਾਹਡੀ ਕਹਿਰਾਂ ਦੀ ਨੇਰ੍ਹੀ ਝੁੱਲੀ
ਅਸਮਾਨਾਂ ਤੋਂ ਲਹੂ ਦੇ ਬੱਦਲ ਵੱਸੇ
ਜ਼ਿਮੀਂ ਲਾਸ਼ਾਂ ਜੰਮੀਆਂ
ਤੇ ਵਿੰਹਿਦਆਂ ਵਿੰਹਿਦਿਆ ਗੋਬਿੰਦਪੁਰਾ
ਛੱਬੀ ਚੱਕ ਅਸਲਾਮਾਬਾਦ ਬਣ ਗਿਆ।
ਤੇ ਛੋਹਰਾ, ਮੈਂ ਆਪਣੀ ਜ਼ਿਮੀਂ ਨਾਲ ਬੱਧੀ ਹੋਈ ਰਾਜ ਕੌਰ
ਜੱਨਤ ਬੀਬੀ ਹੋ ਗਈ।

ਪਰ ਢਿੱਡੋਂ ਸਿੱਖ ਸਿਦਕ ਛੋੜ ਨਾ ਸਕੀ
ਮੈਂਢਾ ਪੁੱਤਰ ਈਸ਼ਰ ਸਿਆਂ ਤੋਂ ਉਮਰ ਦੀਨ ਬਣਿਆ
ਤੇ ਅੱਜ ਉਮਰੇ ਦੀ ਧੀ ਮੈਂਡੀ ਪੋਤਰੀ ਆਂਹਦੀ ਏ
'ਦਾਦੀ, ਮੈਂ ਕੋਈ ਨਾ ਫ਼ਾਤਿਮਾ ਬੀਬੀ ਬਣ ਕੇ ਰਹਿਣਾ
ਮੈਨੂੰ ਗੁਰਦੁਆਰੇ ਵੰਝ ਕੇ ਗਰੰਥ ਸਾਹਿਬ ਦਾ ਪਾਠ ਕਰਨ ਦੇਹ
ਪੁੱਤਰ, ਤੂੰ ਹੀ ਚਾ ਇਸ ਝੱਲੀ ਕੁੜੀ ਨੂੰ ਸਮਝਾ
ਭੈੜੀ ਕੇਹੇ ਜਿਹੀਆਂ ਗੱਲਾਂ ਪਈ ਕਰੇਂਦੀ ਏ
ਹੁਣ ਗੁਰਦੁਆਰਾ ਕਾਂਏ ਦਾ ਤੇ ਕੈਂਡਾ?
ਅੱਜ ਉਥੇ ਬਾਰੋਂ ਆਏ ਮੁਸੱਲੀਆਂ ਦੇ ਟੱਬਰ ਰਹਿੰਦੇ
ਵਿਚੋਂ ਮੱਝੀਂ ਗਾਈਂ ਹੱਗਦੀਆਂ ਮੂਤਦੀਆਂ.........।'
''ਭੈਣੇ, ਚੱਲ ਹਿੱਕ ਨਵਾਂ ਗੁਰਦੁਆਰਾ ਬਣਾਈਏ
ਤੈਂਡਾ ਭਰਾ ਹਿਕ ਮੁਸਲੇ ਖੋਜੇ ਫ਼ਜਲ ਕਰੀਮ ਦਾ ਪੋਤਰਾ
ਅੱਜ ਆਪਣੇ ਲਹੂ ਦੇ ਮਿੱਟੀ ਗਾਰੇ ਨਾਲ ਨਵੇਂ ਗੁਰਦੁਆਰੇ ਦੀ
ਉਸਾਰੀ ਕਰੇਸੀ।

ਆਪਣੀ ਭੈਣ ਦੇ ਰੱਬ ਦਾ ਦਿਲ ਜਿੱਤੇਸੀ...''
ਸਿੱਖ ਕੁੜੀ ਆਪਣੇ ਮੁਸਲੇ ਭਰਾ ਦੀ ਛਾਤੀ ਤੇ ਸਿਰ ਰੱਖਕੇ ਕੁਰਲਾ ਪਈ
''ਮੈਂਡਾ ਰੱਬ ਤੇਰੇ ਅੰਦਰ ਪਿਆ ਜੀਂਦਾ ਮੇਰਿਆ ਭਰਾਵਾ,
ਮੈਂਡਾ ਗੁਰਦੁਆਰਾ ਤੈਂਡੀ ਨਿੱਘੀ ਛਾਤੀ,
ਮੈਨੂੰ ਹੋਰ ਕਿਸੇ ਗੁਰਦੁਆਰੇ ਦੀ ਲੋੜ ਨਹੀ ਓ ਭਰਾਵਾ
ਤੇ ਅਹਿਮਦ ਆਂਹਦਾ ਵੇ
''ਪਾਰੇ ਕਿਸੇ ਸਿੰਘ ਦੀ
ਛਾਤੀ ਵਿਚ ਕਿਸੇ ਸਕੀਨਾ ਦਾ ਰੱਬ ਵਸਣ
ਲੱਗ ਵੰਝੇ ਤਾਂ......''

ਅਸੀਂ ਮੁਕਾਬਲਾ ਨਾ ਜਿੱਤਿਆ। ਤੀਜੇ ਨੰਬਰ ਤੇ ਆਏ। ਏਹ ਵੀ ਅਚੰਭਾ ਲੱਗਿਆ। ਮੈਨੂੰ ਇਹਦੀ ਆਸ ਨਹੀ ਸੀ ਰਹੀ। ਚੀਮਾ ਗਾਂਉਦਾ ਗਾਂਉਦਾ ਉੱਖੜ ਗਿਆ ਸੀ। ਇਹਦੀ ਮੈਨੂੰ ਆਸ ਨਹੀਂ ਸੀ। ਇਹ ਬੜੇ ਹੌਂਸਲੇ ਨਾਲ ਗਾ ਲੈਂਦਾ ਸੀ। ਗੀਤ-ਗਾਣੇ ਇਹਦੇ ਰਟੇ ਹੁੰਦੇ ਸੀ। ਘੋਟਾ ਲਾ ਕੇ। ਮੈਨੂੰ ਸਮਝ ਨਹੀਂ ਸੀ ਆਈ ਕਿ ਇਹ ਹੋ ਕਿੱਦਾਂ ਗਿਆ ਸੀ। ਚੀਮਾ ਛਿੱਥਾ ਪੈ ਗਿਆ ਸੀ। ਅੱਖਾਂ ਨੀਵੀਆਂ ਕਰੀ ਫਿਰਦਾ ਸੀ।

ਸ਼ਰਨਜੀਤ ਮਣਕੂ, ਪਾਤਰ ਦੇ ਸ਼ਗਿਰਦਾਂ 'ਚੋਂ ਹੀ ਸੀ। ਇਹ ਮਹਿਤਪੁਰ ਦਾ ਨਿਕਲਿਆ। ਚੀਮੇ ਦਾ ਪੇਂਡੂ। ਲੁਧਿਆਣੇ ਬੀ ਐੱਸ ਸੀ ਕਰਦਾ ਸੀ। ਕਵਿਤਾ ਵੀ ਲਿਖਦਾ ਸੀ। ਉਹਨੇ ਚੀਮੇ ਨੂੰ ਪਛਾਣ ਕੇ ਸਾਹਿਬ ਸਲਾਮ ਕੀਤੀ ਸੀ। ਬਾਹਲ਼ਾ ਤੇਹੁ ਦਿਖਾਇਆ ਸੀ। ਉਹ ਮੇਰੇ ਪਿੰਡ ਦਾ ਵੀ ਦੋਹਤਾ ਨਿਕਲ਼ਿਆ। ਇਹਦੇ ਮਾਮੇ ਦਾ ਵੱਡਾ ਪੁੱਤ -ਗੁਰਦਿਆਲ- ਮੇਰੇ ਚਾਚੇ ਨਾਲ਼ ਪੜ੍ਹਦਾ ਰਿਹਾ ਸੀ ਤੇ ਛੋਟਾ -ਪਾਲ- ਮੇਰੀ ਟੀਮ 'ਚ ਖੇਡਦਾ ਰਿਹਾ ਸੀ। ਇਹਨੇ ਸਾਡੀ ਬੜੀ ਖ਼ਾਤਿਰਦਾਰੀ ਕੀਤੀ ਸੀ। ਪੈਣ ਨੂੰ ਕਮਰਾ ਖਾਲੀ ਕਰਕੇ ਦਿੱਤਾ ਸੀ। ਰੋਟੀ ਖੁਆਈ ਸੀ। ਪੀਣ ਦੀ ਵੀ ਸੁਲਾਹ ਮਾਰੀ ਸੀ। ਮੈਂ ਤਾਂ ਪੀਦਾ ਨਹੀਂ ਸਾਂ। ਚੀਮੇ ਨੇ ਵੀ ਨਾਂਹ ਕਰ ਦਿੱਤੀ ਸੀ-ਮੈਨੂੰ ਨਹੀਂ ਪਤਾ ਇਹ ਪੀ ਲੈਂਦਾ ਸੀ ਜਾਂ ਨਹੀਂ। ਰਾਤ ਨੂੰ ਆਡੀਟੋਰੀਅਮ 'ਚ ਲੱਗੀ ਫਿਲਮ ਵੀ ਦਿਖਾਈ ਸੀ। ਸਵੇਰ ਨੂੰ ਬਰੇਕਫਾਸਟ ਕਰਵਾਇਆ ਸੀ। ਮਹਿੰਦਰ ਸਿੰਘ ਰੰਧਾਵੇ ਦਾ ਬਣਾਇਆ ਮਿਊਜ਼ੀਅਮ ਦਿਖਾਇਆ ਸੀ। ਅਜੇ ਯੂਨੀਵਰਸਿਟੀ ਦਿਖਾਉਣੀ ਸੀ। ਪਰ ਚੀਮਾ ਏਥੋਂ ਭੱਜੂੰ ਭੱਜੂੰ ਕਰਦਾ ਸੀ। ਮੇਰਾ ਇਰਾਦਾ ਸੀ ਕਿ ਮੈਂ ਅਟਕਾਂ ਤੇ ਸੱਭ ਕੁਝ ਦੇਖ ਲਵਾਂ। ਇਕ ਤਾਂ ਮੈਂ ਪਹਿਲੀ ਵਾਰ ਏਥੇ ਆਇਆਂ ਸਾਂ। ਦੂਜੇ ਸ਼ਰਨਜੀਤ ਨੇ ਵੱਡਾ ਮਾਣ ਦਿਖਾਇਆ ਸੀ। ਸੇਵਾ ਕੀਤੀ ਸੀ। ਮੈਂ ਓਹਦਾ ਧੰਨਵਾਦ ਵੀ ਕਰਨਾ ਚਾਹੁੰਦਾ ਸੀ। ਤੀਜੇ ਹੁਣ ਨਕੋਦਰ ਪਹੁੰਚ ਕੇ ਕੋਈ ਪੀਰੀਅਡ ਵੀ ਨਹੀਂ ਸੀ ਲੱਗ ਸਕਣਾ। ਪਰ ਚੀਮਾਂ ਸ਼ਰਨਜੀਤ ਤੇ ਓਹਦੇ ਬੇਲੀਆਂ ਨੂੰ ਬਿਨਾਂ ਦੱਸਿਆ ਹੀ ਭੱਜਣ ਨੂੰ ਤਿਆਰ ਸੀ। ਇਹ ਘੁੰਡੀ ਸੀ। ਮੈਂ ਪੁਛਦਾ ਕਿ ਤੈਨੂੰ ਏਡੀ ਕਾਹਲ਼ੀ ਕਾਹਦੀ ਹੈ, ਤਾਂ ਚੀਮਾ ਮੂੰਹ ਪਰ੍ਹੇ ਕਰਕੇ ਬੁੜ ਬੁੜ ਕਰ ਲੈਂਦਾ ਸੀ।

ਮੈਨੂੰ ਕਿੰਨਾ ਚਿਰ ਫਿਲਮ ਨੇ ਘੇਰੀ ਰੱਖਿਆ ਸੀ। ਗ਼ੁਲਜ਼ਾਰ ਦੀ ਡਾਇਰੈਕਟਰ ਵਜੋਂ ਇਹ ਪਹਿਲੀ ਫਿਲਮ ਸੀ - ਮੇਰੇ ਅਪਨੇ। ਇਹਦੇ ਚ ਮੀਨਾ ਕੁਮਾਰੀ ਦੇ ਨਾਲ਼ ਵਿਨੋਦ ਖੰਨਾ, ਸ਼ਤਰੂਘਨ ਸਿਨਹਾ, ਡੈਨੀ ਡੈਂਜੋਂਗੱਪਾ ਆਦਿ ਸਨ। ਕਹਾਣੀ ਇਓਂ ਹੈ: ਇਕ ਬੇਵਾ ਨੂੰ ਦੂਰੋਂ ਲੱਗਦਾ ਸ਼ਹਿਰੀਆ ਭਤੀਜਾ ਆਪਣੇ ਕੋਲ਼ ਸ਼ਹਿਰ ਲੈ ਆਉਂਦਾ ਹੈ -ਆਪਣੇ ਮਤਲਬ ਲਈ। ਮੁਫ਼ਤੋ ਮੁਫ਼ਤੀ ਘਰ ਦਾ ਕੰਮ ਕਰਨ ਲਈ। ਪਿੰਡ ਦੀ ਸਾਫ਼ ਦਿਲ ਔਰਤ ਮੰਨ ਲੈਂਦੀ ਹੈ। ਇਹ ਜੁਆਨ ਤਬਕੇ 'ਚ ਰੈਸਟਲੈਸਨਿਸ ਦੀ ਕਹਾਣੀ ਵੀ ਸੀ। ਫਰੱਸਟ੍ਰੇਸ਼ਨ ਦੀ ਵੀ। ਲੜਾਈਆਂ ਝਗੜੇ, ਗੈਂਗਬਾਜ਼ੀ ਤੇ ਮਨਸੂਈ ਰਿਸ਼ਤਿਆ ਦੀ। ਅਖ਼ੀਰ ਆਨੰਦੀ (ਮੀਨਾ ਕੁਮਾਰੀ) ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਇਹਦੇ ਰਿਸ਼ਤੇਦਾਰ ਤਾਂ ਸੁਧੇ ਮਤਲਬੀ ਹਨ ਤਾਂ ਇਹ ਝੁੱਗੀ ਚ ਅਨਾਥ ਬੱਚੇ ਨੂੰ ਸਾਂਭਣ ਲੱਗ ਪੈਂਦੀ ਹੈ ਕਿ ਸ਼ਾਇਦ ਬੱਚੇ ਦੇ ਅਸਲੀ ਰਿਸ਼ਤੇਦਾਰ ਆ ਜਾਣ। ਪਰ ਕਿੱਥੋਂ। ਗੁਲਜ਼ਾਰ ਦੇ ਹੀ ਲਿਖੇ ਸਾਧਾਰਣ ਗਾਣੇ ਵੀ ਖਿੱਚ ਵਾਲ਼ੇ ਸੀ। ਸੰਗੀਤ ਸਲੀਲ ਦਾ ਦਾ। ਮੈਂ ਕਿੰਨਾ ਚਿਰ ਗੁਣਗੁਣਉਂਦਾ ਰਿਹਾ ਸੀ। ਇਕ ਅਜੇ ਵੀ ਯਾਦ ਹੈ:

ਸੱਭ ਕੁਛ ਠੀਕ ਠਾਕ ਹੈ।
ਆਪ ਕੀ ਦੁਆ ਸੇ ਸੱਭ ਠੀਕ ਠਾਕ ਹੈ।

ਹੋਇਆ ਇਹ ਸੀ ਕਿ ਸ਼ਰਨਜੀਤ ਨੇ ਆਪਣੀ ਢਾਣੀ ਚ ਚੀਮੇ ਦੀ ਜਾਣ ਪਛਾਣ ਕਰਵਾਈ ਸੀ। ਪਰ ਕਰਵਾਈ ਏਦਾਂ: ਇਹ ਮੇਰੇ ਪਿੰਡ ਦਾ ਰੋੜੂ ਆ। ਉਹਦੇ ਸਾਰੇ ਆੜੀ ਇਹਨੂੰ ਰੋੜੂ ਸਾਹਿਬ, ਰੋੜੂ ਸਾਹਿਬ ਕਰਨ ਲੱਗ ਪਏ ਸੀ। ਇਹ ਇਕਦਮ ਚੀਮੇ ਤੋਂ ਰੋੜੂ ਬਣ ਗਿਆ। ਇਹਨੂੰ ਇਹ ਵੱਡੀ ਨਮੋਸ਼ੀ ਲੱਗੀ ਸੀ। ਗੱਲ ਹੈ ਤਾਂ ਏਡੀ ਨਹੀਂ ਸੀ। ਕਾਲਜ ਚ ਬਹੁਤਿਆਂ ਨੂੰ ਇਹਦੇ ਨਾਂ ਦਾ ਵੀ ਨਹੀਂ ਸੀ ਪਤਾ ਸੱਭ ਚੀਮਾ ਹੀ ਕਹਿੰਦੇ ਸੀ। ਪ੍ਰੋਫੈਸਰ ਵੀ। ਸ਼ਰਨਜੀਤ ਦੀ ਭੋਲ਼ੇ ਭਾਅ ਅਪਣੱਤ ਨੇ ਚੀਮੇ ਦੀ ਹੰਕਾਰੀ ਫੂਕ ਕੱਢ ਦਿੱਤੀ ਸੀ। ਜਿਵੇਂ ਇਹਦਾ ਸ਼ਹਿਰ ਭੰਬੋਰ ਲੁੱਟਿਆ ਗਿਆ ਸੀ। ਉੱਖੜਿਆ ਚੀਮਾ ਮੁੜਕੇ ਤਾਬ ਨਹੀਂ ਸੀ ਆ ਸਕਿਆ। ਇਹ ਲਿੱਦ ਹੋ ਗਿਆ ਸੀ। ਝੂਠਾ ਹੰਕਾਰ ਸੀ। ਮੋਮ ਵਾਂਗੂੰ ਪਿਘਲ਼ ਗਿਆ ਸੀ। ਅਚਾਨਕ ਪੈਰੋਂ ਨਿਕਲ਼ਿਆ ਚੀਮਾ, ਸ਼ਰਨਜੀਤ ਨਾਲ਼ ਅੱਖ ਨਹੀਂ ਸੀ ਮੇਲ਼ਦਾ। ਟਾਲ਼ਾ ਵੱਟਦਾ ਸੀ। ਉਹ ਅਪਣੱਤ ਦਿਖਾਉਂਦਾ ਸੀ। ਆਖ਼ਿਰਕਾਰ ਪਿੰਡ ਦਾ ਮੁੰਡਾ ਸੀ। ਓਹਨੇ ਇਹਨੂੰ ਪੁਛਿਆ ਵੀ ਸੀ: ਕਿਤੇ ਤੂੰ ਰੋੜੂ ਤੋਂ ਮਾਈਂਡ ਤਾਂ ਨਹੀਂ ਕਰਦਾ। ਇਹਨੇ ਮੋੜ ਕੇ ਕੀ ਕਹਿਣਾ ਸੀ। ਨਾਲੇ ਜੋ ਹੋਣਾ ਸੀ ਹੋ ਚੁੱਕਾ ਸੀ। ਅਖ਼ੀਰ ਚੀਮੇ ਨੇ ਮੈਨੂੰ ਜ਼ੋਰ ਪਾਕੇ ਓਥੋਂ ਤੋਰ ਲਿਆ ਸੀ। ਸਾਰੀ ਵਾਟ ਇਸ ਸ਼ਰਨਜੀਤ ਮਣਕੂ ਨੂੰ ਅਵਾ-ਤਵਾ ਬੋਲਦਾ ਆਇਆ ਸੀ। ਆਦਤ ਮੂਜ਼ਬ ਇਹਦੀ ਜਾਤ ਨਿੰਦਦਾ ਰਿਹਾ ਸੀ। ਸ਼ਰਨਜੀਤ ਦੀ ਸਹਿ ਸੁਭਾਅ ਦਿਖਾਈ ਅਪਣੱਤ ਨੇ ਚੀਮਾ ਚਾਰੋ ਖ਼ਾਨੇ ਚਿੱਤ ਕਰ ਦਿੱਤਾ ਸੀ। ਅਸੀਂ ਦੋਵੇਂ ਮੁਕਾਬਲਾ ਹਾਰ ਗਏ। •


ਦਸੰਬਰ2009

ਮੁਲਾਕਾਤ

# ਤਾਂ ਕਿ ਸਨਦ ਰਹੇ

(ਰਾਜਿੰਦਰ ਰਾਹੀ ਦਾ ਕੁਫ਼ਰ: ਸੁਰਿੰਦਰ ਧੰਜਲ ਨਾਲ਼ ਮੁਲਾਕਾਤ)

## ਸਤਵੰਤ ਦੀਪਕ



(ਸਤਵੰਤ ਦੀਪਕ ਅਤੇ ਸੁਰਿੰਦਰ ਧੰਜਲ)

(ਰਾਜਿੰਦਰ ਰਾਹੀ ਦੀ ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ' 2008 ਵਿੱਚ ਪ੍ਰਕਾਸ਼ਿਤ ਹੋਈ। ਇਸ ਕਿਤਾਬ ਵਿੱਚ ਕ੍ਰਾਂਤੀਕਾਰੀ ਕਵੀ ਪਾਸ਼ ਅਤੇ ਪੰਜਾਬ ਦੀ ਖੱਬੀ ਲਹਿਰ ਨਾਲ਼ ਸੰਬੰਧਿਤ ਕਿੰਨੀਆਂ ਹੀ ਨਾਮਵਰ ਜੱਥੇਬੰਦੀਆਂ ਅਤੇ ਵਿਅਕਤੀਆਂ 'ਤੇ ਬੇਬੁਨਿਆਦ ਹਮਲੇ ਕੀਤੇ ਗਏ ਹਨ। ਪਾਸ਼, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਅਤੇ ਪਲਸ ਮੰਚ ਨੂੰ ਮੁੱਖ ਨਿਸ਼ਾਨੇਂ ਬਣਾਇਆ ਗਿਆ ਹੈ। ਅਨੇਕਾਂ ਨਾਮਵਰ ਸ਼ਖ਼ਸੀਅਤਾਂ (ਭਾਅ ਜੀ ਗੁਰਸ਼ਰਨ ਸਿੰਘ, ਜਗਜੀਤ ਸਿੰਘ ਅਨੰਦ, ਸੰਤੋਖ ਸਿੰਘ ਧੀਰ, ਗੁਰਦਿਆਲ ਸਿੰਘ ਨਾਵਲਿਸਟ, ਕਾਮਰੇਡ ਹਰਦਿਆਲ ਸਿੰਘ ਪੂਨੀ, ਕਾਮਰੇਡ ਅਮੋਲਕ, ਸੁਰਿੰਦਰ ਧੰਜਲ) ਦੀ ਦਾੜ੍ਹੀ ਨੌਲ਼ੀ ਗਈ ਹੈ। ਪਾਸ਼ ਦੇ 'ਸੈਂਸਰ ਹੋਣ ਵਾਲ਼ੇ ਖ਼ਤ ਦਾ ਦੁਖਾਂਤ' ਕਵਿਤਾ ਵਿੱਚ ਆਖਣ ਵਾਂਗ ਸੱਚ 'ਜਹਾਲਤ ਦੀ ਤਲ਼ੀ 'ਤੇ ਇਸ ਕਦਰ ਤੜਫਿਆ ਹੈ ਕਿ ਅਰਥਾਂ ਦੇ ਅਨਰਥ ਹੋ ਗਏ ਹਨ।' ਇਹ ਲਿਖਤ ਸਾਹਿਤਕ ਬਦ-ਦਿਆਨਤਦਾਰੀ ਦੇ ਨਾਲ਼ ਨਾਲ਼ ਰਾਜਨੀਤਕ ਮੌਕਾਪ੍ਰਸਤੀ ਅਤੇ ਝੂਠ-ਤੂਫ਼ਾਨ ਦਾ ਕੋਝਾ ਇਤਿਹਾਸਕ ਨਮੂਨਾ ਹੈ ਜੋ ਪੰਜਾਬੀ ਸਾਹਿਤ ਨੂੰ ਕਲੰਕ ਬਣ ਕੇ ਚਿੰਬੜ ਗਿਆ ਹੈ।

ਮੈਂ ਮਹਿਸੂਸ ਕੀਤਾ ਕਿ ਇਸ ਕਿਤਾਬ ਵਿੱਚ ਸ਼ਾਮਲ ਦੋ ਅਹਿਮ ਸ਼ਖ਼ਸਾਂ - ਇੱਕ ਫ਼ਰਜ਼ੀ ਪਾਤਰ ਬਾਈ ਗੁਰਬੀਰ ਸਿੰਘ ਅਤੇ ਇੱਕ ਅਸਲੀ ਪਾਤਰ ਸੁਰਿੰਦਰ ਧੰਜਲ - ਬਾਰੇ ਜੋ ਕੁਝ ਲਿਖਿਆ ਗਿਆ ਹੈ, ਲੋਕਾਂ ਵਿੱਚ ਬਹੁਤ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਗੁਰਬੀਰ ਸਿੰਘ, ਜਿਸ ਵੱਲੋਂ ਧੰਜਲ ਬਾਰੇ ਗ਼ੈਰਜ਼ਿੰਮੇਵਾਰ ਟਿੱਪਣੀਆਂ ਅਤੇ ਬੇਬੁਨਿਆਦ ਜ਼ਾਤੀ ਇਲਜ਼ਾਮ ਲਾਏ/ਲਗਵਾਏ ਹਨ, ਦੇ ਅਸਲੀ ਪਾਤਰ ਨੂੰ ਮੈਂ ਲੰਬੇ ਸਮੇਂ ਤੋਂ ਜਾਣਦਾ ਹਾਂ। ਉਸ ਦੇ ਸੀ. ਪੀ. ਆਈ. (ਮ. ਲ.) ਤੋਂ ਲੈ ਕੇ ਨਾਗੀਰੈਡੀ ਗਰੁੱਪ, ਅਤੇ ਫਿਰ 'ਪੈਗ਼ਾਮ' ਗਰੁੱਪ ਦੇ ਮੁਖੀ (ਜ਼ਫ਼ਰਨਾਮਾ, ਜੈਕਾਰਾ, ਪੈਗ਼ਾਮ) ਤੱਕ ਦੇ ਸਫ਼ਰ ਤੋਂ ਵਾਕਿਫ਼ ਹਾਂ। ਮੈਂ ਤਫ਼ਤੀਸ਼ ਦਾ ਮਨ ਬਣਾ ਲਿਆ। ਉਸ ਅਸਲ ਪਾਤਰ ਅਤੇ ਸਾਡੇ ਇੱਕ ਸਾਂਝੇ ਦੋਸਤ ਅਤੇ ਚਿੰਤਕ ਨਾਲ਼ ਗੱਲ-ਬਾਤ ਕੀਤੀ।

ਸਾਂਝੇ ਦੋਸਤ ਨੇ ਦੱਸਿਆ ਕਿ ਰਾਹੀ, ਅਸਲ ਪਾਤਰ ਅਤੇ ਸਾਂਝਾ ਦੋਸਤ: ਤਿੰਨੇ ਇੱਕ ਰਾਤ ਕਿਸੇ ਜਗ੍ਹਾ ਇਕੱਠੇ ਰਹੇ। ਉਥੇ ਅਸਲ ਪਾਤਰ ਨੇ ਰਾਹੀ ਨਾਲ਼ ਗੱਲ-ਬਾਤ ਕਰਦੇ ਸਮੇਂ ਪਾਸ਼ ਬਾਰੇ ਤਾਂ ਆਪਣਾ ਸਟੈਂਡ ਜ਼ਰੂਰ ਲਿਆ ਪਰ ਧੰਜਲ ਬਾਰੇ ਉਸ ਤਰ੍ਹਾਂ ਦਾ ਬੋਲ-ਕਬੋਲ ਬਿਲਕੁਲ ਨਹੀਂ ਉਚਰਿਆ ਜੋ ਰਾਹੀ ਨੇ ਅਸਲ ਪਾਤਰ ਨੂੰ 'ਗੁਰਬੀਰ' ਬਣਾ ਕੇ ਉਸਦੇ ਮੂੰਹ ਵਿੱਚ ਪਾਇਆ ਹੈ।

ਸਾਂਝੇ ਦੋਸਤ ਤੋਂ ਇਹ ਹਕੀਕਤ ਸੁਣ ਕੇ ਮੈਨੂੰ ਰਾਹੀ ਦੀ ਨੈਤਿਕ ਈਮਾਨਦਾਰੀ 'ਤੇ ਸ਼ੱਕ ਹੋਣ ਲੱਗਾ। ਮੈਂ ਪੱਕਾ ਇਰਾਦਾ ਬਣਾਇਆ ਸੀ ਕਿ ਸੁਰਿੰਦਰ ਨਾਲ਼ ਇੰਟਰਵਿਊ ਕਰ ਕੇ ਉਸ ਦਾ ਪੱਖ ਜਾਣਨਾ ਅਤਿ ਜ਼ਰੂਰੀ ਹੈ। ਇਸ ਮੁਲਾਕਾਤ ਲਈ ਏਨੀ ਦੇਰੀ ਦਾ ਇੱਕ ਵੱਡਾ ਕਾਰਨ ਇਹ ਸੀ/ਹੈ ਕਿ ਸੁਰਿੰਦਰ ਧੰਜਲ, ਜਿਸਦੀ ਸ਼ਖ਼ਸੀਅਤ ਨੂੰ ਛੁਟਿਆਉਣ ਲਈ ਰਾਜਿੰਦਰ ਰਾਹੀ ਦੀ ਡਿਕਸ਼ਨਰੀ 'ਚ ਸ਼ਾਇਦ ਹੋਰ ਕੋਈ ਕੋਝਾ ਸ਼ਬਦ ਨਹੀਂ ਰਹਿ ਗਿਆ, ਮਾਰਚ 2009 ਵਿੱਚ ਦਿਲ ਦਾ ਦੌਰਾ ਪੈ ਜਾਣ ਕਰ ਕੇ ਕੁਝ ਦੇਰ ਪਟਿਆਲੇ ਅਤੇ ਹੁਣ ਵਾਪਿਸ ਕੈਨਡਾ ਵਿੱਚ ਜ਼ੇਰੇ-ਇਲਾਜ ਹੈ, ਨੂੰ ਮੈਂ ਕਿਸੇ ਟੈਨਸ਼ਨ ਵਾਲੀ ਸਥਿਤੀ ਵਿੱਚ ਨਹੀਂ ਸੀ ਪਾਉਣਾ ਚਾਹੁੰਦਾ। ਸੁਰਿੰਦਰ ਮੇਰੇ ਨਿੱਘੇ ਦੋਸਤਾਂ ਵਿੱਚੋਂ ਹੈ, ਜਿਸ ਨੂੰ ਮੈਂ ਸਾਹਿਤਕ ਤੌਰ 'ਤੇ 1972 (ਸੂਰਜਾਂ ਦੇ ਹਮਸਫ਼ਰ) ਤੋਂ, ਅਤੇ 1980-81 ਤੋਂ ਜ਼ਾਤੀ ਅਤੇ ਪਰਵਾਰਕ ਤੌਰ 'ਤੇ ਜਾਣਦਾ ਹਾਂ। 1980ਵਿਆਂ ਵਿੱਚ ਭਿੰਡਰਾਂਵਾਲੇ (ਖ਼ਾਲਿਸਤਾਨੀਆਂ) ਦੀ ਚੜ੍ਹਤ ਦੇ ਦਿਨਾਂ ਵਿੱਚ ਮੈਂ ਅਦਾਰਾ 'ਵਤਨੋਂ ਦੂਰ' ਵਿੱਚ ਉਸ ਨਾਲ ਐਡੀਟੋਰੀਅਲ ਬੋਰਡ ਵਿੱਚ ਕਈ ਵਰ੍ਹੇ ਕੰਮ ਕੀਤਾ ਹੈ। ਉਸ ਸਮੇਂ ਦੇ 'ਵਤਨੋਂ ਦੂਰ' ਦੇ ਐਡੀਟੋਰੀਅਲ ਇਸ ਗੱਲ ਦਾ ਜਿਊਂਦਾ-ਜਾਗਦਾ ਸਬੂਤ ਹਨ ਕਿ ਸੁਰਿੰਦਰ ਸਮੇਤ ਅਸੀਂ ਸਾਰਿਆਂ ਨੇ ਲਿਖਤੀ ਰੂਪ ਵਿੱਚ ਹਕੂਮਤੀ ਅਤੇ ਫ਼ਿਰਕੂ ਦਹਿਸ਼ਤਗਰਦੀ, ਦੋਹਾਂ ਦੇ ਖ਼ਿਲਾਫ਼ ਡਟ ਕੇ ਸਟੈਂਡ ਲਿਆ। ਪਾਸ਼ ਟ੍ਰਸਟ ਵਿੱਚ 1988 ਤੋਂ ਹੁਣ ਤੀਕ ਉਸ ਦਾ ਆਗੂ-ਰੋਲ ਪ੍ਰਤੱਖ ਹੀ ਹੈ। ਪਾਸ਼ ਟ੍ਰਸਟ ਦੇ ਇੰਗਲੈਂਡ ਅਤੇ ਕੈਮਲੂਪਸ (ਕੈਨਡਾ) ਵਿੱਚ ਸੁਰਿੰਦਰ ਦੀ ਅਗਵਾਈ ਵਿੱਚ ਕਰਵਾਏ ਪ੍ਰੋਗ੍ਰਾਮ ਵੀ ਮੈਂ ਖ਼ੁਦ ਅਟੈਂਡ ਕੀਤੇ ਹਨ। ਮੇਰੀ ਸਮਝ ਮੁਤਾਬਿਕ ਉਹ ਇੱਕ ਸੰਵੇਦਨਸ਼ੀਲ ਪ੍ਰਗਤੀਵਾਦੀ ਸ਼ਾਇਰ ਹੋਣ ਦੇ ਨਾਲ਼ ਨਾਲ਼ ਬਹੁਤ ਨਿੱਘਾ ਅਤੇ ਕੋਮਲ ਹਿਰਦੇ ਵਾਲਾ ਵਿਅਕਤੀ ਹੈ। 1972 (ਸੂਰਜਾਂ ਦੇ ਹਮਸਫ਼ਰ) ਤੋਂ ਲੈ ਕੇ ਉਸ ਦਾ ਹੁਣ ਤੱਕ ਦਾ ਸਾਹਿਤਕ ਸਫ਼ਰ ਉਸ ਦੀ ਅਗਾਂਹਵਧੂ ਸੋਚ ਨੂੰ ਪ੍ਰਣਾਇਆ ਹੋਣ, ਕਹਿਣੀ ਅਤੇ ਕਰਨੀ ਦੀ ਪੁਸ਼ਟੀ ਕਰਦੇ ਹਨ।

ਸੁਰਿੰਦਰ ਧੰਜਲ ਨਾਲ਼ ਇਹ ਲੰਮੀ ਮੁਲਾਕਾਤ 12-14 ਦਸੰਬਰ 2009 ਨੂੰ ਹੋਈ, ਜਦੋਂ ਉਹ ਕਿਸੇ ਸਾਹਿਤਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਕੈਮਲੂਪਸ ਤੋਂ ਵੈਨਕੂਵਰ ਆਇਆ ਸੀ (ਇਸ ਮੁਲਾਕਾਤ ਨੂੰ ਕੰਪਿਊਟਰ 'ਤੇ ਟਾਈਪ-ਸੈੱਟ ਕਰਨ ਵਾਸਤੇ ਮੈਂ ਮਿੱਤਰ ਇਕਬਾਲ ਰਾਮੂਵਾਲੀਆ ਦਾ ਅਤੀ ਧੰਨਵਾਦੀ ਹਾਂ)। ਇਹ ਮੁਲਾਕਾਤ ਸਾਡੇ ਆਪਸੀ ਵਿਚਾਰ-ਵਟਾਂਦਰੇ ਦਾ ਨਿਚੋੜ ਹੈ- ਸਤਵੰਤ ਦੀਪਕ। )

• **ਦੀਪਕ–** ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹ ਜ਼ਰੂਰ ਮਹਿਸੂਸ ਕਰਦਾ ਹਾਂ ਕਿ ਰਾਜਿੰਦਰ ਰਾਹੀ ਦੀ ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ' ਨੇ ਪੰਜਾਬੀ ਸਾਹਿਤਕ ਅਤੇ ਰਾਜਨੀਤਕ ਬੁੱਧੀਜੀਵੀਆਂ ਵਿੱਚ ਤਿੱਖੀ ਚਰਚਾ ਜ਼ਰੂਰ ਛੇੜੀ ਹੈ। ਸ਼ਾਇਦ ਇਸ ਦਾ ਕਾਰਨ ਪਾਸ਼ ਪ੍ਰਤੀ ਪਾਠਕਾਂ ਦੀ ਜਗਿਆਸਾ ਹੈ। ਪਰ ਸਾਰੀ ਪੁਸਤਕ ਪੜ੍ਹਨ ਉਪਰੰਤ ਲੇਖਕ ਦੀ ਪਾਸ਼ ਵਰਗੇ ਪੰਜਾਬੀ ਕ੍ਰਾਂਤੀਕਾਰੀ ਕਵਿਤਾ ਦੇ ਮੋਢੀ ਕਵੀ, ਲੇਖਕ, ਅਤੇ ਚਿੰਤਕ ਦੀ ਸ਼ਖ਼ਸੀਅਤ ਬਾਰੇ ਗੰਭੀਰ ਸ਼ੰਕੇ ਖੜ੍ਹੇ ਕਰਨ ਅਤੇ ਪੰਜਾਬ ਦੀ ਨਕਸਲੀ ਲਹਿਰ ਨੂੰ ਬਦਨਾਮ ਕਰਨ ਦੇ ਮਨਸ਼ੇ, ਅਤੇ ਅਨੇਕਾਂ ਹੀ ਅਹਿਮ ਜੱਥੇਬੰਦੀਆਂ ਅਤੇ ਵਿਅਕਤੀਆਂ ਉੱਪਰ ਮੁਜਰਮਾਨਾਂ ਕਿਸਮ ਦੀ ਚਿੱਕੜ-ਉਛਾਲੀ ਪੜ੍ਹ ਕੇ ਕਚਿਆਣ ਆਉਂਦੀ ਹੈ। ਜੇਕਰ ਪਾਸ਼ ਜਿਊਂਦਾ ਹੁੰਦਾ, ਤਾਂ ਯਕੀਕਨ ਹੀ ਐਸੀ ਰਚਨਾ ਨੂੰ ਵੀਭੱਤਸ-ਰਸ ਵਾਲੀ ਰਚਨਾ ਹੀ ਕਹਿੰਦਾ।... ਮੈਂ ਇਸ ਲੇਖਕ ਦੀ ਨੈਤਿਕ ਜ਼ਿੰਮੇਵਾਰੀ ਤੋਂ ਕੁਤਾਹੀ ਦੀ ਤਹਿ ਤੱਕ ਪਹੁੰਚਣਾ ਚਾਹੁੰਦਾ ਹਾਂ।

• **ਧੰਜਲ–** ਆਪਾਂ ਗੱਲ ਰਾਹੀ ਦੀ ਨੈਤਿਕ ਈਮਾਨਦਾਰੀ ਤੋਂ ਹੀ ਸ਼ੁਰੂ ਕਰ ਲੈਨੇ ਆਂ।... ਪੁਸਤਕ ਦੇ ਬੈਕ-ਟਾਈਟਲ 'ਤੇ ਫ਼ੋਟੋ ਰਾਜਿੰਦਰ ਰਾਹੀ ਦੀ ਹੈ, ਪਰ ਟਿੱਪਣੀ ਡਾਕਟਰ ਰਾਜਿੰਦਰਪਾਲ ਸਿੰਘ ਬਰਾੜ (ਪੰਜਾਬੀ ਯੂਨੀਵਰਸਿਟੀ) ਦੀ ਹੈ। ਇਹ ਟਿੱਪਣੀ ਪਾਸ਼ ਦੀ ਕਵਿਤਾ ਅਤੇ ਸ਼ਖ਼ਸੀਅਤ ਬਾਰੇ ਪ੍ਰਸੰਸਾਤਮਕ ਪ੍ਰਭਾਵ ਦਿੰਦੀ ਹੈ, ਪਰ ਨਾਵਲ ਵਿੱਚ ਪਾਸ਼ ਨੂੰ ਇਸ ਦੇ ਬਿਲਕੁਲ ਉਲ਼ਟ ਇੱਕ ਸ਼ਰਾਬੀ-ਕਬਾਬੀ, ਅਤੇ ਗ਼ੈਰ-ਜ਼ਿੰਮੇਵਾਰ ਛੋਕਰਾ ਸਿੱਧ ਕਰ ਕੇ ਬੁਰੀ ਤਰ੍ਹਾਂ ਨਕਾਰਿਆ ਗਿਆ ਹੈ। ਜੇ ਨਾਵਲ ਵਿੱਚ ਪਾਸ਼ ਨੂੰ ਏਨਾ ਦੁਰਕਾਰਨਾ ਹੀ ਸੀ, ਤਾਂ ਬੈਕ-ਟਾਈਟਲ 'ਤੇ ਇਸ ਕਿਤਾਬ ਦੇ ਪਾਸ਼-ਪੱਖੀ ਹੋਣ ਦਾ ਜਾਅਲ਼ੀ ਪ੍ਰਭਾਵ ਕਿਉਂ ਦਿੱਤਾ ਗਿਆ? ਕਾਰਨ ਸਪਸ਼ਟ ਹੈ: ਪਾਠਕਾਂ ਨੂੰ ਇਸ ਕਿਤਾਬ ਵੱਲ ਖਿੱਚਣ ਲਈ ਪਾਸ਼ ਦੀ ਮਕਬੂਲੀਅਤ ਦੀ ਦੁਰਵਰਤੋਂ ਕੀਤੀ ਗਈ ਹੈ। ਲੇਖਕ ਦੀ ਬਦ-ਦਿਆਨਤਦਾਰੀ ਦੀ ਇਹ ਪਹਿਲੀ ਮਿਸਾਲ ਹੈ। ਹੋਰ ਵੀ ਅਨੇਕਾਂ ਮਿਸਾਲਾਂ ਹਨ। ਕਿੰਨੀਆਂ ਕੁ ਮਿਸਾਲਾਂ ਕਾਫ਼ੀ ਹੋਣਗੀਆਂ?

• **ਦੀਪਕ–** ਇਸ ਮੁਲਾਕਾਤ ਦਾ ਮੰਤਵ ਮੁਰਦੇ ਪੁੱਟਣਾ ਨਹੀਂ। ਇਸ ਕਿਤਾਬ ਦੇ ਰੀਲੀਜ਼ ਹੋਣ ਉਪਰੰਤ ਅਨੇਕਾਂ ਹੀ ਲੇਖਕਾਂ ਦੇ ਲੇਖ, ਰੀਵਿਊ, ਰੂਬਰੂ, ਪ੍ਰਤਿਕਰਮ ਅਤੇ ਸਪਸ਼ਟੀਕਰਨ ਛਪ ਚੁੱਕੇ ਹਨ। ਵੱਖ ਵੱਖ ਸਮਿਆਂ 'ਤੇ ਪ੍ਰਕਾਸ਼ਿਤ ਦਸਤਾਵੇਜ਼ਾਂ ਵਿੱਚ ਬਖ਼ਸ਼ਿੰਦਰ, ਜਸਵੰਤ ਖਟਕੜ, ਪਰਮਜੀਤ ਦੇਹਲ, ਅਤੇ ਦੀਪ ਕਲੇਰ ਨੇ ਇਹ ਸਪਸ਼ਟ ਲਿਖਿਆ ਹੈ ਕਿ ਕਿਤਾਬ ਵਿੱਚ ਉਨ੍ਹਾਂ ਦੇ ਮੂੰਹਾਂ ਵਿੱਚ ਪਾਈਆਂ ਗਈਆਂ ਗੱਲਾਂ ਮਨਘੜਤ ਹਨ। ਪੱਤਰਕਾਰ ਜਸਵੀਰ ਸਮਰ ('ਸਿਰਜਣਾ') ਅਤੇ ਕਹਾਣੀਕਾਰ ਅਤਰਜੀਤ ('ਸਰੋਕਾਰ') ਦੀ ਤਫ਼ਤੀਸ਼ ਅਨੁਸਾਰ ਰਾਹੀ ਦੀਆਂ ਅਨੇਕਾਂ ਹੋਰ ਗੱਲਾਂ ਮਨਘੜਤ ਹਨ। ਅਜਮੇਰ ਸਿੰਘ ਦੀਆਂ ਸਾਰੀਆਂ ਸਰਗਰਮੀਆਂ ਬਾਰੇ ਕਾਮਰੇਡ ਸਰਦਾਰਾ ਸਿੰਘ ਮਾਹਿਲ, ਅਤੇ ਕਾਮਰੇਡ ਸੁਖਦਰਸ਼ਨ ਨੱਤ ਦੇ ਵਿਸਥਾਰ-ਪੂਰਬਕ ਲੇਖ ਕ੍ਰਮਵਾਰ 'ਇਨਕਲਾਬੀ ਸਾਡਾ ਰਾਹ' ਅਤੇ 'ਲੋਕ-ਮੋਰਚਾ' (ਮਾਨਸਾ) ਵਿੱਚ ਛਪ ਚੁੱਕੇ ਹਨ। ਡਾ: ਗੁਰਬਚਨ ('ਫਿਲਹਾਲ'), ਡਾ: ਪਰਮਿੰਦਰ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਿਟੀ/ਸਾਹਿਤ ਦਾ ਸਾਗਰ: ਪਾਸ਼), ਕਹਾਣੀਕਾਰ ਅਤੇ ਖੋਜਾਰਥੀ ਅਜਮੇਰ ਸਿੱਧੂ ('ਸਰੋਕਾਰ' 37), ਅਤੇ ਰੰਗਕਰਮੀ ਸ਼ਬਦੀਸ਼ ('ਸਰੋਕਾਰ' 37) ਅਨੇਕਾਂ ਹੋਰ ਤੱਤਾਂ ਅਤੇ ਤੱਥਾਂ ਨੂੰ ਉਘਾੜ ਚੁੱਕੇ ਹਨ। ਇਸ ਕਰਕੇ ਇਹਨਾਂ ਵਿਸ਼ਿਆਂ 'ਤੇ ਕੁਝ ਹੋਰ ਕਹਿਣ ਦੀ, ਜਾਂ ਦੁਹਰਾਉਣ ਦੀ ਜ਼ਰੂਰਤ ਨਹੀਂ। ਪਰ ਲੇਖਕ ਦਾ ਇਸ ਕਿਤਾਬ ਨੂੰ ਲਿਖਣ ਦਾ ਕੋਈ ਮਕਸਦ ਤਾਂ ਹੋਵੇਗਾ, ਨਹੀਂ ਤਾਂ ਇੰਨਾ ਜੋਖ਼ਮ ਉਠਾਉਣ ਦੀ ਉਸ ਨੂੰ ਕੀ ਜ਼ਰੂਰਤ ਸੀ?

• **ਧੰਜਲ–** ਰਾਹੀ ਦੀ ਲਿਖਤ ਦਾ ਪਹਿਲਾ ਮਕਸਦ ਪਾਸ਼ ਦੀ ਮਕਬੂਲੀਅਤ ਦੀ ਦੁਰਵਰਤੋਂ ਕਰਕੇ ਖ਼ਾਲਿਸਤਾਨ ਦੀ ਲਹਿਰ ਨੂੰ ਗਲੋਰੀਫਾਈ ਕਰਨਾ ਸੀ। ਇਸ ਲੇਖਕ ਦੀ ਸਮੁੱਚੀ ਬਦ-ਦਿਆਨਤਦਾਰੀ ਦੀ ਤਹਿ ਤੱਕ ਪਹੁੰਚਣ ਲਈ ਕੁਝ ਸੰਬੰਧਿਤ ਘਟਨਾਵਾਂ ਦਾ ਪਿਛੋਕੜ ਸਮਝਣਾ ਜ਼ਰੂਰੀ ਹੈ। ਸੰਤ

ਰਾਮ ਉਦਾਸੀ ਯਾਦਗਾਰੀ ਟ੍ਰਸਟ (ਕੌਮਾਂਤਰੀ) ਦੀ ਸਥਾਪਨਾ ਸਮੇਂ ਇਸ ਦੇ ਸਕੱਤਰ ਰਾਜਿੰਦਰ ਰਾਹੀ ਦਾ ਭਾਰਤ ਤੋਂ, ਅਤੇ ਪ੍ਰਧਾਨ ਸੁਖਵਿੰਦਰ ਕੰਦੋਲ੍ਹਾ ਦਾ ਯੂ. ਕੇ. ਤੋਂ ਮਹੀਨੇ 'ਚ ਕਈ ਵਾਰੀ ਫ਼ੋਨ ਆਉਂਦਾ ਹੁੰਦਾ ਸੀ। ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਕਨਵੀਨਰ ਵਜੋਂ, 1988 ਤੋਂ ਹੁਣ ਤੀਕ, ਪ੍ਰਗਤੀਸ਼ੀਲ ਲਹਿਰ ਪ੍ਰਤੀ ਮੇਰੀ ਨਿਰੰਤਰ ਪ੍ਰਤੀਬੱਧਤਾ ਦੀ, ਅਤੇ ਪਾਸ਼ ਟ੍ਰਸਟ ਦੀਆਂ ਭਾਰਤ, ਯੂ. ਕੇ., ਯੂ. ਐੱਸ. ਏ., ਅਤੇ ਕੈਨੇਡਾ ਦੀਆਂ ਬ੍ਰਾਂਚਾਂ ਨੂੰ ਇੱਕ-ਮੁੱਠ ਕਰਨ ਵਾਲ਼ੀ ਮੇਰੀ ਕਾਰਜ-ਸ਼ੈਲੀ ਦੀ ਭਰਪੂਰ ਸ਼ਲਾਘਾ ਕੀਤੀ ਜਾਂਦੀ ਸੀ; ਮੇਰੇ ਦੁਆਰਾ ਲਿਖੇ ਗਏ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਸੰਵਿਧਾਨ ਨੂੰ ਇੱਕ ਆਦਰਸ਼ਕ ਮਾਡਲ ਮੰਨ ਕੇ ਸੰਤ ਰਾਮ ਉਦਾਸੀ ਟ੍ਰਸਟ ਦਾ ਸੰਵਿਧਾਨ ਉਨ੍ਹਾਂ ਹੀ ਲੀਹਾਂ 'ਤੇ ਉਸਾਰਨ ਲਈ ਮੇਰੀ ਅਗਵਾਈ ਦੀ ਮੰਗ ਕੀਤੀ ਜਾਂਦੀ ਸੀ; ਮੇਰੇ ਕੋਲ਼ੋਂ ਇਕਬਾਲ ਰਾਮੂਵਾਲੀਆ ਅਤੇ ਹੋਰ ਨਜ਼ਦੀਕੀ ਮਿੱਤਰਾਂ ਨੂੰ ਉਦਾਸੀ ਟ੍ਰਸਟ ਲਈ ਦਿਲ-ਖੋਲ੍ਹ ਕੇ ਮਾਲੀ ਮੱਦਦ ਕਰਨ ਲਈ ਕਹਿਣ ਦੀ ਮੰਗ ਕੀਤੀ ਜਾਂਦੀ ਸੀ; ਪਾਸ਼ ਟ੍ਰਸਟ ਦੀਆਂ ਸਾਰੀਆਂ ਬ੍ਰਾਂਚਾਂ ਨੂੰ ਮੇਰੇ ਵੱਲੋਂ ਇਹ ਨਿਰਦੇਸ਼ ਦੇਣ ਦੀ ਮੰਗ ਕੀਤੀ ਜਾਂਦੀ ਸੀ ਕਿ ਉਹ ਬ੍ਰਾਂਚਾਂ ਰਾਜਿੰਦਰ ਰਾਹੀ ਦੇ ਕੈਨੇਡਾ ਅਤੇ ਯੂ. ਕੇ. ਦੇ 'ਤੂਫ਼ਾਨੀ-ਦੌਰੇ' ਵਾਸਤੇ ਹਵਾਈ-ਟਿਕਟ ਸਮੇਤ ਰਾਹੀ ਦੇ ਸਨਮਾਨ ਵਿੱਚ ਸਥਾਨਕ ਪੱਧਰ 'ਤੇ ਸਮਾਗਮ ਆਯੋਜਿਤ ਕਰਨ ਦਾ ਇੰਤਜ਼ਾਮ ਕਰਨ। ਉਦਾਸੀ ਟ੍ਰਸਟ ਦੇ ਬਲਾਚੌਰ ਸਮਾਗਮ (12 ਸਤੰਬਰ 2004) ਵਿੱਚ ਪੰਜਾਬੀ ਕ੍ਰਾਂਤੀਕਾਰੀ ਕਵਿਤਾ ਦੇ ਇੱਕ ਮੋਢੀ ਕਵੀ ਕਾਮਰੇਡ ਦਰਸ਼ਨ ਖਟਕੜ ਨੂੰ ਅਤੇ ਮੈਨੂੰ ਮੁੱਖ-ਮਹਿਮਾਨਾਂ ਵਜੋਂ ਸੱਦ ਕੇ ਰਾਹੀ ਨੇ ਉਦਾਸੀ ਬਾਰੇ ਸੰਪਾਦਿਤ ਆਪਣੀ ਪੁਸਤਕ 'ਸੰਤ ਰਾਮ ਉਦਾਸੀ: ਸੰਪੂਰਨ ਕਾਵਿ' (ਸੰ. ਕਾ.) ਰੀਲੀਜ਼ ਕਰਵਾਈ ਸੀ। ਰੀਲੀਜ਼ ਕਰਾਉਣ ਤੋਂ ਪਹਿਲਾਂ ਤੱਕ ਸਭ ਅੱਛਾ ਸੀ। ਅਸਲ ਤਕਰਾਰ ਇਸ ਪੁਸਤਕ ਤੋਂ ਸ਼ੁਰੂ ਹੁੰਦਾ ਹੈ।

• **ਦੀਪਕ–** ਉਹ ਕਿਵੇਂ? ਮੈਂ ਇਸ ਤਕਰਾਰ ਦੀ ਤਹਿ ਤੱਕ ਪਹੁੰਚਣਾ ਚਾਹੁੰਦਾ ਹਾਂ।

• **ਧੰਜਲ–** ਰਾਹੀ ਦੀ ਇਸ ਸੰਪਾਦਿਤ ਪੁਸਤਕ ਦੇ ਮੁੱਖਬੰਧ ਵਿੱਚ, ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਨੂੰ *'ਗੁਰੀਲਾ ਯੁੱਧ ਦੀ ਪਰਿਭਾਸ਼ਾ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਾਲ਼ਾ'* ਮੰਨਿਆਂ ਗਿਆ ਸੀ; ਪਾਸ਼ ਅਤੇ ਇਨਕਲਾਬੀ ਨਕਸਲੀ ਧਿਰਾਂ ਨੂੰ ਨਕਾਰਿਆ ਗਿਆ ਸੀ; ਅਤੇ ਸੰਤ ਰਾਮ ਉਦਾਸੀ ਨੂੰ ਆਪਣੀ ਜ਼ਿੰਦਗੀ ਦੇ ਆਖ਼ਰੀ ਵਰ੍ਹਿਆਂ ਵਿੱਚ ਭਿੰਡਰਾਂਵਾਲ਼ੇ ਦੇ ਪ੍ਰਭਾਵ ਹੇਠ ਆ ਕੇ, ਉਸ ਦੇ ਧਰਮ-ਯੁੱਧ ਨੂੰ ਲੋਕ-ਯੁੱਧ ਵਜੋਂ ਪ੍ਰਵਾਨ ਕਰਨ ਵਾਲ਼ਾ ਸਿੱਧ ਕੀਤਾ ਗਿਆ ਸੀ। ਪਰਮਜੀਤ ਦੇਹਲ, ਦੀਪ ਕਲੇਰ ਅਤੇ ਮੇਰੇ ਵੱਲੋਂ ਰਾਹੀ ਨੂੰ ਉਪਰੋਕਤ ਗ਼ਲਤ-ਬਿਆਨੀਆਂ ਅਤੇ ਇਤਿਹਾਸਕ ਤੱਥਾਂ ਨੂੰ ਤੋੜਨ-ਮਰੋੜਨ ਦੀਆਂ ਕੋਸ਼ਿਸ਼ਾਂ ਦਾ ਸਪਸ਼ਟੀਕਰਨ ਦੇਣ ਲਈ ਦੇਸ਼ ਭਗਤ ਹਾਲ ਜਲੰਧਰ ਵਿੱਚ **ਉਦਾਸੀ ਟ੍ਰਸਟ ਦੀ ਬਾਕਾਇਦਾ ਮੀਟਿੰਗ** ਰੱਖ ਕੇ, ਲਿਖਤੀ ਸੱਦਾ-ਪੱਤਰ ਡਾਕ ਰਾਹੀਂ ਭੇਜ ਕੇ, ਬੁਲਾਇਆ ਗਿਆ। ਰਾਹੀ ਆਉਣ ਦਾ ਵਾਅਦਾ ਕਰ ਕੇ ਵਾਅਦਾ-ਨਸ਼ੀਂ ਹੋ ਗਿਆ। ਆਪਣੇ ਨਾ ਆ ਸਕਣ ਦੀ ਜ਼ਿੰਮੇਵਾਰੀ ਆਪਣੀ ਪਤਨੀ ਦੇ ਸਿਰ ਮੜ੍ਹ ਕੇ ਸਾਫ਼ ਬਰੀ ਹੋਣ ਦੀਆਂ ਨਾਕਾਮ ਕੋਸ਼ਿਸ਼ਾਂ ਕਰਦਾ ਰਿਹਾ। ਜ਼ੁਬਾਨੀ ਗੱਲ-ਬਾਤ ਸਮੇਂ ਉਸ ਦਾ ਰਵੱਈਆ ਇਹ ਹੁੰਦਾ ਸੀ ਕਿ "ਮੈਂ ਉਦਾਸੀ ਟ੍ਰਸਟ ਦਾ ਸਕੱਤਰ ਅਤੇ ਮੁੱਖ-ਬੁਲਾਰਾ ਹਾਂ, ਇਸ ਕਰ ਕੇ ਉਦਾਸੀ ਜਾਂ ਪਾਸ਼ ਬਾਰੇ ਜੋ ਮਰਜ਼ੀ ਲਿਖਾਂ, ਮੇਰਾ ਕੋਈ ਕੀ ਵਿਗਾੜ ਲਊ?" ਬਲਾਚੌਰ ਸਮਾਗਮ ਤੋਂ ਬਾਅਦ ਮੈਂ ਤੇ ਕਾਮਰੇਡ ਦਰਸ਼ਨ ਖਟਕੜ ਜਦ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਨਵੰਬਰ 2004 ਵਿੱਚ ਜਲੰਧਰ ਮਿਲ਼ੇ ਤਾਂ ਅਸੀਂ ਦੋਵੇਂ ਸਹਿਮਤ ਸੀ ਕਿ ਬਲਾਚੌਰ ਸਮਾਗਮ ਵਿੱਚ ਰਾਹੀ ਨੇ ਸਾਥੋਂ ਉਦਾਸੀ ਦੇ ਵਿਚਾਰਾਂ ਨੂੰ ਤੋੜਨ-ਮਰੋੜਨ ਵਾਲੀਆਂ ਕਿਤਾਬਾਂ ਧੋਖੇ ਨਾਲ ਰੀਲੀਜ਼ ਕਰਾ ਕੇ ਸਾਨੂੰ ਦੋਹਾਂ ਨੂੰ ਬੁੱਧੂ ਬਣਾਇਆ ਹੈ।

• **ਦੀਪਕ–** ਪਰ ਮੈਂ ਤਾਂ ਇੰਟਰਨੈੱਟ 'ਤੇ ਪੜ੍ਹਿਆ ਸੀ ਕਿ ਰਾਹੀ ਦੀ ਸਕੱਤਰੀ ਹੇਠ ਚੱਲ ਰਹੇ ਉਦਾਸੀ ਟ੍ਰਸਟ ਨੇ ਦਸੰਬਰ 2004 ਵਿਚ ਸੰਤ ਰਾਮ ਉਦਾਸੀ ਦੇ ਪਿੰਡ ਰਾਇਸਰ ਇੱਕ ਸਮਾਗਮ ਵਿੱਚ ਕ੍ਰਾਂਤੀਕਾਰੀ ਕਵੀ ਦਰਸ਼ਨ ਖਟਕੜ ਤੋਂ ਇਲਾਵਾ ਜਸਵਿੰਦਰ, ਮਹਿੰਦਰਪਾਲ ਭੱਠਲ਼, ਅਜੀਤ ਰਾਹੀ, ਅਤੇ ਤੁਹਾਨੂੰ ਪੰਜਾਬੀ ਕ੍ਰਾਂਤੀਕਾਰੀ ਕਵਿਤਾ ਨੂੰ ਉੱਘੇ ਯੋਗਦਾਨ ਲਈ ਸਨਮਾਨਿਤ ਕੀਤਾ ਸੀ?

• **ਧੰਜਲ–** ਬਿਲਕੁੱਲ ਦਰੁਸਤ ਹੈ। 18 ਦਸੰਬਰ 2004 ਨੂੰ ਰਾਹੀ ਨੇ ਸੰਤ ਰਾਮ ਉਦਾਸੀ ਦੇ ਪਿੰਡ ਰਾਇਸਰ ਵਿੱਚ ਜਿਸ ਸਮਾਗਮ ਦਾ ਪ੍ਰਬੰਧ ਕੀਤਾ, ਉਸਦਾ ਪੂਰਾ ਨਾਮ ਸੀ: 'ਪਹਿਲਾ ਸੰਤ ਰਾਮ ਉਦਾਸੀ ਯਾਦਗਾਰੀ ਸਾਹਿਤਕ ਤੇ ਸਭਿਆਚਾਰਕ ਸਮਾਗਮ'! ਸਮਾਗਮ ਤੋਂ ਕੁਝ ਦਿਨ ਪਹਿਲਾਂ, ਇਸ ਸਨਮਾਨ ਲਈ ਮੈਨੂੰ ਯੋਗ ਸਮਝੇ ਜਾਣ ਦੀ, ਅਤੇ ਸਮਾਗਮ 'ਚ ਸ਼ਾਮਲ ਹੋਣ ਦੇ ਸੱਦਾ-ਪੱਤਰ ਦੀ ਸੂਚਨਾ ਦੇਣ ਲਈ, ਰਾਹੀ ਮੈਨੂੰ ਲਭਦਾ-ਲਭਾਉਂਦਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਪਹੁੰਚਿਆ, ਜਿੱਥੇ ਮੋਢੀ ਕ੍ਰਾਂਤੀਕਾਰੀ ਕਵੀ ਡਾ: ਵਰਿਆਮ ਸੰਧੂ ਨੇ ਆਪਣੇ ਵਿਦਿਆਰਥੀਆਂ ਨਾਲ਼ ਮੇਰੇ ਰੂਬਰੂ ਦਾ ਪ੍ਰਬੰਧ ਕੀਤਾ ਹੋਇਆ ਸੀ। ਜ਼ਾਹਰ ਹੈ ਕਿ ਇਸ ਸਮੇਂ ਤੱਕ, ਰਾਹੀ ਦੀ ਨਿਗ੍ਹਾ ਵਿੱਚ ਮੈਂ ਉੱਘਾ ਕ੍ਰਾਂਤੀਕਾਰੀ ਕਵੀ ਸੀ, ਪਾਸ਼ ਟ੍ਰਸਟ ਦਾ ਸਫ਼ਲ ਜੱਥੇਬੰਦਕ ਸੀ, ਰਾਹੀ ਦੀ ਸਕੱਤਰੀ ਹੇਠ ਚੱਲ ਰਹੇ ਉਦਾਸੀ ਟ੍ਰਸਟ ਦੇ ਕੈਨੇਡਾ ਦੇ ਮੈਂਬਰ ਹੋਣ ਦੇ ਯੋਗ ਸੀ, ਅਤੇ 'ਪਹਿਲੇ ਉਦਾਸੀ ਸਨਮਾਨ' ਨਾਲ਼ ਨਿਵਾਜੇ ਜਾਣ ਦਾ ਹੱਕਦਾਰ ਸੀ।...

• **ਦੀਪਕ–** ਕਿਤਾਬ ਵਿੱਚ ਸੁਰਿੰਦਰ ਧੰਜਲ ਨੂੰ "ਸਤਿਕਾਰਤ ਚਾਚਾ ਧੰਜਲ ਜਿਸ ਦੀ ਜ਼ੁਬਾਨ 'ਤੇ ਸੁਰਸਤੀ ਵਾਸ ਕਰਦੀ ਹੈ", ਤੋਂ ਲੈ ਕੇ ਅਖ਼ੀਰ ਵਿੱਚ 'ਪਾਡਾ', 'ਫੁਕਰਾ', 'ਦੋ ਪੀਐੱਚ. ਡੀਆਂ ਕਰ ਕੇ ਸਸਤੀ ਸ਼ੁਹਰਤ ਲੈਣ ਦਾ ਯਤਨ ਕਰਨ ਵਾਲ਼ਾ ਪਿਆਸਾ ਖੂਹ', 'ਸਕੱਡ ਮਿਜ਼ਾਇਲ ਛੱਡਣ ਦਾ ਭਰਮ ਪਾਲਣ ਵਾਲ਼ਾ', 'ਫੋਕੀ ਚਰਚਾ ਕਰਵਾਉਣ ਲਈ ਥਾਂ ਥਾਂ ਰੂਬਰੂ ਕਰਵਾਉਣ ਵਾਲ਼ਾ' ਅਤੇ ਹੋਰ ਪਤਾ ਨਹੀਂ ਕੀ ਕੀ ਦਰਸਾਇਆ ਗਿਆ ਹੈ। ਰਾਹੀ ਦੀ ਇਸ ਉਲਟ-ਛੜੱਪਾ ਕਲਾਬਾਜ਼ੀ ਦੀ ਕੀ ਵਜ੍ਹਾ ਹੋ ਸਕਦੀ ਹੈ?

• **ਧੰਜਲ–** ਰਾਹੀ ਦੀ ਉਲ਼ਟ-ਛੜੱਪਾ ਕਲਾਬਾਜ਼ੀ ਉਪਰੋਕਤ ਰਾਇਸਰ ਸਮਾਗਮ ਵਿੱਚ ਸਿਖਰ 'ਤੇ ਪਹੁੰਚ ਗਈ । ਇਸ ਸਮਾਗਮ ਵਿੱਚ ਮੈਂ, ਰਾਹੀ ਵੱਲੋਂ ਸੰਤ ਰਾਮ ਉਦਾਸੀ ਦੇ ਕਾਵਿਕ ਵਿਚਾਰਾਂ ਨੂੰ ਤਰੋੜ-ਮਰੋੜਨ ਦੀਆਂ, ਉਦਾਸੀ ਦੇ ਠੋਸ ਮਾਰਕਸਵਾਦੀ-ਲੈਨਿਨਵਾਦੀ ਸਟੈਂਡ ਨੂੰ ਫ਼ਿਰਕੂ ਜਨੂੰਨ ਦੇ ਹੱਕ 'ਚ ਭੁਗਤਾਉਣ ਦੀਆਂ, ਉਦਾਸੀ ਦੇ ਸਿੱਖ ਵਿਰਸੇ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਪ੍ਰਭਾਵਤ ਹੋਣ ਦੇ ਪ੍ਰਤੱਖ ਸਟੈਂਡ ਨੂੰ ਭਿੰਡਰਾਂਵਾਲ਼ੇ ਦੇ 'ਗੁਰੀਲਾ ਯੁੱਧ' ਦੇ ਹੱਕ ਵਿੱਚ ਭੁਗਤਾਉਣ ਦੀਆਂ ਸਾਜ਼ਸ਼ਾਂ ਦੀ ਸਟੇਜ ਤੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੇਰੇ ਕੁਝ ਕੁ ਚੋਣਵੇਂ ਸ਼ਬਦ ਇਹ ਸਨ: *"ਨਕਸਲਵਾੜੀ ਲਹਿਰ ਨਾਲ਼ ਜੁੜੇ ਹੋਣ ਕਰਕੇ ਪੰਜਾਬ ਪੁਲਸ ਦੇ ਅੰਨ੍ਹੇ ਤਸ਼ੱਦਦ ਤੋਂ ਬਾਅਦ ਸੰਤ ਰਾਮ ਉਦਾਸੀ ਹਰ ਦੁਬਿਧਾ ਨੂੰ ਤਿਆਗ ਕੇ ਪੱਕੇ ਤੌਰ 'ਤੇ ਮਾਰਕਸਵਾਦ-ਲੈਨਿਨਵਾਦ ਨਾਲ਼ ਜੁੜ ਗਿਆ ਸੀ। ਉਦਾਸੀ ਸਿੱਖ ਵਿਰਸੇ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਜ਼ਰੂਰ ਪ੍ਰਭਾਵਤ ਸੀ, ਪਰ ਧਰਮ*

*ਦੀਆਂ ਪੁੜੀਆਂ 'ਚ ਲਪੇਟੇ ਕਿਸੇ ਵੀ ਫ਼ਿਰਕੂ ਜਨੂੰਨ ਨਾਲ਼ ਜਾਂ ਖ਼ਾਲਿਸਤਾਨ ਨਾਲ ਉਦਾਸੀ ਦਾ ਕਦੇ ਵੀ ਕੋਈ ਵਾਹ-ਵਾਸਤਾ ਨਹੀਂ ਸੀ। ਰਾਜਿੰਦਰ ਰਾਹੀ ਜੇ ਆਪਣੇ ਕੱਲ੍ਹ ਦੇ 'ਕ੍ਰਾਂਤੀਕਾਰੀ' (?) ਸਟੈਂਡ ਨੂੰ ਤਿਲਾਂਜਲੀ ਦੇ ਕੇ ਅੱਜ ਖ਼ਾਲਿਸਤਾਨ ਦਾ ਸਮਰਥਕ ਬਣ ਗਿਆ ਹੈ ਤਾਂ ਇਸ ਦਾ ਉਸ ਨੂੰ ਪੂਰਾ ਹੱਕ ਹੈ। ਜੇਕਰ ਲੈਨਿਨ ਨੂੰ 'ਮਿੱਤਰ ਪਿਆਰਾ' ਲਿਖਦੇ ਲਿਖਦੇ ਸੰਤ ਸਿੰਘ ਸੇਖੋਂ ਨੇ, ਅਤੇ 'ਲਹੂ ਦੀ ਲੋਅ' ਰਚਣ ਵਾਲ਼ੇ ਬਾਈ ਸਿਓਂ ਜਸਵੰਤ ਸਿੰਘ ਕੰਵਲ ਨੇ ਆਪਣੇ ਵਿਚਾਰ ਬਦਲ ਲਏ ਹਨ, ਤਾਂ ਰਾਹੀ ਨੂੰ ਵੀ ਹੱਕ ਹੈ ਕਿ ਉਹ ਵੀ ਇਨ੍ਹਾਂ ਵੱਡੇ ਵੱਡੇ ਥੰਮਾਂ ਵਾਂਗ ਆਪਣੇ ਵਿਚਾਰ ਬਦਲ ਕੇ ਖ਼ਾਲਿਸਤਾਨ ਦਾ ਸਮਰਥਕ ਹੋਣ ਦਾ ਐਲਾਨ ਕਰ ਦੇਵੇ। ਪਰ ਰਾਹੀ ਜਾਂ ਕਿਸੇ ਹੋਰ ਨੂੰ ਇਹ ਕੋਈ ਹੱਕ ਨਹੀਂ ਕਿ ਸੰਤ ਰਾਮ ਉਦਾਸੀ ਨੂੰ ਛਾਂਗ ਕੇ ਆਪਣੇ ਮੇਚ ਦਾ ਕਰਨ ਦੀ ਕੋਸ਼ਿਸ਼ ਕਰੇ। ਸੰਤ ਰਾਮ ਉਦਾਸੀ ਮਾਰਕਸਵਾਦੀ-ਲੈਨਿਨਵਾਦੀ ਸੀ; ਹੈ, ਅਤੇ ਰਹੇਗਾ।"*

ਮੇਰੇ ਇਨ੍ਹਾਂ ਵਿਚਾਰਾਂ ਦਾ ਦਰਸ਼ਕਾਂ ਨੇ ਤਾੜੀਆਂ ਨਾਲ਼ ਸਵਾਗਤ ਕੀਤਾ। ਉਦਾਸੀ ਦੀ ਬੇਟੀ ਇਕਬਾਲ ਕੌਰ ਉਦਾਸੀ (ਜਿਸ ਨੂੰ ਰਾਹੀ ਉਦਾਸੀ-ਪਰਵਾਰ ਵਿੱਚੋਂ ਸਭ ਤੋਂ ਵੱਧ ਅਤੇ ਦਰੁਸਤ ਕ੍ਰਾਂਤੀਕਾਰੀ ਕਹਿੰਦਾ ਹੁੰਦਾ ਸੀ, ਅਤੇ ਜੋ ਹੁਣ ਪ੍ਰਗਤੀਸ਼ੀਲ ਇਸਤਰੀ ਸਭਾ ਦੀ ਸੂਬਾਈ ਆਗੂ ਹੈ), ਨੇ ਉੱਠ ਕੇ 'ਸੰਤ ਰਾਮ ਉਦਾਸੀ, ਅਮਰ ਰਹੇ' ਅਤੇ 'ਮਾਰਕਸਵਾਦ-ਲੈਨਿਨਵਾਦ, ਜ਼ਿੰਦਾਬਾਦ' ਦੇ ਨਾਅਰੇ ਗੂੰਜਾਏ। ਸਾਡੀ ਸਾਂਝੀ ਸਮਝ ਅਨੁਸਾਰ, ਕਾਮਰੇਡ ਖਟਕੜ ਨੇ ਵੀ ਮੇਰੇ ਵਿਚਾਰਾਂ ਦੀ ਸਟੇਜ ਤੋਂ ਪ੍ਰੋੜ੍ਹਤਾ ਕਰ ਦਿੱਤੀ। ਰਾਇਸਰ ਸਮਾਗਮ ਵਿੱਚ ਸਨਮਾਨਿਤ ਕੀਤੇ ਗਏ ਸਾਥੋਂ ਪੰਜਾਂ ਅਤੇ ਇਕਬਾਲ ਕੌਰ ਉਦਾਸੀ ਤੋਂ ਇਲਾਵਾ, ਪੰਜਾਬ ਦੇ ਪ੍ਰਗਤੀਵਾਦੀ ਭਾਈਚਾਰੇ ਨਾਲ਼ ਜੁੜੀਆਂ ਹੋਈਆਂ ਕੁਝ ਉੱਘੀਆਂ ਸ਼ਖ਼ਸੀਅਤਾਂ (ਨਾਟਕਕਾਰ ਅਜਮੇਰ ਔਲਖ, ਡਾ: ਤੇਜਵੰਤ ਮਾਨ, ਕਾਮਰੇਡ ਸੁਖਦਰਸ਼ਨ ਨੱਤ, ਜਗਦੀਪ ਚਿਤਰਕਾਰ, ਦੀਦਾਰ ਸ਼ੇਤਰਾ, ਪਰਮਜੀਤ ਦੇਹਲ, ਮਾਸਟਰ ਹਰਭਗਵਾਨ ਬਰਨਾਲਾ), ਉਦਾਸੀ ਦੀ ਜੀਵਨ-ਸਾਥਣ ਨਸੀਬ ਕੌਰ ਉਦਾਸੀ, ਪਿੰਡ ਰਾਇਸਰ ਦੀ ਸਰਪੰਚ ਬੀਬੀ (ਨਾਮ ਯਾਦ ਨਹੀਂ), ਅਤੇ ਕਾਮਰੇਡ ਅਮਰ ਸਿੰਘ ਅੱਚਰਵਾਲ ਦੀ ਬੇਟੀ ਸਮੇਤ ਸੈਂਕੜੇ ਲੋਕ ਹਾਜ਼ਰ ਸਨ। ਜੇ ਰਾਹੀ ਸੱਚਾ ਸੀ ਤਾਂ ਉਸ ਨੂੰ ਉਦੋਂ ਹੀ ਸਟੇਜ ਤੋਂ ਗੱਜ ਵੱਜ ਕੇ ਸਪਸ਼ਟ ਕਰਨਾ ਚਾਹੀਦਾ ਸੀ ਕਿ ਧੰਜਲ, ਰਾਹੀ ਦੇ ਜਾਂ ਉਦਾਸੀ ਦੇ ਵਿਚਾਰਾਂ ਨਾਲ਼ ਬੇਇਨਸਾਫ਼ੀ ਕਰ ਰਿਹਾ ਹੈ। ਇਸ ਸਮਾਗਮ ਵਿੱਚ ਤਾਂ ਰਾਹੀ ਕੁਸਕਿਆ ਨਹੀਂ, ਪਰ ਉਦਾਸੀ ਦਾ ਪਿੰਡ ਰਾਇਸਰ ਰਾਹੀ ਦਾ ਸਹੁਰਾ ਪਿੰਡ ਹੈ ਅਤੇ ਰਾਹੀ ਮੇਰੀ ਆਲੋਚਨਾ ਨੂੰ ਕੁਝ ਵਧੇਰੇ ਹੀ ਦਿਲ 'ਤੇ ਲਾ ਗਿਆ। ਸ੍ਵੈ-ਆਲੋਚਨਾ ਦੇ ਔਖੇ ਰਾਹ ਦੀ ਥਾਂ ਉਹ ਮੇਰੇ ਚਰਿੱਤਰ-ਘਾਤ ਦੇ ਸੌਖੇ ਰਾਹ ਦਾ ਰਾਹੀ ਬਣ ਗਿਆ ਹੈ। ਹੁਣ ਸੂਝਵਾਨ ਪਾਠਕ ਖ਼ੁਦ ਨਿਰਣਾ ਕਰ ਸਕਦੇ ਹਨ ਕਿ ਰਾਹੀ ਨੂੰ ਰਾਇਸਰ ਸਮਾਗਮ ਤੱਕ ਜਿਸ *"ਸੁਰਿੰਦਰ ਧੰਜਲ ਦੀ ਸੁਹਿਰਦਤਾ ਪ੍ਰਤੀ ਕੋਈ ਸ਼ੱਕ ਨਹੀਂ"* ਸੀ (ਸੰ. ਕਾ., ਸਫ਼ਾ 29), 18 ਦਸੰਬਰ 2004 ਤੋਂ ਬਾਅਦ 'ਇੱਕਦਮ' ਹੀ ਏਨਾ ਨਖਿੱਧ ਕਿਉਂ ਬਣ ਗਿਆ!

• **ਦੀਪਕ–** ਦੀਪ ਕਲੇਰ ਅਤੇ ਪਰਮਜੀਤ ਦੇਹਲ ਅਨੁਸਾਰ *"ਉਹਨਾਂ ਨੂੰ ਜਿਹੜੇ ਪਰੂਫ਼ ਰਾਹੀ ਨੇ ਪਿੰਡ ਹੱਪੋਵਾਲ (ਬੰਗਾ) ਵਿਖੇ ਹਰਭਜਨ ਸਿੰਘ ਦੀ ਮੋਟਰ 'ਤੇ ਪੜ੍ਹਾਏ ਸਨ, ਉਹ ਛਪੀ ਕਿਤਾਬ ਨਾਲ਼ੋਂ ਬਹੁਤ ਵੱਖਰੇ ਸਨ। ਉਹਨਾਂ ਵਿੱਚ ਕਿਤਾਬ ਦਾ ਗੁਰਬੀਰ ਸਿੰਘ ਅਤੇ ਖ਼ਾਲਿਸਤਾਨ ਵਾਲ਼ਾ ਹਿੱਸਾ ਹੈ ਨਹੀਂ ਸੀ।"*

• **ਧੰਜਲ–** ਬਿਲਕੁੱਲ ਦਰੁਸਤ ਹੈ। ਕਿਤਾਬ 'ਜਿੱਥੇ ਪਾਸ਼ ਰਹਿੰਦਾ ਹੈ' ਵੀ ਪਹਿਲਾਂ ਬਲਾਚੌਰ ਹੀ ਰੀਲੀਜ਼ ਹੋਣੀ ਸੀ, ਪਰ ਲੇਟ ਹੋ ਗਈ। ਜ਼ਾਹਰ ਹੈ ਕਿ ਗੁਰਬੀਰ ਸਿੰਘ ਵਾਲ਼ਾ ਹਿੱਸਾ, ਜੋ ਪਹਿਲਾਂ ਹੈ ਹੀ ਨਹੀਂ ਸੀ, ਰਾਇਸਰ ਸਮਾਗਮ ਤੋਂ ਬਾਅਦ, ਬਦਲੇ ਦੀ ਭਾਵਨਾ ਨਾਲ਼ ਘੜਿਆ ਗਿਆ ਹੈ। 'ਜਿੱਥੇ ਪਾਸ਼ ਰਹਿੰਦਾ ਹੈ' ਜੇ ਰਾਹੀ ਦੀ ਪਹਿਲੀ ਯੋਜਨਾਬੰਦੀ ਅਨੁਸਾਰ ਬਲਾਚੌਰ (12 ਸਤੰਬਰ 2004) ਵਿੱਚ ਰੀਲੀਜ਼ ਹੋ ਜਾਂਦੀ, ਜਾਂ ਮੈਂ ਰਾਇਸਰ ਸਮਾਗਮ (18 ਦਸੰਬਰ 2004) ਦੀ ਸਟੇਜ ਤੋਂ ਰਾਹੀ ਦੀ ਆਲੋਚਨਾ ਨਾ ਕਰਦਾ, ਤਾਂ ਮੈਂ (ਰਾਹੀ ਦੀਆਂ ਨਵੰਬਰ 1996 ਅਤੇ 2004 ਵਿੱਚ ਪ੍ਰਕਾਸ਼ਿਤ ਦੋਹਾਂ ਪੁਸਤਕਾਂ ਅਨੁਸਾਰ) *'ਸਰਸਵਤੀ ਦੇ ਵਰਦਾਨ'* ਨਾਲ ਵਰੋਸਾਇਆ, *'ਜਮਾਤੀ ਅਤੇ ਜੀਵਨ ਦੇ ਬਹੁ ਪਸਾਰੀ ਸਬੰਧਾਂ ਨੂੰ ਆਪਣੀ ਰਚਨਾਤਮਿਕ ਪ੍ਰਤਿਭਾ ਰਾਹੀਂ ਰੂਪਮਾਨ'* ਕਰਨ ਵਾਲਾ, *'ਕਲਾਤਮਿਕ ਪੁਖ਼ਤਗੀ ਹਾਸਲ ਕਰ'* ਚੁੱਕਿਆ, *'ਲੋਕ ਘੋਲਾਂ ਨਾਲ ਜੁੜਿਆ'*, *'ਸਿੱਧੇ ਤੌਰ 'ਤੇ ਲੋਕਾਂ ਦੇ ਜਜ਼ਬਿਆਂ ਨੂੰ ਟੁੰਬਣ'* ਵਾਲਾ *'ਚਾਚਾ ਸੁਰਿੰਦਰ ਧੰਜਲ'* ਹੋਣਾ ਸੀ। ਸੋ ਇਹ ਹੈ ਰਾਹੀ ਦੀ ਬਦ-ਦਿਆਨਤਦਾਰੀ ਦੀ ਅਸਲ ਕਹਾਣੀ!

• **ਦੀਪਕ–** ਚੰਗੀ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਰਾਹੀ ਨੇ ਪਾਸ਼, ਧੰਜਲ ਅਤੇ ਪਾਸ਼ ਟ੍ਰਸਟ ਦੇ ਖ਼ਿਲਾਫ਼ ਮੁਹਿੰਮ ਕਿਉਂ ਵਿੱਢ ਲਈ ਹੈ! ਪੁਸਤਕ ਵਿੱਚ ਜਿਹਨਾਂ ਨਾਮਵਰ ਵਿਅਕਤੀਆਂ 'ਤੇ ਹਮਲੇ ਕੀਤੇ/ਕਰਵਾਏ ਗਏ ਹਨ, ਉਨ੍ਹਾਂ ਸਾਰਿਆਂ ਦੇ ਨਾਮ ਅਸਲੀ ਹਨ, ਪਰ ਜਿਸ ਵਿਅਕਤੀ ਤੋਂ ਇਹ ਹਮਲੇ ਕਰਵਾਉਣ ਦਾ ਢੌਂਗ ਰਚਾਇਆ ਗਿਆ ਹੈ, ਉਹ ਇੱਕ ਨਕਲੀ ਨਾਮ 'ਬਾਈ ਗੁਰਬੀਰ ਸਿੰਘ' ਹੈ। ਰਾਹੀ ਵੱਲੋਂ ਅਜੇਹੇ ਨਕਲੀ ਪਾਤਰ ਦੀ ਸਿਰਜਣਾ ਕਰ ਕੇ ਆਪਣਾ ਢਿੱਡ ਹੌਲ਼ਾ ਕਰਨਾ ਅਸਲ ਵਿੱਚ ਉਸ ਦੀ ਸਾਹਿਤਕ ਬਦਮਾਸ਼ੀ ਸੀ।

• **ਧੰਜਲ–** ਰਾਹੀ ਆਪ, ਇਸ ਲਿਖਤ ਦੇ ਸਾਰੇ ਰੀਵੀਊਕਾਰ, ਅਤੇ ਖ਼ੁਦ 'ਅਜਮੇਰ ਸਿੰਘ' ਇਹ ਮੰਨ ਚੁੱਕੇ ਹਨ ਕਿ ਇਹ ਪਾਤਰ 'ਅਸਲ' ਵਿੱਚ ਮੇਰਾ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਦਾ ਹਮਜਮਾਤੀ ਅਤੇ ਸਾਬਕਾ ਨਕਸਲਵਾਦੀ ਗੋਬਿੰਦਰ ਸਿੰਘ (ਮੰਡੀ ਕਲਾਂ) ਹੈ, ਜੋ ਨਕਸਲਬਾੜੀ ਦੌਰ ਦੇ ਚੱਕਰਵਰਤੀ ਜੀਵਨ ਸਮੇਂ ਪਿੰਡ 'ਢੁੱਡੀਕੇ' (ਮਾਲਵਾ) ਵਿੱਚ ਸੁਰਿੰਦਰ ਸਿੰਘ ਚੁੱਘਾ ਹੁੰਦਾ ਸੀ, ਮਾਝੇ ਵਿੱਚ ਗੁਰਮੀਤ ਸਿੰਘ ਹੁੰਦਾ ਸੀ, ਜੋ ਖ਼ਾਲਿਸਤਾਨ ਪੱਖੀ ਪੈਗ਼ਾਮ-ਗਰੁੱਪ ਦਾ ਆਗੂ ਹੁੰਦਾ ਸੀ, ਅਤੇ ਅੱਜ-ਕੱਲ੍ਹ 'ਸਿੱਖ ਬੁੱਧੀਜੀਵੀ' ਅਜਮੇਰ ਸਿੰਘ ਹੈ। 1970 ਜੁਲਾਈ ਦੇ ਅੰਤ ਜਾਂ ਅਗਸਤ ਦੇ ਸ਼ੁਰੂ ਵਿੱਚ ਮੇਰੇ ਉੱਪਰ ਪੁਲਸ ਦਾ ਛਾਪਾ ਪਿਆ। ਪੁਲਸ ਦੀ ਖੱਜਲ ਖੁਆਰੀ ਤੋਂ ਤੰਗ ਆ ਕੇ ਮੈਂ ਆਪਣੀ ਵੱਡੀ ਭੈਣ ਦਾ ਘਰ ਛੱਡ ਕੇ ਕਾਲਜ ਦੇ ਹੋਸਟਲ ਵਿੱਚ ਰਹਿਣ ਲੱਗ ਪਿਆ ਸੀ ਤਾਂ 1971-72 ਦੌਰਾਨ ਚੱਕਰਵਰਤੀ ਗੋਬਿੰਦਰ ਸਿੰਘ ਮੈਨੂੰ ਕਾਲਜ ਦੇ ਹੋਸਟਲ ਵਿੱਚ ਸੁਨੇਹਾ ਭੇਜ ਕੇ ਮਿਲ਼ਦਾ ਹੁੰਦਾ ਸੀ। ਮੈਨੂੰ ਮਿਲਣ ਦੀ ਉਹਨੂੰ ਕੀ ਲੋੜ ਸੀ, ਉਹ ਵੀ ਉਚੇਚਾ ਸੁਨੇਹਾ ਭੇਜਕੇ? ਅਕਤੂਬਰ 1972 ਵਿਚ ਮੈਂ ਕੈਨਡਾ ਆ ਗਿਆ ਸੀ। ਜਿਹੜਾ ਵਿਅਕਤੀ ਮੈਨੂੰ 1972 ਤੋਂ ਬਾਅਦ ਕਦੇ ਮਿਲ਼ਿਆ ਹੀ ਨਹੀਂ, ਉਹਨੂੰ ਇਹ 'ਇਲਹਾਮ' ਕਿਵੇਂ ਹੋ ਗਿਆ ਕਿ ਆਪਣੀਆਂ ਭਾਰਤ-ਫੇਰੀਆਂ ਦੌਰਾਨ, ਆਪਣੇ ਰਿਸ਼ਤੇਦਾਰਾਂ ਕੋਲ਼ ਮੈਂ ਕਿਵੇਂ ਵਿਚਰਦਾ ਹਾਂ? ਸੋ ਰਾਹੀ ਦੀ ਸਾਹਿਤਕ ਬਦਮਾਸ਼ੀ ਵਾਲ਼ੀ ਤੁਹਾਡੀ ਗੱਲ ਬਿਲਕੁੱਲ ਦਰੁਸਤ ਹੈ।

• **ਦੀਪਕ–** ਜਸਵੀਰ ਸਮਰ ('ਸਿਰਜਣਾ' 151) ਅਨੁਸਾਰ *"... ਇਥੋਂ ਤੱਕ ਕਿ ਗੁਰਬੀਰ ਸਿੰਘ, ਜਿਸ ਦੇ ਆਈਡੀਏ ਦੀ ਤਰਜਮਾਨੀ ਲਈ ਇਹ ਕਿਤਾਬ ਰਚੀ ਗਈ, ਦਾ ਵੀ ਕਹਿਣਾ ਹੈ ਕਿ ਉਸ ਵੱਲੋਂ ਕੀਤੀਆਂ ਗੱਲਾਂ ਨੂੰ ਵੀ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ। ਉਸ ਮੁਤਾਬਕ ਧੰਜਲ ਬਾਰੇ*

*ਕੀਤੀਆਂ ਅੱਖੜ ਗੱਲਾਂ ਉਸਦੀਆਂ ਆਪਣੀਆਂ ਨਹੀਂ। ਉਸ (ਗੁਰਬੀਰ) ਵੱਲੋਂ ਪੁੱਛਣ 'ਤੇ ਰਾਹੀ ਨੇ ਸਿਰਫ ਇੰਨਾ ਹੀ ਕਿਹਾ ਕਿ ਉਸ ਨੂੰ ਧੰਜਲ ਉੱਤੇ ਗੁੱਸਾ ਬਹੁਤ ਸੀ..."* ਲਗਦੈ ਰਾਹੀ ਅਸਲੀ ਪਾਤਰ ਅਜਮੇਰ ਸਿੰਘ ਦੇ ਮੋਢੇ 'ਤੇ ਰੱਖ ਕੇ ਚਲਾ ਗਿਆ...

• **ਧੰਜਲ–** ਰਾਹੀ ਅਤੇ ਅਜਮੇਰ ਸਿੰਘ, ਦੋਹਾਂ ਨੇ ਇੱਕ-ਦੂਜੇ ਦੇ ਮੋਢੇ 'ਤੇ ਰੱਖ ਕੇ ਚਲਾਈ ਹੈ। ਅਜਮੇਰ ਸਿੰਘ ਨੇ, ਪ੍ਰਸਿੱਧ ਗੀਤਕਾਰ ਅਤੇ ਮੇਰੇ ਮਿੱਤਰ ਸ਼ਮਸ਼ੇਰ ਸੰਧੂ ਦੇ ਦੱਸਣ ਅਨੁਸਾਰ, ਸੰਧੂ ਨਾਲ਼ 'ਜਿੱਥੇ ਪਾਸ਼ ਰਹਿੰਦਾ ਹੈ' ਦੇ ਛਪਣ ਤੋਂ ਬਾਅਦ ਹੋਈ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ *"ਧੰਜਲ ਬਹੁਤ ਪਿਆਰਾ ਇਨਸਾਨ ਹੈ ਅਤੇ ਰਾਹੀ ਨੇ ਧੰਜਲ ਦੇ ਖ਼ਿਲਾਫ਼ ਸਾਰੀਆਂ ਗੱਲਾਂ ਉਸ ਦੇ ਮੂੰਹ ਵਿੱਚ ਪਾਈਆਂ ਹਨ।"* ਪਰ ਕਿੱਥੇ ਸ਼ਮਸ਼ੇਰ ਸੰਧੂ ਅਤੇ ਜਸਵੀਰ ਸਮਰ ਨੂੰ ਕਹੀਆਂ ਇਹ ਜ਼ੁਬਾਨੀ ਗੱਲਾਂ, ਕਿੱਥੇ ਲਿਖਤੀ ਗੱਲਾਂ?

ਅਜਮੇਰ ਸਿੰਘ ਨਾਲ਼ ਮੇਰੇ ਵਿਚਾਰਧਾਰਕ ਵਖਰੇਵੇਂ ਹਨ। ਮੇਰੇ ਅਤੇ ਅਜਮੇਰ ਸਿੰਘ ਦੇ ਰਾਹ, ਉਸਦੇ ਪੈਗ਼ਾਮਵਾਦੀ ਬਣਨ ਤੋਂ ਬਾਅਦ, ਬਹੁਤ ਵੱਖਰੇ ਹੋ ਗਏ। ਜੇ ਤੁਸੀਂ ਇਕੱਲੀ ਹਕੂਮਤੀ ਦਹਿਸ਼ਤਗਰਦੀ ਦਾ ਵਿਰੋਧ ਕਰਦੇ ਹੋ, ਤਾਂ ਜਾਣੇ-ਅਣਜਾਣੇ ਤੁਸੀਂ ਫ਼ਿਰਕੂ ਦਹਿਸ਼ਤਗਰਦੀ ਦੇ ਹੱਕ ਵਿੱਚ ਭੁਗਤਦੇ ਹੋ। ਜੇ ਤੁਸੀਂ ਇਕੱਲੀ ਫ਼ਿਰਕੂ ਦਹਿਸ਼ਤਗਰਦੀ ਦਾ ਵਿਰੋਧ ਕਰਦੇ ਹੋ, ਤਾਂ ਜਾਣੇ-ਅਣਜਾਣੇ ਤੁਸੀਂ ਹਕੂਮਤੀ ਦਹਿਸ਼ਤਗਰਦੀ ਦੇ ਹੱਕ ਵਿੱਚ ਭੁਗਤਦੇ ਹੋ। ਸਹੀ ਸਟੈਂਡ ਇਹ ਹੈ ਕਿ ਹਕੂਮਤੀ ਅਤੇ ਫ਼ਿਰਕੂ ਦਹਿਸ਼ਤਗਰਦੀ, ਦੋਹਾਂ ਦਾ ਵਿਰੋਧ ਕੀਤਾ ਜਾਵੇ। ਆਪਣੇ ਇਹਨਾਂ ਵਿਚਾਰਾਂ ਨੂੰ, ਜਾਂ ਪੈਗ਼ਾਮ-ਗਰੁੱਪ ਬਾਰੇ ਜੋ ਕੁਝ ਕਹਿਣਾ ਸੀ, 'ਵਤਨੋਂ ਦੂਰ' (1973-1986) ਵਿੱਚ, ਅਸੀਂ ਹਮੇਸ਼ਾਂ ਆਪਣੇ ਨਾਮ ਹੇਠ ਕਿਹਾ। ਅਜਮੇਰ ਸਿੰਘ ਨੂੰ ਵੀ ਚਾਹੀਦਾ ਸੀ ਕਿ ਮੇਰੇ ਨਾਲ਼ ਆਪਣੇ ਵਖਰੇਵਿਆਂ ਬਾਰੇ ਜੋ ਕੁਝ ਕਹਿਣਾ ਸੀ, ਆਪਣੇ ਨਾਮ ਹੇਠ ਕਹਿੰਦਾ; ਅਤੇ ਜੋ ਕੁਝ ਉਸ ਨੇ ਨਹੀਂ ਕਿਹਾ, ਉਸ ਦਾ ਖੰਡਨ ਕਰਦਾ।

• **ਦੀਪਕ–** ਅਜਮੇਰ ਸਿੰਘ ਦੀ ਚੁੱਪ ਮੈਨੂੰ ਵੀ ਰੜਕਦੀ ਹੈ। ਅਜਮੇਰ ਸਿੰਘ ਦੇ ਪਾਸ਼ ਨਾਲ਼ ਵਿਚਾਰਧਾਰਕ ਵਖਰੇਵਿਆਂ ਨੂੰ ਹੋਰ ਸਪਸ਼ਟ ਕਰੋ।

• **ਧੰਜਲ–** ਅਜਮੇਰ ਸਿੰਘ ਦੇ ਪਾਸ਼ ਨਾਲ਼ ਵਿਚਾਰਧਾਰਕ ਵਖਰੇਵੇਂ ਪ੍ਰਤੱਖ ਹਨ। 1970ਵਿਆਂ ਵਿੱਚ ਅਜਮੇਰ ਸਿੰਘ ਵੀ ਪਾਸ਼ ਵਾਂਗ ਹੀ ਧਰਮ-ਆਧਾਰਿਤ ਸਟੇਟ ਦੇ ਸੰਕਲਪ ਦਾ ਵਿਰੋਧੀ ਸੀ। **ਉਦੋਂ** ਅਜਮੇਰ ਸਿੰਘ ਮਾਰਕਸਵਾਦੀ-ਲੈਨਿਨਵਾਦੀ ਪਰਚੇ 'ਕਮਿਊਨਿਸਟ ਵਰਕਰ' ਵਿੱਚ ਖ਼ਾਲਿਸਤਾਨੀਆਂ ਦੇ ਧਰਮ-ਆਧਾਰਿਤ ਸਟੇਟ ਦੇ ਸੰਕਲਪ ਦੀ ਡਟ ਕੇ ਵਿਰੋਧਤਾ ਕਰਦਾ ਹੁੰਦਾ ਸੀ। **ਉਦੋਂ** ਉਹ ਏਡਾ ਵੱਡਾ 'ਕੌਮਾਂਤਰੀਵਾਦੀ' ਸੀ ਕਿ ਪੂਰੇ ਦਾ ਪੂਰਾ ਸੰਸਾਰ ਉਸ ਨੂੰ ਇੱਕੋ ਕੌਮ ਨਜ਼ਰ ਆਉਂਦਾ ਸੀ। **ਉਦੋਂ** ਭਾਰਤ ਬਾਰੇ ਉਹ ਲਿਖਦਾ ਹੁੰਦਾ ਸੀ: 'ਧਰਤੀ ਦਾ ਇੱਕ ਟੁਕੜਾ ਜਿਸ ਦਾ ਨਾਮ ਭਾਰਤ ਹੈ।' ***ਅੱਜ***, ਉਸਦੀ ਵਿਸ਼ਾਲ 'ਕੌਮਾਂਤਰੀਵਾਦੀ' ਸੋਚ ਖ਼ਾਲਿਸਤਾਨ ਤੱਕ ਸੁੰਗੜ ਗਈ ਹੈ। ਪਾਸ਼, ਮਰਦੇ ਦਮ ਤੱਕ ਆਪਣੇ ਸਟੈਂਡ 'ਤੇ ਡਟਿਆ ਰਿਹਾ, ਪਰ ਅਜਮੇਰ ਸਿੰਘ ਬਦਲ ਗਿਆ ਹੈ। ਅਜਮੇਰ ਸਿੰਘ ਨੇ ਆਪਣੇ ਇਸ ਬਦਲੇ ਹੋਏ ਸਟੈਂਡ ਮੁਤਾਬਕ ਪਾਸ਼ ਦਾ ਹੀ ਵਿਰੋਧ ਨਹੀਂ ਕੀਤਾ, ਉਸ ਨੇ ਆਪਣੀ ਪੁਸਤਕ "ਕਿਸ ਬਿਧ ਰੁਲੀ ਪਾਤਸ਼ਾਹੀ" ਵਿੱਚ ਗ਼ਦਰ ਪਾਰਟੀ ਅਤੇ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਪੰਜਾਬ-ਵਿਰੋਧੀ ਅਤੇ ਸਿੱਖ-ਵਿਰੋਧੀ ਸਾਬਤ ਕਰਨ ਦਾ ਯਤਨ ਵੀ ਕੀਤਾ ਹੈ, ਕਿਉਂਕਿ ਗ਼ਦਰੀ ਅਤੇ ਭਗਤ ਸਿੰਘ 'ਹਿੰਦੁਸਤਾਨ' ਅਤੇ 'ਭਾਰਤ' ਦੀ ਗੱਲ ਕਰਨ ਵਾਲ਼ੇ 'ਰਾਸ਼ਟਰਵਾਦੀ' ਸਨ। ਪਾਸ਼ ਦੇ ਕਤਲ ਬਾਰੇ ਵੀ ਅਜਮੇਰ ਸਿੰਘ ਦੇ ਵਿਚਾਰ ਬਦਲਦੇ ਰਹੇ ਹਨ। 28 ਜੁਲਾਈ 1988 ਨੂੰ ਲਿਖੇ ਇੱਕ ਪੈਂਫਲਿਟ ਵਿੱਚ ਅਜਮੇਰ ਸਿੰਘ ਅਨੁਸਾਰ ਪਾਸ਼ ਦਾ ਕਤਲ *"ਕੁਝ ਖ਼ਾਲਿਸਤਾਨੀਆਂ ਕੱਟੜਪੰਥੀਆਂ ਦੇ ਅੰਨ੍ਹੇ ਜਨੂੰਨ ਤੇ ਬੇਸਮਝੀ 'ਚੋਂ ਕੀਤਾ ਇਕ ਬੱਜਰ ਗੁਨਾਹ"* ਸੀ। ਰਾਹੀ ਦੀ ਕਿਤਾਬ ਦਾ ਗੁਰਬੀਰ ਸਿੰਘ (ਪੰਨਾ 123) "*ਖ਼ਾਲਿਸਤਾਨੀਆਂ ਦੇ ਠਰੰਮੇ ਦੀ ਦਾਦ*" ਦੇ ਰਿਹਾ ਹੈ ਕਿ *"ਉਨ੍ਹਾਂ ਨੇ ਬਿਆਸੀ ਤੋਂ ਅਠਾਸੀ ਤੱਕ ਪਾਸ਼... ਨੂੰ ਸਬਰ ਨਾਲ਼ ਬਰਦਾਸ਼ਤ ਕੀਤਾ।"*

• **ਦੀਪਕ–** ਅਮਰਜੀਤ ਚੰਦਨ ਨੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ 13 ਅਪ੍ਰੈਲ 2008 ਵਿੱਚ ਰਾਹੀ ਦੀ ਪਾਸ਼ ਦੇ ਕਾਤਲਾਂ (ਜਾਂ ਖ਼ਾਲਿਸਤਾਨੀਆਂ) ਦੇ ਹੱਕ ਵਿੱਚ ਭੁਗਤਣ ਵਾਲ਼ੀ ਇਸ ਕਿਤਾਬ ਬਾਰੇ ਪ੍ਰਸੰਸਾਤਮਕ ਰੀਵਿਊ ਲਿਖਿਆ ਹੈ। ਜਿਹੜਾ ਚੰਦਨ 'ਅਸੀਂ ਥੁੱਕਾਂਗੇ ਭਿੰਡਰਾਂਵਾਲ਼ਾ' ਲਿਖਦਾ ਹੁੰਦਾ ਸੀ, ਜਿਹੜਾ ਚੰਦਨ 'ਕੋਈ ਆਪਣੇ ਬੱਚੇ ਦਾ ਨਾਮ ਜਰਨੈਲ ਸਿੰਘ ਨਹੀਂ ਰੱਖੇਗਾ' ਲਿਖਦਾ ਹੁੰਦਾ ਸੀ, ਅਤੇ ਖ਼ਾਲਿਸਤਾਨ ਦਾ ਕੱਟੜ ਵਿਰੋਧੀ ਹੁੰਦਾ ਸੀ, ਉਹੀ ਚੰਦਨ ਇਸ ਮੁਹਿੰਮ ਵਿੱਚ ਰਾਹੀ ਦਾ ਸਮਰਥਕ ਕਿਉਂ ਬਣ ਗਿਆ ਹੈ?

• **ਧੰਜਲ–** ***ਕੱਲ੍ਹ,*** ਪਾਸ਼ ਦਾ ਸਭ ਤੋਂ ਵੱਡਾ ਸਮਰਥਕ ਹੋਣ ਦਾ ਦਾਅਵਾ ਕਰਨ ਵਾਲ਼ਾ, ਭਿੰਡਰਾਂਵਾਲ਼ੇ ਦਾ ਕੱਟੜ ਵਿਰੋਧੀ, ਅਤੇ 1960ਵਿਆਂ-70ਵਿਆਂ ਦਾ ਪ੍ਰਸਿੱਧ ਕ੍ਰਾਂਤੀਕਾਰੀ ਕਵੀ ਅਮਰਜੀਤ ਚੰਦਨ, ***ਅੱਜ,*** ਰਾਹੀ ਦੀ ਪਾਸ਼-ਵਿਰੋਧੀ ਕਿਤਾਬ ਬਾਰੇ ਪ੍ਰਸੰਸਾਤਮਕ ਰੀਵਿਊ ਹੀ ਨਹੀਂ ਲਿਖ ਰਿਹਾ, ਬਲਕਿ ਰੀਵਿਊ ਲਿਖਦੇ ਸਮੇਂ ਹਰਦੁਆਰ ਦੀਆਂ ਵਹੀਆਂ 'ਚੋਂ ਪਾਸ਼ ਦੇ ਵੱਡ-ਵਡੇਰਿਆਂ ਦਾ 'ਕਾਤਲ ਪਿਛੋਕੜ' ਢੂੰਡ ਕੇ ਛਾਪਣ ਦਾ ਸੁਝਾਅ ਵੀ ਦੇ ਰਿਹਾ ਹੈ। ਪਾਸ਼ ਦੇ ਕਿਸੇ ਵੱਡ-ਵਡੇਰੇ ਦੇ ਕਾਤਲ ਹੋਣ ਦਾ ਭਲਾ ਰਾਹੀ ਦੀ ਕਿਤਾਬ ਨਾਲ਼ ਜਾਂ ਪਾਸ਼ ਦੇ ਕ੍ਰਾਂਤੀਕਾਰੀ ਕਵਿਤਾ ਨੂੰ ਸਮੁੱਚੇ ਯੋਗਦਾਨ ਨਾਲ਼ ਕੀ ਸੰਬੰਧ ਜੁੜਦਾ ਹੈ? ਮੇਰੇ ਨਾਲ਼ ਚੰਦਨ ਨੂੰ ਇਹ ਚਿੜ੍ਹ ਹੈ ਕਿ 'ਸੰਖ' (ਚੰਡੀਗੜ੍ਹ) ਦੇ 2004 ਦੇ ਅੰਤਲੇ ਕਿਸੇ ਅੰਕ ਵਿੱਚ ਮੈਂ ਚੰਦਨ ਦੇ ਪਾਸ਼ ਬਾਰੇ ਅਜਿਹੇ ਦੋਗਲੇ ਸਟੈਂਡ ਦੀ ਡਟਵੀਂ ਵਿਰੋਧਤਾ ਕੀਤੀ ਸੀ।

***ਕੱਲ੍ਹ,*** ਨਵੰਬਰ 1996 ਵਿੱਚ ਰਾਹੀ ਦੀ ਸੰਪਾਦਿਤ ਪੁਸਤਕ 'ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ)' ਦੇ ਸਫ਼ਾ 9 ਅਨੁਸਾਰ ਪਾਸ਼ ਦੀਆਂ *"**ਸ਼ਹੀਦ** ਹੋਣ ਤੋਂ ਪਹਿਲਾਂ 'ਸਭ ਤੋਂ ਖ਼ਤਰਨਾਕ' ਅਤੇ 'ਬੇਦਖ਼ਲੀ ਲਈ ਬਿਨੈ ਪੱਤਰ' ਕਵਿਤਾਵਾਂ ਤਾਂ ਉਚ ਪਾਏ ਦੀ ਕਲਾਤਮਿਕ ਪੁਖ਼ਤਗੀ ਛੂਹ ਲੈਂਦੀਆਂ ਹਨ।"* ਪਰ ***ਅੱਜ*** , 2004 ਵਾਲ਼ੀ ਪੁਸਤਕ 'ਸੰਤ ਰਾਮ ਉਦਾਸੀ: ਸੰਪੂਰਨ ਕਾਵਿ' ਦੇ ਸਫ਼ਾ 22 ਅਨੁਸਾਰ ਪਾਸ਼ *"23 ਮਾਰਚ 1988 ਨੂੰ ਖ਼ਾਲਿਸਤਾਨੀਆਂ ਹੱਥੋਂ **ਕਤਲ ਹੋਣ ਤੱਕ** ਗੁੰਮਨਾਮੀ ਦੀ ਗਰਦਸ਼ 'ਚ ਸਮਾ ਗਿਆ ਸੀ।"* ਦੇਖੀ ਕਲਾਬਾਜ਼ੀ? ਦੂਜੀ ਕਲਾਬਾਜ਼ੀ: ਉਦਾਸੀ ਦੀਆਂ ਖ਼ਾਲਿਸਤਾਨੀ ਲਹਿਰ ਤੋਂ ਸਾਲਾਂ ਪਹਿਲਾਂ ਲਿਖੀਆਂ ਗਈਆਂ ਸਿੱਖ ਵਿਰਸੇ ਵਾਲ਼ੀਆਂ ਕਵਿਤਾਵਾਂ ਨੂੰ ਏਸੇ ਪੁਸਤਕ ਦੇ 40 ਸਫ਼ਿਆਂ ਦੇ ਮੁੱਖਬੰਧ ਵਿੱਚ ਵਾਰ ਵਾਰ ਇਉਂ ਪੇਸ਼ ਕਰਦਾ ਹੈ, ਜਿਵੇਂ ਖ਼ਾਲਿਸਤਾਨੀ ਲਹਿਰ ਦੌਰਾਨ ਜਾਂ ਖ਼ਾਲਿਸਤਾਨੀ ਲਹਿਰ ਦੇ ਹੱਕ 'ਚ ਲਿਖੀਆਂ ਗਈਆਂ ਹੋਣ। ਰਾਹੀ ਦੀ ***ਅਸਲੀ ਅਤੇ ਵੱਡੀ*** ਕਲਾਬਾਜ਼ੀ ਇਹ ਹੈ ਕਿ ਉਹ ਇੱਕੋ ਸਮੇਂ 'ਕ੍ਰਾਂਤੀਕਾਰੀ', 'ਖ਼ਾਲਿਸਤਾਨੀ', ਅਤੇ 'ਬਾਬਾ ਸਾਹਿਬ ਅੰਬੇਡਕਰ ਜੀ ਦਾ ਪੈਰੋਕਾਰ' ਹੋਣ ਦੇ ਤਿੰਨੇ ਗੁਰਜ ਇਕੱਠੇ ਸੰਭਾਲਣੇ ਚਾਹੁੰਦਾ ਹੈ। ਇਹ ਚੁਫੇਰ-ਗੜ੍ਹੀਏ ਕਿਰਦਾਰ ਦੀ ਸਿਖਰ ਹੈ।

ਸੋ ਕਈ ਵਖਰੇਵਿਆਂ ਦੇ ਬਾਵਜੂਦ ਅਜਮੇਰ ਸਿੰਘ, ਰਾਹੀ ਅਤੇ ਚੰਦਨ 'ਚ ਆਪਸੀ ਸਾਂਝ ਇਹ ਬਣਦੀ ਹੈ ਕਿ ***ਅੱਜ***, ਇਹ ਤਿੰਨੇ ਆਪਣੇ ***ਕੱਲ੍ਹ*** ਦੇ ਕ੍ਰਾਂਤੀਕਾਰੀ ਸਟੈਂਡ ਤੋਂ ਕੋਹਾਂ ਦੂਰ ਤਿਲਕ ਚੁੱਕੇ ਹਨ। ਅੱਜ-ਕੱਲ੍ਹ ਤਿੰਨਾਂ ਨੂੰ ਕ੍ਰਾਂਤੀਕਾਰੀ ਵਿਚਾਰਧਾਰਾ, ਪਾਸ਼, ਅਤੇ ਪਾਸ਼ ਦੇ ***ਹਰ*** ਸਮਰਥਕ ਨਾਲ਼ ਚਿੜ੍ਹ ਹੈ। ਇਸ ਕਰਕੇ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਚੰਦਨ ਦੀ ਕਵਿਤਾ ਨੂੰ ਪਾਸ਼ ਦੀ ਕਵਿਤਾ ਵਾਂਗ ਵਿਸ਼ਾਲ ਮਕਬੂਲੀਅਤ ਕਿਉਂ ਨਹੀਂ ਮਿਲ਼ੀ, ਜਾਂ ਰਾਹੀ ਦੀ ਪਾਸ਼, ਧੰਜਲ ਅਤੇ ਪਾਸ਼ ਟ੍ਰਸਟ ਦੇ ਖ਼ਿਲਾਫ਼ ਵਿੱਢੀ ਇਸ ਮੁਹਿੰਮ ਵਿੱਚ ਅਮਰਜੀਤ ਚੰਦਨ, ਰਾਹੀ ਦਾ ਸਮਰਥਕ ਕਿਉਂ ਬਣ ਗਿਆ ਹੈ। ਅਤੇ ਨਾ ਹੀ ਰਾਹੀ ਦੀ ਇਸ ਮੁਹਿੰਮ ਵਿੱਚ ਅਜਮੇਰ ਸਿੰਘ ਦੇ ਸਿੱਧੇ/ਅਸਿੱਧੇ ਸਮਰਥਨ ਬਾਰੇ ਕੋਈ ਹੈਰਾਨੀ ਹੋਣੀ ਚਾਹੀਦੀ ਹੈ।

• **ਦੀਪਕ–** ਪਾਸ਼ ਦੇ ਨਾਲ਼ ਨਾਲ਼ ਉਦਾਸੀ ਦੇ ਕ੍ਰਾਂਤੀਕਾਰੀ ਕਵਿਤਾ ਨੂੰ ਯੋਗਦਾਨ ਬਾਰੇ ਤੁਹਾਡੇ ਕੀ ਵਿਚਾਰ ਹਨ?

• **ਧੰਜਲ–** ਨਕਸਲਵਾੜੀ ਲਹਿਰ ਦੇ ਪ੍ਰਭਾਵ ਹੇਠ ਉਦੈ ਹੋਣ ਵਾਲ਼ੀ ਪੰਜਾਬੀ ਕ੍ਰਾਂਤੀਕਾਰੀ ਕਵਿਤਾ ਦੇ ਮੈਂ ਨੌਂ ਮੋਢੀ ਕਵੀ ਮੰਨਦਾ ਹਾਂ: ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਹਰਭਜਨ ਹਲਵਾਰਵੀ, ਗੁਰਦੀਪ ਗਰੇਵਾਲ, ਦਰਸ਼ਨ ਖਟਕੜ, ਅਮਰਜੀਤ ਚੰਦਨ, ਵਰਿਆਮ ਸੰਧੂ, ਅਤੇ ਸੰਤ ਸੰਧੂ। ਇਹਨਾਂ ਸਾਰਿਆਂ ਦੇ 1960ਵਿਆਂ-70ਵਿਆਂ ਦੇ ਆਗੂ ਰੋਲ ਦਾ ਮੇਰੇ ਮਨ 'ਚ ਬੇਹੱਦ ਅਤੇ ਸਦੀਵੀ ਸਤਿਕਾਰ ਹੈ, ਸਭ ਦਾ ਆਪਣਾ ਆਪਣਾ ਵਿਲੱਖਣ ਸਥਾਨ ਹੈ, ਪਰ ਮੇਰੀ ਨਜ਼ਰ 'ਚ ਪਾਸ਼ ਇਹਨਾਂ ਸਾਰਿਆਂ 'ਚੋਂ ਵੱਡਾ ਸ਼ਾਇਰ ਹੈ। ਉਦਾਸੀ ਨੂੰ 'ਕਿੰਤੂ' ਦੇ ਉਦਾਸੀ-ਅੰਕ (ਅਕਤੂਬਰ-ਨਵੰਬਰ 1972) ਵਿੱਚ ਮੈਂ *'ਕ੍ਰਾਂਤੀਕਾਰੀ ਕਵਿਤਾ ਦੇ ਯੁੱਗ ਦਾ ਜਰਨੈਲ ਕਵੀ ਤੇ ਗਾਇਕ ਕਿਹਾ'* ਸੀ, ਅਤੇ ਪਾਸ਼ ਨੇ ਉਦਾਸੀ ਨੂੰ *'ਕੱਦਾਵਰ ਅਤੇ ਅਪਹੁੰਚ'* ਕਵੀ ਕਿਹਾ ਸੀ। ਉਦਾਸੀ ਦੀ ਕਵਿਤਾ 'ਚ ਸਰੋਦੀ ਗੁਣ ਪਾਸ਼ ਦੀ ਕਵਿਤਾ ਨਾਲੋਂ ਵੱਧ ਹਨ। ਦਲਿਤ ਵਰਗ ਦਾ ਅਨੁਭਵ ਅਤੇ ਚਿਤਰਣ ਵੀ ਉਦਾਸੀ ਦੀ ਕਵਿਤਾ ਵਿੱਚ ਬਾਕੀ ਸਾਰੇ ਕ੍ਰਾਂਤੀਕਾਰੀ ਕਵੀਆਂ ਨਾਲੋਂ ਵਧੇਰੇ ਹੈ। ਪਰ ਜਮਾਤੀ ਸੰਘਰਸ਼ ਅਤੇ ਸਮਕਾਲੀ ਰਾਜਨੀਤਕ ਸਥਿਤੀਆਂ ਨੂੰ ਜਿੰਨੀ ਡੂੰਘਾਈ ਨਾਲ਼ ਪਾਸ਼ ਨੇ ਪਕੜਿਆ ਹੈ, ਉਹ ਸਿਰਫ਼ ਉਸਦੇ ਹਿੱਸੇ ਹੀ ਆਇਆ ਹੈ। ਪਾਸ਼-ਵਿਰੋਧੀਆਂ ਨੂੰ ਲਗਦਾ ਹੈ ਕਿ ਪਾਸ਼ ਨੂੰ 'ਜੱਟ' ਹੋਣ ਕਰਕੇ, ਜਾਂ 'ਸ਼ਹੀਦ' ਹੋ ਜਾਣ ਕਰਕੇ, ਬੇਲੋੜਾ ਉੱਚਿਆਇਆ ਜਾ ਰਿਹਾ ਹੈ। ਪਰ 'ਲੇਖਕ', 'ਜੱਟ', ਅਤੇ 'ਸ਼ਹੀਦ' ਤਾਂ ਹੋਰ ਵੀ ਹਨ, ਉਹ ਸਾਰੇ ਪਾਸ਼ ਜਿੰਨੇ ਮਕਬੂਲ ਕਿਉਂ ਨਹੀਂ ਹੋ ਗਏ? ਮੇਰਾ ਦ੍ਰਿੜ ਵਿਚਾਰ ਇਹ ਹੈ ਕਿ ਪਾਸ਼ ਨਿਰੋਲ ਆਪਣੀ ਵਿਲੱਖਣ ਕਾਵਿ-ਪ੍ਰਤਿਭਾ ਕਰਕੇ ਅਮਰ ਰਹੇਗਾ, ਉਦਾਸੀ ਆਪਣੀ ਕਵਿਤਾ ਅਤੇ ਗਾਇਕੀ ਦੇ ਸੁਮੇਲ ਕਰਕੇ ਜਿਊਂਦਾ ਰਹੇਗਾ, ਅਤੇ ਦੋਵਾਂ ਦਾ ਵਿਲੱਖਣ ਯੋਗਦਾਨ ਪ੍ਰਤੱਖ ਹੈ।

• **ਦੀਪਕ–** ਰਾਹੀ ਇੱਕ ਇੰਟਰਵਿਊ ਵਿੱਚ ਕਹਿੰਦਾ ਹੈ ਕਿ ਪਾਸ਼ ਸਿੱਖ ਵਿਰਸੇ ਤੋਂ ਅਭਿੱਜ ਸੀ, ਪਰ 'ਬੇਦਾਵਾ' ਅਤੇ 'ਅੰਤਿਕਾ' ਵਰਗੀਆਂ ਕਵਿਤਾਵਾਂ ਤੋਂ ਤਾਂ ਅਜੇਹਾ ਨਹੀਂ ਲਗਦਾ।

• **ਧੰਜਲ–** ਕੋਈ ਵੀ ਸੰਜੀਦਾ ਪੰਜਾਬੀ ਲੇਖਕ, ਸਿੱਖ ਵਿਰਸੇ ਤੋਂ ਅਭਿੱਜ ਨਹੀਂ ਰਹਿ ਸਕਦਾ। ਯਾਰਾਂ ਦੋਸਤਾਂ ਦੀਆਂ ਮਹਿਫ਼ਲਾਂ ਵਿੱਚ ਕਿਤੇ ਕਿਤੇ ਹਲਕੇ-ਫੁਲਕੇ ਜਾਂ ਸ਼ਰਾਰਤੀ ਅੰਦਾਜ਼ ਵਿੱਚ ਵਿਚਰਨ ਵਾਲ਼ਾ ਪਾਸ਼, ਕਾਵਿ-ਰਚਨਾ ਦੇ ਸੰਦਰਭ ਵਿੱਚ ਨਿਹਾਇਤ ਸੰਜੀਦਾ ਸੀ। ਉਸ ਨੇ ਸਿੱਖ ਵਿਰਸੇ ਦਾ ਵੀ ਸੰਜੀਦਗੀ ਨਾਲ਼ ਡੂੰਘਾ ਅਧਿਅਨ ਕੀਤਾ ਸੀ। ਉਸ ਦੀਆਂ ਕਵਿਤਾਵਾਂ **'ਬੇਦਾਵਾ', 'ਸ਼ਰਧਾਂਜਲੀ', 'ਖ਼ੂਬਸੂਰਤ ਪੈਡ ਕੰਧਾਂ ਜੇਲ੍ਹ ਦੀਆਂ', 'ਸਭਿਆਚਾਰ ਦੀ ਖੋਜ', 'ਲਹੂ ਕ੍ਰਿਆ', 'ਅੰਤਿਕਾ', 'ਕੱਖਾਂ ਦੀਏ ਕੁੱਲੀਏ', 'ਜੋਗਾ ਸਿੰਘ ਦੀ ਸ੍ਵੈ ਪੜਚੋਲ', 'ਕਾਮਰੇਡ ਨਾਲ਼ ਗੱਲਬਾਤ', '13 ਅਪ੍ਰੈਲ'** ਵਿੱਚ ਸਿੱਖ ਵਿਰਸੇ ਦਾ ਗੂਹੜਾ ਚਿਤ੍ਰਣ ਹੈ। **ਐਂਟੀ-47 ਫਰੰਟ ਦੀ ਅਕਾਲਕ ਲੜੀ (ਨੰਬਰ 4, 26 ਅਕਤੂਬਰ 1986)** ਦੇ ਮੁੱਖ ਪੰਨੇ 'ਤੇ, ਪਾਸ਼ ਦੀ ਹੱਥ-ਲਿਖਤ ਵਿੱਚ, ਸਿੱਖ ਗੁਰੂ ਸਾਹਿਬਾਨਾਂ ਅਤੇ ਹੋਰ ਸਿੱਖ ਮਰਜੀਵੜਿਆਂ ਦੀਆਂ ਕੁਰਬਾਨੀਆਂ ਦਾ ਭਰਪੂਰ ਵਰਨਣ ਹੈ। ਸੋ ਜ਼ਾਹਰ ਹੈ ਕਿ ਪਾਸ਼ ਸਿੱਖ ਵਿਰਸੇ ਤੋਂ ਅਭਿੱਜ ਨਹੀਂ ਸੀ, ਪਰ ਜਿਸ ਬੇਬਾਕ ਅੰਦਾਜ਼ ਵਿੱਚ ਪਾਸ਼ ਨੇ 'ਪੁਰਬਾਂ ਦੇ ਨਸ਼ੇ ਵਿੱਚ ਬੇਦਾਵਾ ਲਿਖਣ ਵਾਲ਼ਿਆਂ' ਨੂੰ, ਅਤੇ 'ਅਖੌਤੀ ਧਰਮ-ਗੁਰੂਆਂ' ਨੂੰ ਬੇਪਰਦ ਕੀਤਾ ਸੀ, ਉਹ ਸਿੱਖੀ ਦੇ ਅਜੋਕੇ ਠੇਕੇਦਾਰਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ।

• **ਦੀਪਕ–** ਕਿਤਾਬ ਦੇ ਪੰਨਾ 121 'ਤੇ ਗੁਰਬੀਰ ਸਿੰਘ ਕਹਿੰਦਾ ਹੈ ਕਿ ਇਹ ਫ਼ੈਸਲਾ (ਪਾਸ਼ ਨੂੰ ਮਾਰਨ ਦਾ) *"ਕਿਸੇ ਖਾਲਿਸਤਾਨੀ ਧਿਰ ਦੀ ਵੀ ਲੀਡਰਸ਼ਿਪ ਦਾ ਨਹੀਂ ਸੀ! ਇਹ ਕਤਲ ਤਾਂ ਥੱਲੇ ਵਾਲੇ ਪੱਧਰ ਦੇ ਖਾਲਿਸਤਾਨੀਆਂ ਵੱਲੋਂ ਸੀ।"* ਕੀ ਇਹ ਸੱਚ ਹੈ?

• **ਧੰਜਲ–** ਨਹੀਂ, ਇਹ ਕੋਰਾ ਝੂਠ ਹੈ। ਧੀਦੋ ਅਤੇ ਸਾਥੀਆਂ ਨੂੰ 19 ਅਪਰੈਲ 1984 ਨੂੰ ਲਿਖੇ ਖ਼ਤ ਵਿੱਚ ਪਾਸ਼ ਲਿਖਦਾ ਹੈ: *"ਭਿੰਡਰਾਂ ਵਾਲ਼ੇ ਦੀ ਨਵੀਂ ਲਗੌੜ ਨੇ ਨਕੋਦਰ ਇਲਾਕੇ ਦੇ ਚਾਰ ਬੰਦੇ ਸੋਧ ਦੇਣ ਦੀ ਯੋਜਨਾ ਬਣਾਈ ਹੈ। ਵਿੱਚ ਮੇਰਾ ਨਾਓਂ ਵਿਸ਼ੇਸ਼ ਤੌਰ 'ਤੇ ਸੀ... ... ਚਾਰ ਪੰਜ ਦਿਨ ਪਹਿਲਾਂ ਹੋਈ ਸਿੱਖ ਫੈਡਰੇਸ਼ਨ ਦੀ ਮੀਟਿੰਗ ਵਿੱਚ ਦੋ ਲੀਡਰ ਹੈਡਕੁਆਰਟਰ ਤੋਂ ਆਏ ਸਨ ਤੇ ਉਨ੍ਹਾਂ ਨੇ ਇਲਾਕੇ 'ਚੋਂ ਚਾਰ ਬੰਦੇ ਚੁਣਨ ਲਈ ਲੋਕਲ ਯੂਨਿਟ ਨੂੰ ਕਿਹਾ। ਮੇਰਾ ਨਾਂ ਉਨ੍ਹਾਂ ਨੇ ਖੁਦ ਹੀ ਆਪਣੇ ਵੱਲੋਂ ਪੇਸ਼ ਕੀਤਾ ਸੀ।"* ਪਾਸ਼ ਦਾ ਇਹ ਖ਼ਤ ਪਾਸ਼ ਟ੍ਰਸਟ ਦੀ ਪੁਸਤਕ 'ਪਾਸ਼ ਦੀਆ ਚਿੱਠੀਆਂ' ਵਿੱਚ ਸਫ਼ਾ 147-150 'ਤੇ ਪ੍ਰਕਾਸ਼ਿਤ ਕਰ ਚੁੱਕੇ ਹਾਂ। ਇੱਕ ਹੋਰ ਕੋਰਾ ਝੂਠ ਸੁਣੋ: ਰਾਹੀ ਦੇ ਸਿਰਜੇ 'ਗੁਰਬੀਰ' (ਪੰਨਾ 120) ਅਨੁਸਾਰ *"ਸਟੇਟ ਪਾਸ਼ ਦੀ ਸ਼ਹੀਦੀ ਮਨਾਉਣ ਲਈ ਸਹਿਯੋਗ ਦਿੰਦੀ ਹੈ"*, ਜਦਕਿ ਪਾਸ਼ ਟ੍ਰਸਟ ਨੇ ਅੱਜ ਤੱਕ ਕਿਸੇ ਸਟੇਟ ਤੋਂ ਇੱਕ ਪੈਸਾ ਨਹੀਂ ਲਿਆ, ਸਾਰਾ ਖ਼ਰਚਾ ਲੋਕਾਂ ਦੇ ਬਲਬੂਤੇ ਕੀਤਾ ਹੈ।

• **ਦੀਪਕ–** ਤੁਹਾਡੇ ਦੱਸਣ ਅਨੁਸਾਰ ਤੁਹਾਡੇ ਉੱਪਰ ਪੁਲਸ ਦਾ ਛਾਪਾ ***1970*** ਜੁਲਾਈ ਦੇ ਅੰਤ ਜਾਂ ਅਗਸਤ ਦੇ ਸ਼ੁਰੂ ਵਿੱਚ ਪਿਆ ਅਤੇ ਅਕਤੂਬਰ ***1972*** ਵਿੱਚ ਤੁਸੀਂ ਕੈਨਡਾ ਆ ਗਏ। ਪਰ ਰਾਹੀ ਦੀ ਕਿਤਾਬ ਵਿੱਚੋਂ ਤਾਂ ਇਉਂ ਲਗਦੈ ਜਿਵੇਂ ਪੁਲਸ ਦਾ ਛਾਪਾ ਪੈਣ ਸਾਰ ਹੀ ਤੁਸੀਂ ਕੈਨਡਾ ਭੱਜ ਨਿਕਲ਼ੇ ਹੋਵੋਂ! ਮੇਰਾ 1971-75 ਤੱਕ ਇੰਜਨੀਅਰਿੰਗ ਕਾਲਜ ਦਾ ਕਲਾਸ-ਫੈਲੋ ਹਰਮਿੰਦਰ ਪੁਰੇਵਾਲ ਜੋ ਅੱਜ-ਕੱਲ੍ਹ ਟਰਾਂਟੋ ਰਹਿੰਦਾ ਹੈ, ਵੀ ਦੱਸ ਰਿਹਾ ਸੀ ਕਿ ਉਹ ਤੁਹਾਨੂੰ ਪਾਸ਼ ਸਮੇਤ ***1972*** ਦੇ ਅੰਤ ਜਿਹੇ 'ਚ ਨਕੋਦਰ ਮਿਲਿਆ ਸੀ... ਹੱਦ ਹੋ ਗਈ,

• **ਧੰਜਲ–** ਰਾਹੀ ਦੀ ਬਦ-ਦਿਆਨਤਦਾਰੀ ਦੀ ਇਹ ਇੱਕ ਹੋਰ ਉੱਘੜਵੀਂ ਮਿਸਾਲ ਹੈ। ਅਸਲੀਅਤ ਇਹ ਹੈ ਕਿ ਪੁਲਸ ਛਾਪੇ ਤੋਂ ਬਾਅਦ ਮੈਂ ਦੋ ਸਾਲ ਤੋਂ ਵੱਧ ਸਮਾਂ ਪੰਜਾਬ 'ਚ ਰਿਹਾ। ਅਨੇਕਾਂ ਕਾਰਕੁੰਨ ਮਿਲ਼ਦੇ ਗਿਲ਼ਦੇ ਰਹੇ... ਆਖ਼ਰੀ ਵਾਰ ਗੋਬਿੰਦਰ ਸਿੰਘ ਵੀ ਮੈਨੂੰ ***1972*** ਦੇ ਸ਼ੁਰੂ ਵਿੱਚ ਹੀ ਮਿਲ਼ਿਆ ਸੀ, ਜਦੋਂ ਹਰਭਜਨ ਹਲਵਾਰਵੀ, ਜੁਗਿੰਦਰ ਸਿੰਘ, ਅਤੇ ਗੋਬਿੰਦਰ ਸਿੰਘ, ਤਿੰਨੇ ਪੰਜਾਬ ਦੀ ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਵਜੋਂ,

ਕਾਲਜ ਦੇ ਹੋਸਟਲ ਵਿੱਚ ਆਏ ਸਨ; ਅਤੇ ਮੇਰੀ ਪੁਸਤਕ 'ਸੂਰਜਾਂ ਦੇ ਹਮਸਫ਼ਰ' ਅਤੇ ਬੂਟਾ ਰਾਮ ਦੀ ਪੁਸਤਕ 'ਗਹਿਰੀ ਅੱਖ' ਦੇ ਖਰੜਿਆਂ ਨੂੰ ਪਰਵਾਨਗੀ ਦੇ ਕੇ ਗਏ ਸਨ। ਗੋਬਿੰਦਰ ਸਿੰਘ ਦੀ ਨਿਗ੍ਹਾ ਵਿਚਲਾ 1972 ਤੱਕ ਦਾ 'ਕ੍ਰਾਂਤੀਕਾਰੀ ਕਵੀ ਧੰਜਲ', ਰਾਹੀ ਨੇ ਬਦਲਾ ਲੈਣ ਦੀ ਬਦਨੀਅਤੀ ਨਾਲ਼ ਆਪਣੀ ਕਿਤਾਬ ਵਿੱਚ ਕੀ ਦਾ ਕੀ ਬਣਾ ਧਰਿਆ ਹੈ! ਮੇਰੀ ਪਹਿਲੀ ਪੁਸਤਕ 'ਸੂਰਜਾਂ ਦੇ ਹਮਸਫ਼ਰ' ਵੀ ***ਮਈ 1972*** ਵਿੱਚ ਮੇਰੇ ਭਾਰਤ ਰਹਿੰਦਿਆਂ ਹੀ ਛਪੀ ਸੀ। ਪਾਸ਼, ਮਹਿੰਦਰ ਸਿੰਘ ਸੰਧੂ (ਸੰਪਾਦਕ 'ਜਥੇਬੰਦੀ'), ਮੈਂ ਅਤੇ ਹਰਮਿੰਦਰ ਪੁਰੇਵਾਲ ***ਸਤੰਬਰ 1972*** ਵਿੱਚ ਨਕੋਦਰ ਮਿਲ਼ੇ ਸੀ। ਉਹਨੀਂ ਦਿਨੀਂ ਮੈਂ ਪਾਸ਼ ਦੇ ਪਰਚੇ 'ਸਿਆੜ' ਅਤੇ ਮਹਿੰਦਰ ਸਿੰਘ ਸੰਧੂ ਦੇ ਪਰਚੇ 'ਜਥੇਬੰਦੀ' ਤੋਂ ਇਲਾਵਾ 'ਆਰਸੀ', 'ਸਰਦਲ', 'ਕਿੰਤੂ', 'ਜੀਵਨ ਸਾਂਝਾਂ', 'ਵਿਦਿਆਰਥੀ ਸੰਘਰਸ਼', 'ਸੰਕਲਪ' ਆਦਿ ਪਰਚਿਆਂ 'ਚ ਲਗਾਤਾਰ ਛਪਦਾ ਹੁੰਦਾ ਸੀ। ਜਾਨਣ ਵਾਲ਼ੇ ਜਾਣਦੇ ਹਨ ਕਿ ਉਦੋਂ ਤੋਂ ਹੁਣ ਤੱਕ, ਮੈਂ ਆਪਣੀ ਚਾਲੇ ਨਿਰੰਤਰ ਏਸੇ ਰਾਹ 'ਤੇ ਦ੍ਰਿੜਤਾ ਨਾਲ਼ ਤੁਰਿਆ ਆ ਰਿਹਾ ਹਾਂ।

• **ਦੀਪਕ–** ਸੰਤ ਰਾਮ ਉਦਾਸੀ ਦੇ ਪਰਵਾਰ ਨੂੰ, ਜਾਂ ਰਾਹੀ ਦੀ ਸਕੱਤਰੀ ਹੇਠ ਚੱਲ ਰਹੇ ਉਦਾਸੀ ਟ੍ਰਸਟ ਨੂੰ, ਕੀ ਹਾਲੇ ਤੱਕ, ਉਦਾਸੀ ਦੇ ਕਾਵਿਕ ਵਿਚਾਰਾਂ ਨੂੰ ਤਰੋੜਨ-ਮਰੋੜਨ ਦੀਆਂ, ਜਾਂ ਕ੍ਰਾਂਤੀਕਾਰੀ ਉਦਾਸੀ ਨੂੰ ਫ਼ਿਰਕੂ ਜਨੂੰਨ ਦੇ ਹੱਕ 'ਚ ਭੁਗਤਾਉਣ ਦੀਆਂ, ਰਾਹੀ ਦੀਆਂ 'ਅਣਥੱਕ' ਕੋਸ਼ਿਸ਼ਾਂ ਦਾ ਪਤਾ ਹੀ ਨਹੀਂ ਲੱਗਿਆ?

• **ਧੰਜਲ–** ਹੌਲ਼ੀ ਹੌਲ਼ੀ ਸਭ ਨੂੰ ਪਤਾ ਲੱਗ ਗਿਆ ਹੈ। ਫਰਵਰੀ 2009 ਵਿੱਚ ਜਦੋਂ ਮੈਂ ਉਦਾਸੀ ਦੀ ਪਤਨੀ ਨਸੀਬ ਕੌਰ ਉਦਾਸੀ, ਉਦਾਸੀ ਦੀ ਬੀਮਾਰ ਬੇਟੀ ਪ੍ਰਿਤਪਾਲ, ਅਤੇ ਉਦਾਸੀ ਦੇ ਬੇਟੇ ਨੂੰ ਮਿਲਣ ਬਰਨਾਲੇ ਗਿਆ, ਤਾਂ ਨਸੀਬ ਕੌਰ ਦਾ ਬਿਆਨ ਸੀ ਕਿ *"ਰਾਹੀ ਲੋਕਾਂ ਕੋਲ਼ ਕਹਿੰਦਾ ਫਿਰਦਾ ਹੈ ਕਿ ਮੇਰੀ ਬੇਟੀ ਇਕਬਾਲ ਤੋਂ ਬਗ਼ੈਰ ਉਦਾਸੀ-ਪਰਵਾਰ ਦਾ ਕੋਈ ਮੈਂਬਰ ਕ੍ਰਾਂਤੀਕਾਰੀ ਨਹੀਂ। ਮੈਂ ਤਾਂ ਦੋ ਪੰਚਾਇਤਾਂ ਦੇ ਸਾਹਮਣੇ ਰਾਹੀ ਨੂੰ ਸਿੱਧਾ ਕਹਿ ਦਿੱਤਾ ਸੀ ਬਈ ਜਦੋਂ ਤਿੰਨ ਤਿੰਨ ਜ਼ਿਲ੍ਹਿਆਂ ਦੀ ਪੁਲਸ ਸੰਤ ਰਾਮ ਉਦਾਸੀ ਨੂੰ ਲਭਦੀ ਲਭਦੀ ਸਾਡੇ ਸਾਰੇ ਪਰਵਾਰ 'ਤੇ ਡਾਂਗਾਂ ਵਰ੍ਹਾਉਂਦੀ ਹੁੰਦੀ ਸੀ ਉਦੋਂ ਉਸਦਾ ਸਾਹਮਣਾ ਕੌਣ ਕਰਦਾ ਸੀ?"* ਕਹਿਣ ਨੂੰ ਤਾਂ ਹੋਰ ਵੀ ਬਹੁਤ ਕੁਝ ਹੈ, ਪਰ ਮੈਂ ਰਾਹੀ ਵਾਲ਼ੀ ਪੱਧਰ ਤੱਕ ਨਹੀਂ ਡਿੱਗਣਾ ਚਾਹੁੰਦਾ। ਰਹੀ ਗੱਲ ਰਾਹੀ ਦੀ ਸਕੱਤਰੀ ਦੀ... ਰਾਹੀ ਦੀਆਂ ਉਦਾਸੀ ਨੂੰ ਤੋੜਨ-ਮਰੋੜਨ ਵਾਲ਼ੀਆਂ ਕਲਾਬਾਜ਼ੀਆਂ ਕਰਕੇ ਉਦਾਸੀ ਟ੍ਰਸਟ ਨੇ, 2009 ਦੇ ਸ਼ੁਰੂ ਵਿੱਚ, ਰਾਹੀ ਨੂੰ ਟ੍ਰਸਟ ਦੇ ਸਕੱਤਰ ਦੀ ਪੋਜ਼ੀਸ਼ਨ ਤੋਂ ਉਤਾਰੂ ਕਰਕੇ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੂੰ ਟ੍ਰਸਟ ਦਾ ਨਵਾਂ ਜਨਰਲ ਸਕੱਤਰ ਥਾਪ ਦਿੱਤਾ ਹੈ।

• **ਦੀਪਕ–** ਤੁਹਾਡੀ ਅਤੇ ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਦੀ ਸੰਪਾਦਿਤ ਪੁਸਤਕ 'ਪਾਸ਼ ਤਾਂ ਸੂਰਜ ਸੀ' ਦੀ ਪ੍ਰਕਾਸ਼ਨਾਂ ਤੋਂ ਚਿੜ੍ਹ ਕੇ, ਰਾਹੀ ਨੇ 'ਸ਼ਬਦ' (ਜਲੰਧਰ) ਵਿੱਚ ਛਪੀ ਇੱਕ ਲਿਖਤ ਵਿੱਚ ਪਾਸ਼ ਨੂੰ 'ਮਰਿਆ ਹੋਇਆ ਸੂਰਜ' ਗਰਦਾਨਿਆ ਹੈ?

• **ਧੰਜਲ–** ਸਾਡੀ ਪੁਸਤਕ 'ਪਾਸ਼ ਤਾਂ ਸੂਰਜ ਸੀ' ਵਿੱਚ ਪ੍ਰਕਾਸ਼ਿਤ ਛੇ ਦੇਸਾਂ ਵਿੱਚ ਵਸਦੇ ਲਗ-ਪਗ ਸੌ ਕਵੀਆਂ ਦੀਆਂ ਪਾਸ਼ ਬਾਰੇ ਲਗ-ਪਗ ਡੇਢ ਸੌ ਕਵਿਤਾਵਾਂ ਨੂੰ ਰਾਹੀ ਨੇ ਆਪਣੀ ਇੰਟਰਵਿਊ ਵਿੱਚ *'ਪਾਸ਼ ਬਾਰੇ ਲਿਖੀਆਂ ਜਜ਼ਬਾਤੀ ਅਤੇ ਕੱਚ-ਘਰੜ ਰਚਨਾਵਾਂ'* ਦੀ ਪੁਸਤਕ ਕਿਹਾ ਹੈ। ਜੇ ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ, ਹਰਭਜਨ ਸਿੰਘ ਹੁੰਦਲ, ਸੁਰਜੀਤ ਪਾਤਰ, ਮੋਹਨਜੀਤ, ਸਵਰਾਜਬੀਰ, ਨਿਰੁਪਮਾ ਦੱਤ, ਅਮਰਜੀਤ ਕੌਂਕੇ, ਨਿਰੰਜਣ ਸਿੰਘ ਨੂਰ, ਮਜ਼ਹਰ ਤਿਰਮਜ਼ੀ, ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ, ਸ਼ਸ਼ੀ ਸਮੁੰਦਰਾ, ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਕਰਨੈਲ ਸਿੰਘ ਪਾਰਸ, ਅਜਮੇਰ ਰੋਡੇ, ਦਰਸ਼ਨ ਗਿੱਲ, ਸਾਧੂ, ਵਿਸ਼ਾਲ, ਅਤੇ ਡਾ: ਹਰਿਭਜਨ ਸਿੰਘ ਵਰਗੇ ਕਵੀਆਂ ਦੀਆਂ ਰਚਨਾਵਾਂ 'ਜਜ਼ਬਾਤੀ ਅਤੇ ਕੱਚ-ਘਰੜ' ਹਨ ਤਾਂ 'ਗ਼ੈਰ-ਜਜ਼ਬਾਤੀ ਅਤੇ ਪਕਰੌੜ' ਰਚਨਾਵਾਂ ਦੇ ਲੇਖਕ ਅਸੀਂ ਕਿੰਨੇ ਕੁ, ਅਤੇ ਕਿੱਥੋਂ ਲੱਭਾਂਗੇ? 'ਪਾਸ਼ ਤਾਂ ਸੂਰਜ ਸੀ' ਦੀ ਪ੍ਰਕਾਸ਼ਨਾਂ ਬਾਰੇ ਇਸ ਚਿੜ੍ਹ ਦੀ ਅਸਲੀਅਤ ਇਹ ਹੈ ਕਿ ਪਾਸ਼-ਵਿਰੋਧੀ ਧਿਰਾਂ ਤੋਂ ਪਾਸ਼ ਦੀ ਮਕਬੂਲੀਅਤ ਨਾ ਤਾਂ ਪਾਸ਼ ਦੇ ਜਿਊਂਦੇ-ਜੀਅ ਬਰਦਾਸ਼ਤ ਹੋ ਰਹੀ ਸੀ, ਨਾ ਹੀ ਹੁਣ ਹੋ ਰਹੀ ਹੈ। 'ਸ਼ਬਦ' ਦੇ ਜੁਲਾਈ-ਸਤੰਬਰ 2009 ਅੰਕ ਵਿੱਚ ਛਪੀ ਹਿੰਦੀ-ਪੰਜਾਬੀ ਦੇ ਪ੍ਰਸਿੱਧ ਚਿੰਤਕ ਡਾਕਟਰ ਚਮਨ ਲਾਲ (ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ) ਦੀ ਜਵਾਬੀ ਟਿੱਪਣੀ ਅਨੁਸਾਰ ਪਾਸ਼ ਲਾਇਬ੍ਰੇਰੀ ਕਰਨਾਲ਼ ਦੇ ਸਬੰਧ ਵਿੱਚ ਰਾਹੀ ਨੇ ਜੋ ਕੁਝ ਵੀ 'ਸ਼ਬਦ' ਵਿੱਚ ਲਿਖਿਆ ਹੈ, ਉਹ ਸਰਾਸਰ *'ਝੂਠ', 'ਚਿੱਕੜ ਉਛਾਲੀ', 'ਹੋਛੀ ਇਲਜ਼ਾਮਬਾਜ਼ੀ',* ਅਤੇ *'ਸੌੜੀ ਈਰਖਾ'* ਹੈ। ਹਰ ਚੌਥੇ ਦਿਨ ਵਿਚਾਰ ਬਦਲਣ ਵਾਲ਼ੇ ਕਿਸੇ ਵੀ ਚੁਫੇਰ-ਗੜ੍ਹੀਏ ਨਿੰਦਕ ਦੀਆਂ ਅਜਿਹੀਆਂ ਕੂੜ-ਕਹਾਣੀਆਂ ਪਾਸ਼ ਵਰਗੇ ਸੂਰਜ 'ਤੇ ਥੁੱਕਣ ਵਾਂਗ ਹਨ। ਪਾਸ਼ ਯਾਦਗਾਰੀ ਲਾਇਬ੍ਰੇਰੀ ਕਰਨਾਲ਼ ਦੇ ਹੋਂਦ ਵਿੱਚ ਔਣ ਦੇ ਪੂਰੇ ਵੇਰਵੇ ਜਸਬੀਰ ਸਮਰ ਦੇ ਤੀਜੇ ਲੇਖ ('ਸਰੋਕਾਰ' 37) ਵਿੱਚ ਵੀ ਦਰਜ ਹਨ।

• **ਦੀਪਕ–** ਰਾਹੀ ਦੀ ਕਿਤਾਬ 2008 ਦੀ ਛਪੀ ਹੋਈ ਹੈ, ਤੁਸੀਂ ਇਸ ਬਾਰੇ ਹਾਲੇ ਤੱਕ ਕੁਝ ਨਹੀਂ ਲਿਖਿਆ?

• **ਧੰਜਲ–** 20 ਜੁਲਾਈ 2008 ਨੂੰ ਪਾਸ਼ ਟ੍ਰਸਟ ਦੀ ਪੰਜਾਬ ਕਮੇਟੀ ਦੀ ਇੱਕ ਮੀਟਿੰਗ ਵਿੱਚ ਡਾਕਟਰ ਭੀਮਇੰਦਰ ਸਿੰਘ, ਕਹਾਣੀਕਾਰ ਅਤਰਜੀਤ, ਨਾਟਕਕਾਰ ਜਗੀਰ ਜੋਸਣ, ਕਾਮਰੇਡ ਅਮੋਲਕ, ਕਾਮਰੇਡ ਗੁਰਮੀਤ, ਕਾਮਰੇਡ ਕੰਵਲਜੀਤ ਖੰਨਾ ਅਤੇ ਮੈਂ ਸ਼ਾਮਲ ਸਾਂ। ਸਾਂਝਾ ਫੈਸਲਾ ਸੀ ਕਿ ਟ੍ਰਸਟ ਦੇ ਸਤੰਬਰ 2008 ਜਲੰਧਰ ਸਮਾਗਮ ਵਿੱਚ ਪੰਜਾਬ ਕਮੇਟੀ ਦੇ ਮੈਂਬਰ ਡਾਕਟਰ ਪਰਮਿੰਦਰ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਿਟੀ) 'ਕ੍ਰਾਂਤੀਕਾਰੀ ਕਵਿਤਾ ਦਾ ਭਵਿੱਖ: ਚੁਣੌਤੀਆਂ ਅਤੇ ਸੰਭਾਵਨਾਵਾਂ' ਸਿਰਲੇਖ ਹੇਠ ਪਾਸ਼-ਯਾਦਗਾਰੀ ਲੈਕਚਰ ਸਮੇਂ ਸਾਡਾ ਸਟੈਂਡ ਸਪਸ਼ਟ ਕਰ ਦੇਣ ਅਤੇ ਅਤਰਜੀਤ 'ਸਰੋਕਾਰ' ਵਿੱਚ ਲੇਖ ਲਿਖ ਦੇਣ; ਇਸ ਤੋਂ ਵੱਧ ਰਾਹੀ ਦੀ ਹਉਂਮੈਂ ਨੂੰ ਪੱਠੇ ਨਾ ਪਾਏ ਜਾਣ। ਰਾਹੀ ਦੇ ਕੁਫ਼ਰ ਨਾਲ਼ ਸੰਬੰਧਿਤ ਇਹ ਦੋਵੇਂ ਲੇਖ, ਅਤੇ ਕਈ ਹੋਰ ਲੇਖ ਅਸੀਂ ਮਈ 2009 ਵਿੱਚ ਟ੍ਰਸਟ ਦੀ ਪ੍ਰਕਾਸ਼ਨਾਂ 'ਸਾਹਿਤ ਦਾ ਸਾਗਰ: ਪਾਸ਼' (ਸੰਪਾਦਕ: ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ) ਵਿੱਚ ਵੀ ਛਾਪ ਚੁੱਕੇ ਹਾਂ। 'ਪੰਜਾਬੀ ਟ੍ਰਿਬਿਊਨ' ਦੇ ਸੀਨੀਅਰ ਉਪ-ਸੰਪਾਦਕ ਜਸਬੀਰ ਸਮਰ ਦੀ ਸੰਪਾਦਨਾਂ ਹੇਠ ਏਸ ਵਿਸ਼ੇ 'ਤੇ ਇੱਕ ਪੂਰੇ ਦੀ ਪੂਰੀ ਪੁਸਤਕ 'ਪਾਸ਼, ਪੰਜਾਬ ਅਤੇ ਖ਼ਾਲਿਸਤਾਨ', 2010 ਵਿੱਚ ਪ੍ਰਕਾਸ਼ਿਤ ਹੋ ਰਹੀ ਹੈ। ਮੇਰੇ ਖ਼ਿਆਲ ਵਿੱਚ ਇਹ ਕਾਫ਼ੀ ਸੀ। ਪਰ ਹੁਣ ਤੁਹਾਡੇ ਵਾਰ ਵਾਰ ਕੀਤੇ ਸਵਾਲਾਂ ਨੇ ਮੇਰੀ ਚੁੱਪ ਤੋੜ ਦਿੱਤੀ ਹੈ।

• **ਦੀਪਕ–** ਸਾਰੀਆਂ ਗੱਲਾਂ ਬਾਤਾਂ ਦੇ ਨਿਚੋੜ ਵਜੋਂ ਕੀ ਕਹਿਣਾ ਚਾਹੋਂਗੇ?

• **ਧੰਜਲ–** ਹਕੂਮਤੀ ਜਾਂ ਫ਼ਿਰਕੂ ਦਹਿਸ਼ਤਗਰਦ ਚਾਹੇ ਰਾਹੀ ਦੀ ਕਿਤਾਬ ਦਾ ਭੇਸ ਵਟਾ ਕੇ ਸਾਹਮਣੇ ਆਉਣ, ਚਾਹੇ ਕਿਸੇ ਹੋਰ ਭੇਸ ਵਿੱਚ, ਇਹਨਾਂ ਦੇ ਕਾਤਲਾਨਾਂ ਮਨਸੂਬਿਆਂ ਤੋਂ ਨਿਰੰਤਰ ਖ਼ਬਰਦਾਰ ਰਹਿਣ ਦੀ ਲੋੜ ਹੈ। ਰਾਹੀ ਦੀ ਲਿਖਤ ਦਾ ਅਸਲ ਮਕਸਦ ਪਾਸ਼ ਦੇ ਕਾਤਲਾਂ ਦੀ ਲਹਿਰ ਨੂੰ ਗਲੋਰੀਫਾਈ ਕਰਨਾ, ਨਕਸਲਬਾੜੀ ਲਹਿਰ ਅਤੇ ਪਾਸ਼ ਨੂੰ ਛੁਟਿਆਉਣਾ, ਅਤੇ ਮੈਨੂੰ ਘਟੀਆ ਤੋਂ ਘਟੀਆ ਸਿੱਧ ਕਰ ਕੇ ਰਾਇਸਰ ਸਮਾਗਮ ਵਿੱਚ ਹੋਈ ਨਮੋਸ਼ੀ ਦਾ ਬਦਲਾ ਲੈਣਾ ਸੀ। ਰਾਹੀ ਨੇ ਆਪਣੇ ਚੁਫੇਰ-ਗੜ੍ਹੀਏ ਕਿਰਦਾਰ ਅਨੁਸਾਰ ਪਾਸ਼ ਦੀ ਸ਼ਖ਼ਸੀਅਤ ਨੂੰ, ਉਦਾਸੀ ਦੀ ਸ਼ਖ਼ਸੀਅਤ ਵਾਂਗ ਛਾਂਗ ਕੇ ਖ਼ਾਲਿਸਤਾਨ-ਪੱਖੀ ਸਿੱਟੇ ਵੀ ਕੱਢਣੇ ਸਨ, ਅਤੇ 'ਸੱਚੇ' ਵੀ ਬਣੇ ਰਹਿਣਾ ਸੀ। ਸੱਚੇ ਬਣੇ ਰਹਿਣ ਦੀ ਏਸੇ ਲਾਲਸਾ ਕਰਕੇ ਹੀ ਜਿਹੜੀਆਂ ਗੱਲਾਂ ਰਾਹੀ ਖ਼ੁਦ ਕਹਿਣਾ ਚਾਹੁੰਦਾ ਸੀ, ਉਹ ਗੱਲਾਂ ਉਸਨੇ ਇੱਕ ਨਕਲੀ ਪਾਤਰ 'ਗੁਰਬੀਰ' ਦੇ ਮੂੰਹੋਂ ਕਢਵਾਈਆਂ ਹਨ। ਸੰਤ ਰਾਮ ਉਦਾਸੀ ਨੇ ਸੀ। ਮਾਰਕੰਡਾ ਨਾਲ਼ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਵਿਰੋਧੀ ਧਿਰ ਤੁਹਾਡੇ 'ਤੇ *"ਲੋਕ-ਲਿਖਾਰੀ ਹੋਣ ਦਾ ਤਾਂ ਕੀ, ਲੋਕ-ਧ੍ਰੋਹੀ ਹੋਣ ਦਾ ਦੂਸ਼ਣ ਵੀ ਲਾ ਸਕਦੀ ਹੈ।"* ਰਾਹੀ ਨੇ ਮੇਰੇ ਬਾਰੇ ਇਸ ਤਰ੍ਹਾਂ ਦਾ ਖਾਸਾ ਗੰਦ-ਮੰਦ 'ਗੁਰਬੀਰ' ਦੇ ਮੂੰਹ ਵਿੱਚ ਪਾਇਆ ਹੈ। ਦੂਜੇ ਪਾਸੇ ਅਜਮੇਰ ਸਿੰਘ ਨੇ ਬਦਲੇ ਹੋਏ ਸਟੈਂਡ ਮੁਤਾਬਕ ਆਪਣੀ ਖ਼ਾਲਿਸਤਾਨੀ ਸੋਚ ਦਾ ਪਰਚਾਰ ਕਰਨਾ ਸੀ। ਇਉਂ ਰਾਹੀ ਅਤੇ ਅਜਮੇਰ ਸਿੰਘ, ਦੋਹਾਂ ਨੇ ਇੱਕ-ਦੂਜੇ ਦੇ ਮੋਢੇ 'ਤੇ ਰੱਖ ਕੇ ਚਲਾਈ ਹੈ। ਪਾਸ਼ ਦੀ ਮਕਬੂਲੀਅਤ ਨੂੰ ਮੋਹਰਾ ਬਣਾ ਕੇ ਚੱਲੀ ਗਈ ਦੋਹਾਂ ਦੀ ਇਹ ਚਾਲ ਬੁਰੀ ਤਰ੍ਹਾਂ ਨੰਗੀ ਹੋ ਚੁੱਕੀ ਹੈ। ਬਹੁਤ ਤਸੱਲੀ ਵਾਲ਼ੀ ਗੱਲ ਹੈ ਕਿ ਉਪਰੋਕਤ ਸਾਰੇ ਲੇਖਕਾਂ ਨੇ ਇਸ ਚਾਲ ਦਾ ਗੰਭੀਰ ਨੋਟਿਸ ਲਿਆ ਹੈ। ਇਹ ਸਾਰੇ ਲੇਖਕ ਰਾਹੀ ਦੀ ਲਿਖਤ ਵਿੱਚਲੇ ਏਨੇ ਝੂਠਾਂ ਦਾ ਪਰਦਾ ਚਾਕ ਕਰ ਚੁੱਕੇ ਹਨ, ਕਿ ਰਾਹੀ ਦੀ ਲਿਖਤ ਦੇ 'ਝੂਠ ਦਾ ਪੁਲੰਦਾ' ਹੋਣ ਬਾਰੇ ਕਿਸੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਏਨੀਆਂ ਮਨਘੜਤ ਗੱਲਾਂ ਹੋਰਨਾਂ ਦੇ ਮੂੰਹਾਂ 'ਚ ਪਾਉਣ ਦੇ ਮਾਹਰ ਰਾਹੀ ਨੇ ਜ਼ਾਤੀ ਕਿੜਾਂ ਕੱਢਣ ਲਈ 'ਕਲਾਤਮਕ ਲਾਈਸੈਂਸ' ਦੇ ਪਰਦੇ ਹੇਠ ਅਨੇਕਾਂ ਨਾਮਵਰ ਸ਼ਖ਼ਸੀਅਤਾਂ ਤੋਂ ਇਲਾਵਾ, ਪਾਸ਼ ਅਤੇ ਮੇਰੇ ਬਾਰੇ ਜੋ ਜ਼ਹਿਰ ਉੱਗਲਿਆ ਹੈ, ਸਮਕਾਲ ਤਾਂ ਏਸ ਕੁਫ਼ਰ ਦੀ ਅਸਲੀਅਤ ਤੋਂ ਭਲੀਭਾਂਤ ਵਾਕਫ਼ ਹੋ ਹੀ ਚੁੱਕਿਆ ਹੈ; ਪਰ ਆਉਣ ਵਾਲ਼ੀਆਂ ਪੀੜ੍ਹੀਆਂ ਕਿਤੇ ਉਸਦੇ ਕਿਸੇ ਲਿਖਤੀ ਝੂਠ ਨੂੰ ਸੱਚ ਨਾ ਸਮਝ ਬੈਠਣ: ਇਸ ਕਰਕੇ ਤੁਹਾਡੇ ਕਹਿਣ 'ਤੇ **ਚੰਦ ਸ਼ਬਦ ਤੁਹਾਨੂੰ ਲਿਖਾ ਦਿੱਤੇ ਹਨ ਤਾਂ ਕਿ ਸਨਦ ਰਹੇ।●**

---

# ਪਾਸ਼ ਯਾਦਗਾਰੀ ਸਮਾਗਮ: 2010

**ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਵਲੋਂ ਕੈਲਿਫ਼ੋਰਨੀਆ ਦੇ ਬੇ ਏਰੀਆ ਵਿਚ ਪਾਸ਼ ਯਾਦਗਾਰੀ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ. ਦੇਸ਼ ਵਿਦੇਸ਼ ਦੇ ਸਾਰੇ ਲੇਖਕਾਂ, ਕਵੀਆਂ, ਅਤੇ ਬੁੱਧੀਜੀਵੀਆਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਬੇਨਤੀ ਹੈ:**

10 ਜੁਲਾਈ 2010; ਸਵੇਰ ਦੇ 10 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
ਸਨੀਵੇਲ ਹਿੰਦੂ ਟੈਂਪਲ ਐਂਡ ਕਮਿਊਨਿਟੀ ਸੈਂਟਰ
420 - 450 ਪਰਸ਼ੀਅਨ ਡਰਾਈਵ
ਸਨੀਵੇਲ, ਕੈਲਿਫੋਰਨੀਆ

ਇਸ ਸੰਬੰਧ ਵਿੱਚ ਕਿਸੇ ਵੀ ਸੂਚਨਾ ਲਈ ਸੰਪਰਕ ਕਰੋ:

ਸੋਹਣ ਸਿੰਘ ਸੰਧੂ: ਘਰ ਦਾ ਫੋਨ 408-457-9101; ਸੈੱਲ 510-909-6292
ਹਰਸ਼ਰਨ ਗਿੱਲ (ਧੀਦੋ)/ਪੰਮੀ ਗਿੱਲ: ਘਰ ਦਾ ਫੋਨ 661-456-9680
ਸੁਖਵਿੰਦਰ ਕੰਬੋਜ: 209-417-7960
ਸੁਰਿੰਦਰ ਧੰਜਲ: 250-828-6235

**ਸੋਹਣ ਸਿੰਘ ਸੰਧੂ (ਯੂ. ਐੱਸ. ਏ.)**
**ਸੁਰਿੰਦਰ ਧੰਜਲ (ਕੈਨਡਾ)**
**ਕਨਵੀਨਰ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ**

ਪ੍ਰਤੀਕਰਮ

# ਪਰਮਾਣੂ ਬਿਜਲੀ ਬਾਰੇ ਕੁਝ ਸਵਾਲ

## ਅਜਮੇਰ ਰੋਡੇ

ਸੁਖਵੰਤ ਹੁੰਦਲ ਦਾ ਇਹ ਲੇਖ ਵਤਨ ਦੇ ਪਿਛਲੇ ਅੰਕ (ਅਕਤੂਬਰ-ਦਸੰਬਰ 2009) ਵਿਚ ਪੜ੍ਹਿਆ। ਲੇਖ ਮਿਹਨਤ ਨਾਲ ਅਤੇ ਕਾਫੀ ਖੋਜ ਪਿਛੋਂ ਲਿਖਿਆ ਗਿਆ ਹੈ ਅਤੇ ਇਸ ਵਿਚ ਬਹੁਤ ਕੁਝ ਕਵਰ ਕੀਤਾ ਗਿਆ ਹੈ। ਸੁਖਵੰਤ ਨੇ ਪਰਮਾਣੂ ਤਕਨਾਲੋਜੀ ਨਾਲ ਊਰਜਾ ਪੈਦਾ ਕਰਨ ਬਾਰੇ ਅਜਿਹੀ ਜਾਣਕਾਰੀ ਦਿਤੀ ਹੈ ਜੋ ਅਕਸਰ ਮੁਖਧਾਰਾ ਮੀਡੀਏ ਵਿਚ ਉਪਲਬਧ ਨਹੀਂ ਹੁੰਦੀ। ਇਸ ਦਾ ਕਾਰਨ ਪਰਮਾਣੂ ਊਰਜਾ ਨਾਲ ਸੰਬੰਧਤ ਅਜਿਹੀਆਂ ਸਥਿਤੀਆਂ ਹਨ ਜਿਨ੍ਹਾਂ ਨੂੰ ਪਰਮਾਣੂ ਊਰਜਾ ਦੇ ਉਤਪਾਦਨ ਨਾਲ ਜੁੜੀਆਂ ਕਾਰਪੋਰੇਸ਼ਨਾਂ ਜਾਂ ਸਰਕਾਰਾਂ ਆਮ ਲੋਕਾਂ ਦੇ ਸਾਹਮਣੇ ਨਹੀਂ ਲਿਆਉਣਾ ਚਾਹੁੰਦੀਆਂ। ਪਰਮਾਣੂ ਊਰਜਾ ਦੇ ਉਤਪਾਦਨ ਵਿਚ ਅਤਿਅੰਤ ਪੈਸਾ ਖਰਚ ਕਰਕੇ ਊਰਜਾ ਘੱਟ ਪੈਦਾ ਹੁੰਦੀ ਹੈ; ਦੂਸਰੇ ਸ਼ਬਦਾਂ ਵਿਚ ਪਰਮਾਣੂ ਤਕਨਾਲੋਜੀ ਅਜੇ ਐਨੀ ਵਿਕਸਤ ਨਹੀਂ ਹੋਈ ਕਿ ਇਸ ਨਾਲ ਊਰਜਾ ਦੀ ਉਤਪਾਦਨ ਆਰਥਿਕ ਤੌਰ ਤੇ ਲਾਹੇਵੰਦ ਹੋ ਸਕੇ। ਇਸ ਤੋਂ ਵੀ ਵੱਧ ਗੰਭੀਰ ਗੱਲ ਇਹ ਹੈ ਕਿ ਪਰਮਾਣੂ ਊਰਜਾ ਦਾ ਉਤਪਾਦਨ ਅਤਿ ਖ਼ਤਰਨਾਕ ਧੰਦਾ ਹੈ। ਪਰਮਾਣੂ ਪਲਾਂਟ ਵਿਚ ਹੋਇਆ ਹਾਦਸਾ ਕੋਈ ਆਮ ਹਾਦਸਾ ਨਹੀਂ ਇਹ ਹਜ਼ਾਰਾਂ ਲੋਕਾਂ ਦੀ ਜਾਨ ਲੈ ਸਕਦਾ ਹੈ ਤੇ ਇਸਦੇ ਮੰਦੇ ਪ੍ਰਭਾਵ ਦਹਾਕਿਆਂ ਬੱਧੀ ਰਹਿ ਸਕਦੇ ਹਨ। ਪਰ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਪ੍ਰਮਾਣੂ ਪਲਾਂਟ ਦੀ ਰਹਿੰਦ ਖੂੰਹਦ ਨੂੰ ਕਿਥੇ ਸੁੱਟਿਆ ਜਾਵੇ। ਇਹ ਸਾਮੱਗਰੀ ਅਤਿਅੰਤ ਰੇਡੀਓ ਐਕਟਿਵ ਅਤੇ ਧਰਤੀ ਦੇ ਜੀਵਾਂ ਲਈ ਖਤਰਨਾਕ ਹੁੰਦੀ ਹੈ ਅਤੇ ਹਜ਼ਾਰਾਂ ਸਾਲਾਂ ਤੱਕ ਰੇਡੀਓ ਐਕਟਿਵ ਰਹਿੰਦੀ ਹੈ। ਵਿਗਿਆਨੀ ਅਜਿਹੀ ਹਜ਼ਾਰਾਂ ਟਨ ਵੇਸਟ ਨੂੰ ਕਦੇ ਧਰਤੀ ਥੱਲੇ ਡੂੰਘੀ ਦੱਬਣ ਦੀ ਸਲਾਹ ਦਿੰਦੇ ਹਨ ਕਦੇ ਸਮੁੰਦਰ ਥੱਲੇ ਪਰ ਹਾਲੀਂ ਇਸ ਦਾ ਕੋਈ ਵੀ ਤਸੱਲੀ ਵਾਲਾ ਹੱਲ ਨਹੀਂ ਲੱਭਿਆ। ਇਸਦੇ ਬਾਵਜੂਦ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਪਰਮਾਣੂ ਊਰਜਾ ਦੀ ਉਤਪਤੀ ਲਈ ਪ੍ਰੋਗਰਾਮ ਤੇਜ਼ ਕਰ ਰਹੀਆਂ ਹਨ (ਕੈਨੇਡਾ ਦੇ ਹੁਣੇ ਹੁਣੇ ਐਲਾਨੇ ਬੱਜਟ ਵਿਚ ਸਰਕਾਰ ਨੇ ਪ੍ਰਮਾਣੂ ਊਰਜਾ ਲਈ 400 ਮਿਲੀਅਨ ਡਾਲਰ ਰੱਖੇ ਹਨ) ਅਤੇ ਲੋਕਾਂ ਨੂੰ ਦੱਸ ਰਹੀਆਂ ਹਨ ਕਿ ਵਾਤਾਵਰਣ ਵਿਚ ਆ ਰਹੀ ਖਤਰਨਾਕ ਤਬਦੀਲੀ ਨੂੰ ਰੋਕਣ ਖਾਤਰ ਸਾਨੂੰ ਪਟਰੋਲ ਬਾਲਣ ਦੀ ਥਾਂ ਊਰਜਾ ਹੋਰ ਢੰਗਾਂ ਨਾਲ ਪੈਦਾ ਕਰਨ ਦੀ ਜ਼ਰੂਰਤ ਹੈ। ਪਰਮਾਣੂ ਊਰਜਾ ਦਾ ਉਤਪਾਦਨ ਇਸਦਾ ਇਕ ਢੰਗ ਹੈ।

ਸੁਖਵੰਤ ਨੇ ਲੇਖ ਵਿਚ ਦਰਸਾਇਆ ਹੈ ਕਿ ਕਾਰਪੋਰੇਸ਼ਨਾਂ ਅਸਲ ਵਿਚ ਪਰਮਾਣੂ ਊਰਜਾ ਪੈਦਾ ਕਰਨ ਦੇ ਬਹਾਨੇ ਲੋਕਾਂ ਦੇ ਕ੍ਰੋੜਾਂ ਡਾਲਰ ਹੜੱਪਣਾ ਚਹੁੰਦੀਆਂ ਹਨ ਤੇ ਇਹ ਇਹ ਸਭ ਕੁਝ ਸਰਕਾਰਾਂ ਦੀ ਸਹਾਇਤਾ ਨਾਲ ਕਰਨਾ ਚਾਹੁੰਦੀਆਂ ਹਨ। ਲੇਖ ਇਹ ਵੀ ਦਸਦਾ ਹੈ ਕਿ ਬਿਜਲੀ ਦੀ ਲੋੜ ਪ੍ਰਮਾਣੂ ਤਕਨਾਲੋਜੀ ਨਾਲ ਪੈਦਾ ਕਰਨ ਦੀ ਬਜਾਏ ਇਸ ਦੀ ਖਪਤ ਘਟਾ ਕੇ ਘੱਟ ਕੀਤੀ ਜਾ ਸਕਦੀ ਹੈ। ਇਹਨਾਂ ਤੱਥਾਂ ਨੂੰ ਉਭਾਰਨਾ ਹੀ ਇਸ ਲੇਖ ਦਾ ਮੱਖ ਮੰਤਵ ਜਾਪਦਾ ਹੈ। ਅਜਿਹੇ ਲੇਖਾਂ ਦੀ ਪੰਜਾਬੀ ਵਿਚ ਬਹੁਤ ਲੋੜ ਹੈ ਜਿਹੜੇ ਜ਼ਰੂਰੀ ਜਾਣਕਾਰੀ ਦੇਣ ਤੋਂ ਇਲਾਵਾ ਸਿਰਜਣਾਤਮਿਕ ਲੇਖਕਾਂ ਲਈ ਵਿਸ਼ੇ ਵੀ ਪ੍ਰਦਾਨ ਕਰ ਸਕਦੇ ਹਨ। ਪਰ ਲੇਖ ਦਾ ਮੁੱਖ ਮੰਤਵ ਤੇ ਪਾਠਕਾਂ ਨੂੰ ਪ੍ਰੇਰਨਾ ਦੇਣ ਵਾਲੇ ਤਾਤਵਿਕ ਅੰਸ਼ ਉਭਰ ਕੇ ਸਾਹਮਣੇ ਨਹੀਂ ਆਉਂਦੇ। ਲੇਖ ਦੇ ਆਰੰਭ ਵਿਚ ਹੀ ਪਾਠਕ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਲੇਖਕ ਮੈਨੂੰ ਇਹ ਲੇਖ ਕਿਉਂ ਪੜ੍ਹਾਉਣਾ ਚਾਹੁੰਦਾ ਹੈ। ਸੁਖਵੰਤ ਨੇ ਲਿਖਣ-ਸ਼ੈਲੀ ਅਕਾਦਮਿਕ ਕਿਸਮ ਦੀ ਵਰਤੀ ਹੈ ਜਿਸ ਵਿਚ ਕੁਝ ਗ਼ਲਤ ਨਹੀਂ ਪਰ ਇਹ ਅਕਾਦਮਿਕ ਪਰਚਿਆਂ ਦੇ ਜ਼ਿਆਦਾ ਅਨੁਕੂਲ ਹੈ, *ਵਤਨ* ਵਰਗੇ ਪਰਚਿਆਂ ਦੇ ਪਾਠਕਾਂ ਲਈ ਨਹੀਂ। ਮੇਰੇ ਵਿਚਾਰ ਵਿਚ *ਵਤਨ* ਲਈ ਅਜਿਹੇ ਲੇਖ ਕ੍ਰੀਏਟਿਵ ਨਾਨ-ਫਿਕਸ਼ਨ ਵਾਲੀ ਸ਼ੈਲੀ ਵਿਚ ਵੱਧ ਪ੍ਰਭਾਵਸ਼ਾਲੀ ਹੋ ਸਕਦੇ ਹਨ। ਅਕਾਦਮਿਕ ਸ਼ੈਲੀ ਦਾ ਸੁਭਾਅ ਗੰਭੀਰ ਅਤੇ ਅਕਸਰ ਅਵਿਅਕਤੀਗਤ ਹੁੰਦਾ ਹੈ; ਕ੍ਰੀਏਟਿਵ ਨਾਨ-ਫਿਕਸ਼ਨ ਦੀ ਸ਼ੈਲੀ ਵਿਚ ਲੇਖਕ ਦੀ ਆਪਣੀ ਮੋਹਰ, ਰਿਦਮ, ਤੇ ਪ੍ਰੇਰਨਾ ਹੁੰਦੀ ਹੈ। ਇਹ ਕੇਵਲ ਇਕ ਸੁਝਾ ਹੈ, ਸੁਖਵੰਤ ਦੇ ਲੇਖ ਦੀ ਕਿਸੇ ਪੱਖੋਂ ਵਿਰੋਧਤਾ ਨਹੀਂ।

ਲੇਖ ਵਿਚ ਪਾਠਕਾਂ ਨੂੰ ਇਹ ਸੁਝਾ ਵੀ ਦਿੱਤਾ ਜਾ ਸਕਦਾ ਸੀ ਕਿ ਆਪਣੇ ਜੀਵਨ-ਢੰਗਾਂ ਵਿਚ ਤਬਦੀਲੀ ਕਰਕੇ ਲੋਕ ਵੀ ਬਿਜਲੀ ਦੀ ਖਪਤ ਘੱਟ ਕਰਨ ਵਿਚ ਯੋਗਦਾਨ ਪਾ ਸਕਦੇ ਹਨ -ਅਸਲ ਵਿਚ ਸਭ ਤੋਂ ਵਡਾ ਯੋਗਦਾਨ ਪਾ ਸਕਦੇ ਹਨ, ਜਿਸ ਲਈ ਸਾਨੂੰ ਸਰਮਾਏਦਰੀ ਪ੍ਰਬੰਧ ਦੀਆਂ ਗਲਤ ਧਾਰਨਾਵਾਂ ਅਤੇ ਪ੍ਰਚਾਰ ਤੋਂ ਚੇਤੰਨ ਹੋਣਾ ਪਵੇਗਾ ਅਤੇ ਸਮਾਜਿਕ ਵਰਤਾਰੇ ਦੇ ਤੌਰ ਤਰੀਕੇ ਬਦਲਨੇ ਪੈਣਗੇ।

ਦੂਸਰੇ ਪਾਸੇ ਸਿਧਾਂਤਕ ਲੈਵਲ ਉਤੇ ਊਰਜਾ ਪੈਦਾ ਕਰਨ ਲਈ ਪ੍ਰਮਾਣੂ ਉਤਪਾਦਨ ਦਾ ਢੰਗ ਹੀ ਸਭ ਤੋਂ ਵਧੀਆ ਹੈ ਜਿਸਦਾ ਕੋਈ ਮੁਕਾਬਲਾ ਨਹੀਂ। ਪ੍ਰਮਾਣੂ ਊਰਜਾ ਦੇ ਸੋਮੇ ਅਨੰਤ ਹਨ ਅਤੇ ਇਹਨਾਂ ਤੋਂ ਉਪਜੀ ਊਰਜਾ ਸਵੱਛ ਹੈ। ਪ੍ਰਮਾਣੂ ਊਰਜਾ ਪੈਦਾ ਕਰਨ ਪਿਛੇ ਕੇਵਲ ਕਮਰਸ਼ਲ ਲਾਲਚ ਹੀ ਨਹੀਂ ਵਿਗਿਆਨੀਆਂ ਦੀ ਜਿਗਿਆਸਾ ਵੀ ਹੈ। (ਮੈਂ ਇਥੇ ਇੰਜਨੀਅਰਿੰਗ ਦੀ ਡਿਗਰੀ ਕਰਨ ਪਿਛੋਂ ਪਹਿਲੀ ਐਪਲੀਕੇਸ਼ਨ ਅਟਾਮਿਕ ਐਨਰਜੀ ਔਫ ਕੈਨੇਡਾ ਨੂੰ ਪਾਈ ਜੋ ਕਨੇਡੀਅਨ ਨਾਗਰਿਕਤਾ ਤੇ ਸ਼ਾਇਦ ਹੋਰ ਗੱਲਾਂ ਕਰਕੇ ਵੀ ਅਪਰਵਾਨ ਹੋ ਗਈ)। ਇਸੇ ਲਈ ਵਿਗਿਆਨੀ ਸਭ ਕੁਝ ਜਾਣਦੇ ਹੋਏ ਵੀ ਇਸਦੇ ਵਿਰੋਧ ਵਿਚ ਕੋਈ ਮੁਹਿੰਮ ਨਹੀਂ ਚਲਾ ਰਹੇ ਜਿਵੇਂ ਪ੍ਰਮਾਣੂ ਹਥਿਆਰਾਂ ਵਿਰੁੱਧ ਚਲਾਈ ਸੀ।

ਪਰ ਇਸ ਸਟੇਜ ਤੇ ਕਮਰਸ਼ਲ ਪ੍ਰਮਾਣੂ ਊਰਜਾ ਦਾ ਉਤਪਾਦਨ ਉਸ ਸਮੇਂ ਤੱਕ ਬੰਦ ਹੋ ਜਾਣਾ ਚਾਹੀਦਾ ਹੈ ਜਿੰਨਾ ਚਿਰ ਕੁਝ ਜ਼ਰੂਰੀ ਸਮੱਿਸਿਆਵਾਂ ਦੇ ਹੱਲ ਨਹੀਂ ਲੱਭ ਜਾਂਦੇ ਜਿਨ੍ਹਾਂ ਵਿਚ ਸਭ ਤੋਂ ਅਹਿਮ ਹੈ ਪ੍ਰਮਾਣੂ ਪਲਾਂਟਾਂ ਤੋਂ ਉਪਜੀ ਰਹਿੰਦ ਖੂਹੰਦ ਨੂੰ ਨਜਿੱਠਣ ਦਾ ਸੁਰੱਖਿਅਤ ਢੰਗ। ਕੀ ਇਸ ਰਹਿੰਦ ਖੂਹੰਦ ਨੂੰ ਬਾਹਰ ਸੁਟਣ ਤੋਂ ਪਹਿਲਾਂ ਰੇਡੀਏਸ਼ਨ ਮੁਕਤ ਕੀਤਾ ਜਾ ਸਕਦਾ ਹੈ? ਅਜਿਹੀਆਂ ਸਮੱਿਸਿਆਵਾਂ ਦੀ ਰੀਸਰਚ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

ਵੀਹਵੀਂ ਸਦੀ ਦੇ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਵਿਗਿਆਨਕ ਖੋਜ ਲਈ ਲੈਬਾਰਟਰੀ ਜਾਂ ਪਲਾਂਟਾਂ ਦੀ ਲੋੜ ਨਹੀਂ। ਇਤਿਹਾਸ ਦੇ ਸਭ ਤੋਂ ਮਹਾਨ ਵਿਗਿਆਨੀ ਆਈਨਸਟਾਈਨ ਦੀ ਰੀਸਰਚ ਨੇ ਅਜਿਹੇ ਮਹੱਤਵ ਪੂਰਨ ਸਿਧਾਂਤ ਸਥਾਪਿਤ ਕੀਤੇ ਜਿਨ੍ਹਾਂ ਨੇ ਸਾਡੇ

ਚਿੰਤਨ, ਵਿਗਿਆਨ, ਅਤੇ ਤਕਨਾਲੋਜੀ ਵਿਚ ਉਥੱਲ ਪਥੱਲ ਕਰ ਦਿਤੀ ਪਰ ਆਈਨਸਟਾਈਨ ਰੀਸਰਚ ਲਈ ਇਕ ਦਿਨ ਵੀ ਲੈਬਾਰਟਰੀ ਵਿਚ ਨਹੀਂ ਗਿਆ। ਇਸੇ ਤਰ੍ਹਾਂ ਉਸੇ ਪੱਧਰ ਦੇ ਵਿਗਿਆਨੀ ਹਾਈਜ਼ਨਬਰਗ ਦੀ ਅਨਸਰਟਨਟੀ ਥੇਅਰੀ ਨੇ ਸਾਨੂੰ ਮੁਢੋਂ ਸੁਢੋਂ ਇਕ ਨਵੀਂ ਸੰਸਾਰ-ਦ੍ਰਿਸ਼ਟੀ ਬਖਸ਼ੀ ਪਰ ਉਸਨੇ ਵੀ ਕਿਸੇ ਲੈਬ ਵਿਚ ਪ੍ਰਯੋਗ ਨਹੀਂ ਕੀਤੇ। ਸਭ ਕੁਝ ਤਰਕ ਦੇ ਜੋਰ ਤੇ ਕੀਤਾ। ਸੰਭਵ ਹੈ ਪ੍ਰਮਾਣੂ ਰਹਿੰਦ-ਖੂਹੰਦ ਨੂੰ ਰੇਡੀਏਸ਼ਨ-ਮੁਕਤ ਕਰਨ ਲਈ ਵੀ ਖੋਜ ਲੈਬਾਂ ਜਾਂ ਪਲਾਂਟਾਂ ਤੋਂ ਬਿਨਾਂ ਹੋ ਸਕੇ ਜਾਂ ਸ਼ਾਇਦ ਹੋ ਰਹੀ ਹੋਵੇ। ਇਸ ਖੇਤਰ ਵਿਚ ਮੇਰਾ ਗਿਆਨ ਅਤਿ ਸੀਮਤ ਹੈ। ਸਾਡੇ ਲਈ ਮਹੱਤਵ ਪੂਰਨ ਗੱਲ ਤਾਂ ਇਹ ਹੈ ਕਿ ਜਿੰਨਾ ਚਿਰ ਅਜਿਹੀਆਂ ਕ੍ਰਿਟੀਕਲ ਸਮੱਸਿਆਂ ਦਾ ਹੱਲ ਨਹੀਂ ਲਭਦਾ ਪ੍ਰਮਾਣੂ ਊਰਜਾ ਦਾ ਉਤਪਾਦਨ ਅਤਿ ਮਹਿੰਗਾ ਅਤੇ ਖ਼ਤਰਨਾਕ ਰਹੇਗਾ।

ਇਨ੍ਹਾਂ ਸਮੱਸਿਆਵਾਂ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸੱਤਰਵਿਆਂ ਵਿਚ ਯੂਰਪ ਤੇ ਅਮਰੀਕਾ ਦੀਆਂ ਪ੍ਰਮਾਣੂ ਊਰਜਾ ਉਤਪਾਦਨ ਕਰਨ ਵਾਲੀਆਂ ਕਾਰਪੋਰੇਸ਼ਨਾਂ ਨੇ ਗਰੀਬ ਅਫਰੀਕਨ ਦੇਸ਼ਾਂ ਵਿਚ ਥਾਂ ਖ਼ੀਦ ਕੇ ਉਥੇ ਸਮੁੰਦਰੀ ਜਹਾਜਾਂ ਰਾਹੀਂ ਦੂਸਰੀ ਇੰਡਸਟ੍ਰੀਅਲ ਵੇਸਟ ਵਿਚ ਪ੍ਰਮਾਣੂ ਰਹਿੰਦ ਵੀ ਖੂਹੰਦ ਸੁਟਣੀ ਆਰੰਭ ਕਰ ਦਿਤੀ; ਇਹ ਸਭ ਕੁਝ ਉਹਨਾਂ ਦੇਸ਼ਾਂ ਦੀ ਜਨਤਾ ਤੋਂ ਚੋਰੀ ਕੀਤਾ ਗਿਆ। ਜਦੋਂ ਇਸ ਗੱਲ ਦਾ ਪਤਾ ਉਹਨਾਂ ਦੇਸ਼ਾਂ ਦੇ ਐਕਟਵਿਸਟਾਂ ਨੂੰ ਲੱਗਾ ਤਾਂ ਉਹਨਾਂ ਨੇ ਵਿਸ਼ਵ ਪੱਧਰ ਤੇ ਇਸ ਬਾਰੇ ਰੌਲਾ ਪਾਇਆ, ਪ੍ਰੋਟੈਸਟ ਹੋਏ, ਕੁਝ ਫਰਕ ਪਿਆ ਪਰ ਇਹ ਅਨੈਤਿਕ ਅਤੇ ਗੈਰਕਨੂੰਨੀ ਵਪਾਰ ਅਜੇ ਵੀ ਨਿਰੰਤਰ ਚੱਲ ਰਿਹਾ ਹੈ।

ਸੋਮਾਲੀਆ ਇਸ ਟ੍ਰੈਜਡੀ ਦੀ ਸਭ ਤੋਂ ਘਿਨਾਉਣੀ ਮਿਸਾਲ ਹੈ। ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਵਿਚ ਸਿਵਲ ਵਾਰ ਚੱਲ ਰਹੀ ਹੈ, ਲੱਖਾਂ ਦੀ ਗਿਣਤੀ ਵਿਚ ਲੋਕ ਭੁੱਖ ਨਾਲ ਅਤੇ ਖ਼ਾਨਾਜੰਗੀ ਵਿਚ ਮਰ ਚੁੱਕੇ ਹਨ, ਦੇਸ਼ ਤਬਾਹ ਹੋ ਗਿਆ ਹੈ। ਇਸ ਖ਼ਾਨਾਜੰਗੀ ਦਾ ਲਾਭ ਉਠਾ ਕੇ ਪੱਛਮੀ ਦੇਸ਼ਾਂ ਦੀਆਂ ਵਡੀਆਂ ਕਾਰਪੋਰੇਸ਼ਨਾਂ ਨੇ ਸੋਮਾਲੀਆਂ ਦੇ ਭ੍ਰਿਸ਼ਟ ਸਰਕਾਰੀ ਮਨਿਸਟਰਾਂ ਨੂੰ ਰਿਸ਼ਵਤਾਂ ਦੇ ਕੇ ਆਪਣੀ ਸਨਅਤੀ ਰਹਿੰਦ-ਖੂੰਹਦ ਅਤੇ ਪ੍ਰਮਾਣੂ ਵੇਸਟ ਦੇਸ਼ ਵਿਚ ਸੁੱਟਣੀ ਆਰੰਭ ਕਰ ਦਿੱਤੀ। ਇਥੇ ਹੀ ਬੱਸ ਨਹੀਂ ਸੋਮਾਲੀਆ ਦੇ ਤੱਟ ਨਾਲ ਹਿੰਦ ਮਹਾਂ ਸਾਗਰ ਵਿਚ ਸਨ੍ਹਅਤੀ ਵੇਸਟ ਦੇ ਜਹਾਜ਼ਾਂ ਦੇ ਜਹਾਜ਼ ਲਾਹ ਦਿੱਤੇ। ਸੰਨ 2004 ਦੀ ਸੁਨਾਮੀ ਸਮੇਂ ਇਸ ਖਤਰਨਾਕ ਵੇਸਟ ਦੇ ਭਰੇ ਢੋਲ ਸੋਮਾਲੀਆ ਦੇ ਤੱਟ ਨਾਲ ਆ ਲੱਗੇ ਤੇ ਲਹਿਰਾਂ ਨਾਲ ਵੱਜ ਵੱਜ ਕੇ ਟੁੱਟ ਗਏ ਜਿਸ ਨਾਲ ਸਾਰਾ ਤੱਟ ਜ਼ਹਿਰੀਲੀ ਰਹਿੰਦ-ਖੂੰਹਦ ਨਾਲ ਭਰ ਗਿਆ। ਇਸ ਤੱਟ ਉਤੇ ਸੋਮਾਲੀਆ ਦੇ ਲੱਖਾਂ ਲੋਕ ਸਮੁੰਦਰ ਚੋਂ ਮੱਛੀਆਂ ਫੜ੍ਹ ਕੇ ਗੁਜ਼ਾਰਾ ਕਰਦੇ ਸਨ। ਇਹ ਤੱਟ ਪੂਰੀ ਤਰ੍ਹਾਂ ਤਬਾਹ ਹੋ ਗਿਆ, ਹਜ਼ਾਰਾਂ ਲੋਕ ਇਸ ਜ਼ਹਿਰਰੀਲੇ ਵਾਤਾਵਰਨ ਕਾਰਨ ਮਰ ਗਏ।

ਪਿਛਲੇ ਕੁਝ ਸਾਲਾਂ ਤੋਂ ਸੋਮਾਲੀਆ ਦੇ ਸਮੁੰਦਰੀ ਡਾਕੂ ਇਸ ਤੱਟ ਕੋਲੋਂ ਲੰਘਣ ਵਾਲੇ ਜਹਾਜਾਂ ਤੇ ਹਮਲੇ ਕਰ ਰਹੇ ਹਨ। ਇਹਨਾਂ "ਡਾਕੂਆਂ" ਨੇ ਯੂਰਪੀਅਨ ਕਾਰਪਰੇਸ਼ਨਾਂ ਤੇ ਦੋਸ਼ ਲਾਇਆ ਹੈ ਕਿ ਉਹ ਸੋਮਾਲੀਆ ਦੇ ਕੋਸਟ ਨਾਲ ਸਨਅਤੀ ਵੇਸਟ ਸੁੱਟ ਰਹੇ ਹਨ ਅਤੇ ਜਹਾਜ਼ਾਂ ਤੋਂ ਲੁੱਟੇ ਜਾਂ ਰੈਨਜ਼ਮ ਦੇ ਪੈਸੇ ਤੱਟ ਸਾਫ ਕਰਨ ਤੇ ਲਾਏ ਜਾਣਗੇ। ਸੰਭਵ ਹੈ ਅੱਜ ਦੇ ਸੋਮਾਲੀਅਨ ਡਾਕੂ ਆਉਣ ਵਾਲੇ ਸਮੇਂ ਵਿਚ ਦੇਸ਼ਭਗਤਾਂ ਵਾਂਗ ਦੇਖੇ ਜਾਣ। ਸੋਮਾਲੀਆ ਦੇ ਯੂ. ਐਨ. ਵਿਚ ਪ੍ਰਤਿਨਿਧ ਅਬਦੱਲਾ ਨੇ ਐੱਲ-ਜਜ਼ੀਰਾ ਚੈਨਲ ਤੇ ਬੋਲਦਿਆਂ ਦੱਸਿਆ: "ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਥੇ ਨਿਊਕਲੀਅਰ ਵੇਸਟ ਸੁੱਟੀ ਜਾ ਰਹੀ ਹੈ। ਰੇਡੀਓ ਐਕਟਿਵ ਵੇਸਟ ਜੋ ਸੋਮਾਲੀਅਨ ਲੋਕਾਂ ਨੂੰ ਮਾਰ ਰਹੀ ਹੈ ਅਤੇ ਸਮੁੰਦਰ ਨੂੰ ਪੂਰੀ ਤਰ੍ਹਾਂ ਤਬਾਹ ਕਰ ਰਹੀ ਹੈ।" ਉਸਨੇ ਕਿਹਾ ਕਿ ਇਹ ਪ੍ਰੈਕਟਿਸ 18-ਸਾਲਾਂ ਤੋਂ ਬਲਦੀ ਸਿਵਲ ਵਾਰ ਤੇ ਤੇਲ ਪਾ ਰਹੀ ਹੈ। ਪਰ, ਅਬਦੱਲਾ ਦੇ ਸ਼ਬਦਾਂ ਵਿਚ, ਇਹ ਰਹਿੰਦ-ਖੂੰਹਦ ਸੁੱਟਣਾ ਦਾ ਸਿਲਸਲਾ ਡਾਕੂਆਂ ਤੋਂ ਹੱਲ ਹੋਣ ਵਾਲਾ ਨਹੀਂ।

ਜਿਸ ਤਰ੍ਹਾਂ ਸੁਖਵੰਤ ਦੇ ਲੇਖ ਵਿਚ ਦਰਸਾਇਆ ਗਿਆ ਹੈ ਪ੍ਰਮਾਣੂ ਊਰਜਾ ਦੇ ਉਤਪਾਦਨ ਲਈ ਸਬਜ਼ ਬਾਗ ਦਿਖਾ ਕੇ ਕਾਰਪੋਰੇਸ਼ਨਾਂ ਵਸੀਹ ਫੰਡ ਬਟੋਰ ਰਹੀਆਂ ਹਨ ਪਰ ਇਸ ਉਤਪਾਦਨ ਦੇ ਜੋ ਭਿਅੰਕਰ ਸਿੱਟੇ ਨਿਕਲਦੇ ਹਨ ਉਹਨਾਂ ਦਾ ਇਵਜ਼ਾਨਾ ਪਰਦੇ ਪਿਛੇ ਤੀਜੀ ਦੁਨੀਆ ਦੇ ਗਰੀਬ ਲੋਕ ਭੁਗਤ ਰਹੇ ਹਨ। ●

# ਰੱਬ ਦਾ ਭੁਲੇਖਾ (ਦਾ ਗੌਡ ਡਿਲਿਊਯਨ) ਦਾ ਰੀਵੀਊ

## ਹਰਪ੍ਰੀਤ ਬਰਾੜ

ਤੁਹਾਡਾ ਲਿਖਿਆ ਰੀਵਿਊ ਜੋ ਰਿਚਰਡ ਦੀ ਕਿਤਾਬ 'ਗਾਡ ਡਿਲਿਊਯਨ" ਬਾਰੇ ਸੀ ਪੜ੍ਹ ਕੇ ਬਹੁਤ ਵਧੀਆ ਲੱਗਿਆ। ਭਾਵੇਂ ਇਹ ਕਿਤਾਬ ਮੈਂ ਪਹਿਲਾਂ ਪੜ੍ਹ ਲਈ ਸੀ ਪਰ ਰਿਵਿਊ ਪੜ੍ਹ ਕੇ ਜੋ ਮਜ਼ਾ ਆਇਆ, ਬਿਆਨ ਨਹੀਂ ਕੀਤਾ ਜਾ ਸਕਦਾ। ਤੁਹਾਡੀ ਪੰਜਾਬੀ ਬਿਲਕੁਲ ਉਹੋ ਜਿਹੀ ਹੈ ਜਿਹੋ ਜਿਹੀ ਪੰਜਾਬੀ ਨੂੰ ਪੜ੍ਹਨ ਲਈ, ਮਹਿਸੂਸ ਕਰਨ ਲਈ ਮੈਂ ਪੰਜਾਬੀ ਸਿੱਖੀ ਸੀ। ਤੁਸੀਂ ਅੱਗੇ ਲਿਖਿਆ ਹੈ ਕੋਈ ਪੰਜਾਬੀ ਬੁੱਧੀਜੀਵੀ ਇਹੋ ਜਿਹੀ ਕਿਤਾਬ ਪੰਜਾਬੀ ਵਿੱਚ ਲਿਖੇ। ਮੈ ਇਹ ਸਮਝਦੀ ਹਾਂ ਕਿ ਇਸ ਕੰਮ ਲਈ ਇਹੋ ਸੋਚ (ਨਾਸਤਿਕ) ਹੋਣੀ ਜ਼ਰੂਰੀ ਹੈ। ਸਾਡੇ ਬਹੁਤੇ ਬੱਧੀਜੀਵੀ ਤਾਂ ਸਿਰਫ ਲਿਖਣ ਨੂੰ ਆਪਣੇ ਨੇਮ-ਫੇਮ ਲਈ ਜਾਂ ਇਨਾਮਾਂ ਲਈ ਵਰਤਦੇ ਹਨ। ਮੇਰੇ ਵਰਗੇ ਹੋਰ ਵੀ ਕਈ ਪਾਠਕ ਹੋਣਗੇ ਜਿਹਨਾਂ ਨੇ ਇਹ ਮਹਿਸੂਸ ਕੀਤਾ ਹੋਵੇ ਕਿ ਇਹ ਕੰਮ ਤੁਹਾਡੇ ਹੀ ਜੁੰਮੇ ਲਾਇਆ ਜਾਵੇ। ਤੁਸੀਂ ਹੀ ਅਜਿਹੀ ਕੋਈ ਕਿਤਾਬ ਲਿਖੋ ਤਾਂ ਕਿ ਸੱਚੀਂ ਪੰਜਾਬੀ ਬੋਲੀ ਹੋਰ ਅਮੀਰ ਹੋ ਸਕੇ। "ਤੇਰੀ ਮਾਖਿਓਂ ਮਿੱਠੀ ਬੋਲੀ ਨੂੰ ਜੀਅ ਕਰਦਿਆਂ ਸਿਫਤ ਨਾ ਰੱਜਦਾ ਏ, ਉਰਦੂ ਹਿੰਦੀ ਦਿਆਂ ਸਾਜ਼ਾਂ ਤੇ ਸੁਰਤਾ ਤੇਰਾ ਈ ਵੱਜਦਾ ਹੈ", ਪਤਾ ਨਹੀਂ ਕਿਸ ਨੇ ਲਿਖਿਆ ਏ ਪਰ ਮਾਂ ਬਚਪਨ ਵਿੱਚ ਇਹੋ ਲੋਰੀ ਸੁਣਾ ਕੇ ਪੰਜਾਬੀ ਪੜ੍ਹਨ ਲਈ ਪ੍ਰੇਰਦੀ ਸੀ। ਗੁਰਬਖਸ਼ ਭੰਡਾਲ ਜੀ ਦੀ ਕਵਿਤਾ ਬਹੁਤ ਅਛੀ ਲੱਗੀ। ਸਾਧੂ ਜੀ, ਕ੍ਰਿਪਾ ਕਰਕੇ ਜ਼ਰੂਰ ਕੋਈ ਉਪਰਾਲਾ ਕਰੋ ਕਿ ਰਿਚਰਡ ਦੀ ਕਿਤਾਬ ਦਾ ਅਨੁਵਾਦ ਜੇ ਪੰਜਾਬੀ ਵਿੱਚ ਹੋ ਸਕੇ। ਇਹ ਕੰਮ ਤੁਹਾਡੇ ਜੁੰਮੇ। ਧੰਨਵਾਦ।

# ਸੁੱਚੇ ਹੱਥ – ਪ੍ਰਤੀਕਰਮ 1

## ਉਂਕਾਰਪ੍ਰੀਤ

ਜਨਵਰੀ-ਮਾਰਚ 2010 ਦੇ ਵਤਨ ਵਿੱਚ ਛਪੇ ਨਾਟਕ 'ਸੁੱਚੇ ਹੱਥ' ਦੀ ਕਵਿਤਾ, ਕਾਵਿ-ਜਗਿਆਸੂ, ਦਾ ਧਿਆਨ ਖਿੱਚਦੀ ਹੈ। ਉੱਚ ਕਾਵਿ-ਮੰਡਲਾਂ 'ਚ ਲੈ ਜਾਦੀ ਹੈ। ਇਹ 'ਮੰਡਲ' ਨਾਟਕ ਦੁਆਰਾ ਸਿਰਜੇ ਧਰਾਤਲ ਦੇ ਨਹੀਂ। ਪਾਤਰਾਂ ਅਤੇ ਪ੍ਰਸਥਿਤੀਆਂ ਰਾਹੀਂ ਨਾਟਕ 'ਚ ਉਪਜੇ ਬੌਧਿਕ ਅਤੇ ਮਾਨਸਿਕ ਮੰਡਲਾਂ ਦੀ ਇਹਨਾਂ ਕਾਵਿ-ਮੰਡਲਾਂ ਨਾਲੋਂ ਵਿੱਥ ਬਣੀ ਰਹਿੰਦੀ ਹੈ।

ਅਜਮੇਰ, ਸਾਡਾ ਸੰਭਾਵਨਾਵਾਂ ਪੂਰਨ ਨਾਟਕਰਮੀ ਹੈ। ਅਪਣੇ ਲਿਖੇ ਨਾਟਕ 'ਕਾਮਾਗਾਟਾਮਾਰੂ' ਦੀ ਸਫ਼ਲ ਪੇਸ਼ਕਾਰੀ ਨਾਲ ਉਸ ਤੋਂ ਨਾਟ-ਲੇਖਕ-ਨਿਰਦੇਸ਼ਕ ਦੀਆਂ ਸਯੁੰਕਤ ਸੰਭਾਵਨਾਵਾਂ ਉਜਾਗਰ ਹੋਈਆਂ ਸਨ। ਪਰ ਇਸ ਨਾਟਕ ਦੀ ਟੈਕਸਟ ਅਤੇ ਜੁਗਤ ਵਿਚਲੀ 'ਡਿਸ-ਇੰਟੀਗ੍ਰੇਸ਼ਨ' ਦੱਸਦੀ ਹੈ ਕਿ ਇਸਨੂੰ ਲਿਖਦਿਆਂ ਉਹ ਇਸ ਨੂੰ ਖੇਲ੍ਹ ਨਹੀਂ ਸੀ ਰਿਹਾ।

ਅਜਮੇਰ, ਦੁਆਰਾ ਹੁਣ ਤੀਕ ਅਪਣੀਆਂ ਰੰਗਮੰਚੀ ਲਿਖਤਾਂ 'ਚ ਪੇਸ਼ ਹੋਇਆ 'ਇਤਿਹਾਸ' ਸਬੰਧੀ ਚਿੰਤਨ ਜਿੱਥੇ ਗਹਿਰਾ ਅਤੇ 'ਸੂੱਝ' ਹੈ ਓਥੇ ਉਸ ਵਲੋਂ ਪੇਸ਼ ਇਸਤਰੀ-ਪੁਰਖ ਸਬੰਧਾਂ ਦੀ ਸਮਾਜਿਕਤਾ ਦਾ ਚਿੰਤਨ ਬੜਾ ਪੇਤਲੀ ਪੱਧਰ ਦਾ ਰਿਹਾ ਹੈ। ਨਾਟਕ 'ਸੁੱਚੇ ਹੱਥ' ਇਸੇ ਲੜੀ 'ਚ ਬੜਾ ਸਤਹੀ, ਸ਼ੇਡਜ਼ ਰਹਿਤ ਚਿੰਤਨ ਪੇਸ਼ ਕਰਦਾ ਹੈ।

ਇਸ ਨਾਟਕ 'ਚ ਔਰਤ ਅਤੇ ਮਰਦ ਇੱਕ ਦੂਸਰੇ ਦੇ ਵਿਰੋਧ 'ਚ ਖੜੇ ਰਹਿੰਦੇ ਹਨ। ਮਰਦ ਜ਼ਾਲਮ। ਔਰਤ ਮਜ਼ਲੂਮ। ਇਹ ਨਜ਼ਰੀਆਂ ਪ੍ਰੰਪਰਾਗਤ ਅਤੇ ਬਹੁਤ ਵਾਰ/ਹਰ ਵਾਰ ਦੁਹਰਾਇਆ ਜਾਂਦਾ ਰਿਹਾ ਹੈ। ਪਰ, ਅਸਲੀਅਤ ਇਹ ਹੈ ਕਿ ਅਜੋਕੇ ਸਮਾਜ 'ਚ ਔਰਤ ਅਤੇ ਮਰਦ ਦੋਵੇਂ ਮਜ਼ਲੂਮ ਹਨ। ਦੋਹਾਂ ਦੇ 'ਸੁੱਚੇ ਹੱਥ' ਕਿਸੇ ਤੀਸਰੇ ਨੇ 'ਜੂਠੇ' ਕਰ ਰੱਖੇ ਹਨ। ਬੰਨੇ ਹੋਏ ਵੀ।

ਇਸ ਤੀਸਰੇ ਹੱਥ ਦੇ ਮਨਸੂਬੇ ਔਰਤ ਅਤੇ ਮਰਦ ਨੂੰ ਇੱਕ ਦੂਸਰੇ ਦੇ ਵਿਰੋਧ 'ਚ ਖੜਾ ਰੱਖਣ ਨਾਲ ਹੀ ਸਫ਼ਲ ਹੋ ਸਕਦੇ ਹਨ। ਹੋ ਰਹੇ ਹਨ। 'ਸੁੱਚੇ-ਹੱਥ' ਵਰਗੀਆਂ ਰਚਨਾਵਾਂ ਅਚੇਤ/ਸੁਚੇਤ ਇਹਨਾਂ ਮਨਸੂਬਿਆਂ ਦੇ ਹੱਕ 'ਚ ਭੁਗਤਦੀਆਂ ਹਨ। ਅਜਿਹੀਆਂ ਰਚਨਾਵਾਂ 'ਮਨੁੱਖ' ਨੂੰ 'ਔਰਤ' ਅਤੇ 'ਮਰਦ' 'ਚ ਤੋੜ ਦਿੰਦੀਆਂ ਹਨ। ਜਦ ਕਿ ਸਾਹਿਤ ਦਾ ਮੂਲ ਕਰਮ ਜੋੜਨਾ ਹੈ। ਤਦ ਹੀ ਸਾਹਿਤਕ 'ਮਨੁੱਖ' ਦਾ ਮਾਡਲ 'ਅਰਧਨਾਰੀ-ਈਸ਼ਵਰ' ਵਾਲਾ ਹੈ।

ਸਮੱਸਿਆ, ਦੀਪੀ ਦੀ ਪਾਲ ਹੱਥੋਂ ਹੋ ਰਹੀ ਅਧੋਗਤੀ ਦੀ ਨਹੀਂ। ਸਮੱਸਿਆ 'ਦੀਪੀ ਅਤੇ ਪਾਲ' ਦੀਆਂ ਪਰਦੇ ਪਿਛਲੇ ਤੀਸਰੇ ਹੱਥ 'ਚ ਫੜੀਆਂ ਡੋਰਾਂ ਹਨ। ਤਦ ਹੀ ਨਾਟਕ ਵਿੱਚਲੀ ਕਵਿਤਾ "ਪਲਕਾਂ ਉਤੋਂ ਧੂੜਾਂ ਛੰਡ ਦੇ ਅੱਖ ਤੀਸਰੀ ਖੋਲ੍ਹ।" ਵਿਚਲਾ ਸੁਨੇਹਾ ਨਾਟਕ ਦੀ ਪਾਤਰ ਕੁੜੀ 'ਦੀਪੀ' ਨਾਲੋਂ ਜ਼ਿਆਦਾ ਖੁਦ ਨਾਟਕਕਾਰ ਵਾਸਤੇ ਹੈ।

ਇਸ ਸਮੱਸਿਆ ਦਾ ਕਲਾਤਮਿਕ ਪਰਤੌ ਕਰਨ ਲਈ ਨਿਰਸੰਦੇਹ 'ਸਾਹਿਤ ਅਤੇ ਕਲਾ' ਨੂੰ ਅਪਣੀਆਂ ਪਲਕਾਂ ਤੋਂ ਹਰ ਉਹ ਧੂੜ ਛੰਡਣੀ ਹੋਵੇਗੀ ਜਿਸ ਦੇ ਧੁੰਦੂਕਾਰੇ 'ਚ ਉਹ ਅਚੇਤ ਹੀ ਇਸ ਸਮੱਸਿਆ ਦੀ ਜੜ੍ਹ ਨੂੰ ਸਿੰਜ ਰਿਹਾ ਹੈ। ਖਾਦ ਪਾ ਰਿਹਾ ਹੈ। ਇਸ ਧੂੜ ਦੇ ਛੰਡਦਿਆਂ ਹੀ ਉਹ ਤੀਸਰੀ ਅੱਖ ਖੁੱਲ੍ਹੇਗੀ ਜਿਸ 'ਚ ਸਾਹਿਤਕਾਰ /ਕਲਾਕਾਰ ਨੂੰ 'ਦੀਪੀ ਅਤੇ ਪਾਲ' (ਮਰਦ ਅਤੇ ਔਰਤ) ਦੋਵੇਂ ਕਿਸੇ ਤੀਸਰੇ ਦੇ 'ਵਿਕਟਮ' ਦਿਸ ਪੈਣਗੇ। ਤਦ ਹੀ ਇਸ ਸਮੱਸਿਆ ਲਈ ਉਸ ਨਾਟਕ ਦੀ ਲੋੜ ਹੈ ਜਿਸਦੇ ਚਿੰਤਨ ਦਾ ਫੋਕਸ ਸਟੇਜ ਨਹੀਂ ਸਗੋਂ 'ਬੈਕ-ਸਟੇਜ' ਹੋਵੇਗਾ। ●

# ਸੁੱਚੇ ਹੱਥ – ਪ੍ਰਤੀਕਰਮ 2

## ਹਰਨੇਕ ਧਾਲੀਵਾਲ (ਵਿਨੀਪੈੱਗ)

ਮੈਂ ਵਤਨ ਦਾ ਬਹੁਤ ਲੰਮੇ ਸਮੇਂ ਤੋਂ ਪਾਠਕ ਹਾਂ। ਇਸ ਵਿੱਚ ਜੋ ਸਮੱਗਰੀ ਛਪਦੀ ਹੈ, ਉਹ ਕਾਫੀ ਜਾਣਕਾਰੀ ਭਰਪੂਰ ਹੁੰਦੀ ਹੈ।

ਪਰ ਅਕਤੂਬਰ-ਦਸੰਬਰ/09 ਦੇ ਅੰਕ ਵਿੱਚ ਅਜਮੇਰ ਰੋਡੇ ਦਾ ਨਾਟਕ "ਸੁੱਚੇ ਹੱਥ" ਪੜ੍ਹ ਕੇ ਨਿਰਾਸ਼ਾ ਹੋਈ। ਇਹਦਾ ਅੰਤ ਕੋਈ ਵਧੀਆ ਰਾਹ ਨਹੀਂ ਦਿਖਾਉਂਦਾ। ਸਗੋਂ ਇਹ ਮਰਦ ਪ੍ਰਧਾਨ ਸਮਾਜ ਦੀ ਪੂਰੀ ਹਿਮਾਇਤ ਕਰਦਾ ਹੈ। ਇਹ ਨਾਟਕ ਦਰਸਾਉਂਦਾ ਹੈ ਕਿ ਔਰਤਾਂ ਨੂੰ ਐਕਸਪਲਾਈਟ ਕਰੋ। ਜੇ ਕਰ ਬਾਅਦ ਵਿੱਚ ਉਹ ਘਰ ਛੱਡ ਜਾਣ ਤਾਂ ਉਹਨਾਂ ਦੇ ਬੱਚੇ ਧੱਕੇ ਨਾਲ ਚੁੱਕ ਲਿਆਉ ਅਤੇ ਉਹ ਆਪਣੇ ਆਪ ਘਰ ਆ ਜਾਣਗੀਆਂ।

ਜਾਂ ਫਿਰ ਔਰਤਾਂ ਸੰਘਰਸ਼ ਕਰਨ ਦੀ ਬਜਾਏ ਆਤਮ-ਹੱਤਿਆ ਕਰ ਲੈਣ। ਵਤਨ ਨੂੰ ਇਹੋ ਜਿਹੀਆਂ ਲਿਖਤਾਂ ਛਾਪਣ ਤੋਂ ਪਰਹੇਜ ਕਰਨਾ ਚਾਹੀਦਾ ਹੈ। ●